18-Dec-PAGE-1.qxd 12/17/2025 10:20 PM Page 1

ਵੀਰਵਾਰ, 18 ਦਸੰਬਰ, 2025
4 ਪੋਹ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 198

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 18 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 12

# ਆਮ ਆਦਮੀ ਪਾਰਟੀ ਦੀ ਬੱਲੇ-ਬੱਲੇ

## ਅਕਾਲੀਆਂ ਦੀ ਪੁਜ਼ੀਸ਼ਨ 'ਚ ਸੁਧਾਰ, ਭਾਜਪਾ ਦੇ ਨਹੀਂ ਲੱਗੇ ਪੈਰ

**ਚੰਡੀਗੜ੍ਹ** : ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸੰਮਤੀਆਂ ਦੇ ਆਏ ਨਤੀਜਿਆਂ ਅਨੁਸਾਰ ਆਮ ਆਦਮੀ ਪਾਰਟੀ ਦਾ ਦਬਦਬਾ ਬਰਕਰਾਰ ਹੈ, ਹਾਲਾਂ ਕਿ ਵਿਰੋਧੀ ਪਾਰਟੀਆਂ ਖਾਸ ਕਰਕੇ ਕਾਂਗਰਸ ਤੇ ਅਕਾਲੀ ਦਲ ਨੇ ਸਖਤ ਟੱਕਰ ਦਿੱਤੀ ਹੈ। 153 ਪੰਚਾਇਤ ਸੰਮਤੀਆਂ ਦੇ 2838 ਜ਼ੋਨਾਂ ਵਿਚੋਂ 675 ਦੇ ਐਲਾਨੇ ਨਤੀਜਿਆਂ ਅਨੁਸਾਰ ਆਮ ਆਦਮੀ ਪਾਰਟੀ 442 ਜ਼ੋਨਾਂ ਵਿੱਚ ਜੇਤੂ ਰਹੀ, ਜਦ ਕਿ ਕਾਂਗਰਸ ਦੇ 116, ਸ਼੍ਰੋਮਣੀ ਅਕਾਲੀ ਦਲ ਦੇ 64, ਬਸਪਾ ਦੇ 3 ਉਮੀਦਵਾਰ ਸਫਲ ਹੋਏ ਹਨ। ਭਾਰਤੀ ਜਨਤਾ ਪਾਰਟੀ ਹੁਣ ਤੱਕ 5 ਸੀਟਾਂ ਹੀ ਜਿੱਤ ਸਕੀ ਹੈ। 22 ਜ਼ਿਲ੍ਹਾ ਪ੍ਰੀਸ਼ਦਾਂ ਦੇ 347 ਜ਼ੋਨਾਂ ਦੇ ਨਤੀਜੇ ਆਉਣੇ ਅਜੇ ਬਾਕੀ ਹਨ।



**ਮੀਤ ਹੇਅਰ ਦੇ ਪਿੰਡ ਤੋਂ ਅਕਾਲੀ ਦਲ ਜੇਤੂ** : ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੇ ਜੱਦੀ ਪਿੰਡ ਕੁਰੜ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਹੋਈ ਹੈ। ਅਕਾਲੀ ਉਮੀਦਵਾਰ ਜਸਵਿੰਦਰ ਕੌਰ ਨੇ 'ਆਪ' ਉਮੀਦਵਾਰ ਸਵਰਨਜੀਤ ਕੌਰ ਨੂੰ ਹਰਾਇਆ।

**ਰਾਏਕੋਟ 'ਚ ਕਾਂਗਰਸ ਦੀ ਚੜ੍ਹਤ** : ਵਿਧਾਨ ਸਭਾ ਹਲਕਾ ਰਾਏਕੋਟ ਵਿਚ ਬਲਾਕ ਸੰਮਤੀ ਚੋਣਾਂ ਦੇ ਹੁਣ ਤੱਕ ਐਲਾਨੇ ਨਤੀਜਿਆਂ ਵਿੱਚ ਕਾਂਗਰਸ ਦੀ ਚੜ੍ਹਤ ਬਰਕਰਾਰ ਹੈ। ਬਲਾਕ ਸੰਮਤੀ ਜ਼ੋਨ ਗੋਂਦਵਾਲ, ਹਲਵਾਰਾ, ਜਲਾਲਦੀਵਾਲ ਅਤੇ ਝੋਰੜਾਂ ਤੋਂ ਕਾਂਗਰਸ ਉਮੀਦਵਾਰਾਂ ਨੇ ਜਿੱਤ ਦਰਜ ਕੀਤੀ ਹੈ। ਜ਼ੋਨ ਹਲਵਾਰਾ ਤੋਂ ਕਾਂਗਰਸੀ ਉਮੀਦਵਾਰ ਕਿਰਨਜੀਤ ਕੌਰ ਨੂੰ 1192, 'ਆਪ' ਉਮੀਦਵਾਰ ਚਰਨਜੀਤ ਕੌਰ ਨੂੰ 770 ਵੋਟਾਂ ਮਿਲੀਆਂ। ਕਾਂਗਰਸ ਉਮੀਦਵਾਰ ਨੇ 422 ਵੋਟਾਂ ਨਾਲ ਜਿੱਤ ਦਰਜ ਕੀਤੀ। ਜ਼ੋਨ ਗੋਂਦਵਾਲ ਤੋਂ ਕਾਂਗਰਸੀ ਉਮੀਦਵਾਰ ਵਰਿੰਦਰਪਾਲ ਕੌਰ 1403, ਜਦ ਕਿ 'ਆਪ' ਉਮੀਦਵਾਰ ਮਨਦੀਪ ਕੌਰ ਨੂੰ 1114 ਵੋਟਾਂ ਪ੍ਰਾਪਤ ਹੋਈਆਂ। ਕਾਂਗਰਸੀ ਉਮੀਦਵਾਰ ਵਰਿੰਦਰਪਾਲ ਕੌਰ ਨੇ 306 ਵੋਟਾਂ ਨਾਲ ਜਿੱਤ ਦਰਜ ਕੀਤੀ। ਜਲਾਲਦੀਵਾਲ ਜ਼ੋਨ ਤੋਂ ਕਾਂਗਰਸੀ ਉਮੀਦਵਾਰ ਪ੍ਰਿਤਪਾਲ ਕੌਰ ਨੂੰ 2013, ਜਦ ਕਿ 'ਆਪ' ਉਮੀਦਵਾਰ ਮਨਪ੍ਰੀਤ ਕੌਰ ਨੂੰ 1654 ਵੋਟਾਂ ਮਿਲੀਆਂ ਹਨ। ਉੱਧਰ ਜ਼ੋਨ ਝੋਰੜਾਂ ਵਿੱਚ ਕਾਂਗਰਸੀ ਉਮੀਦਵਾਰ ਸਿਮਰਜੀਤ ਕੌਰ 1581, ਅਕਾਲੀ ਦਲ ਦੀ ਉਮੀਦਵਾਰ ਪਰਮਜੀਤ ਕੌਰ 704, ਜਦ ਕਿ 'ਆਪ' ਉਮੀਦਵਾਰ ਅਮਰਜੀਤ ਕੌਰ ਤੀਜੇ ਨੰਬਰ 'ਤੇ ਰਹੀ। ਉਸ ਨੂੰ 547 ਵੋਟਾਂ ਹੀ ਮਿਲੀਆਂ। ਇਸ ਤਰ੍ਹਾਂ ਕਾਂਗਰਸੀ ਉਮੀਦਵਾਰ ਨੇ 877 ਵੋਟਾਂ ਨਾਲ ਜਿੱਤ ਦਰਜ ਕੀਤੀ ਹੈ।

**ਚੰਦੂਮਾਜਰਾ ਧੜੇ ਦੀ ਉਮੀਦਵਾਰ ਜੇਤੂ** : ਪੰਚਾਇਤ ਸੰਮਤੀ ਸਨੌਰ ਦੇ ਅਧੀਨ ਪੈਂਦੇ ਬਲਾਕ ਸੰਮਤੀ ਦੇ ਜ਼ੋਨ ਚੌਰਾ ਤੋਂ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਦੀ ਉਮੀਦਵਾਰ ਬੀਬੀ ਜਸਵਿੰਦਰ ਕੌਰ 145 ਵੋਟਾਂ ਨਾਲ ਜੇਤੂ ਹੋ ਕੇ ਨਿਕਲੀ, ਜਿਸ ਨੂੰ ਪਾਰਟੀ ਦੇ ਆਗੂ ਤੇ ਸਾਬਕਾ ਐੱਮ ਪੀ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਤੇ ਸਾਬਕਾ ਵਿਧਾਇਕ ਹਰਿੰਦਰ ਪਾਲ ਸਿੰਘ ਚੰਦੂਮਾਜਰਾ ਨੇ ਮੁਬਾਰਕਬਾਦ ਦਿੱਤੀ।

**ਅਕਾਲੀ ਉਮੀਦਵਾਰ ਗਗਨਦੀਪ ਕੌਰ ਜੇਤੂ** : ਬਲਾਕ ਸੰਮਤੀ ਸ਼ਹਿਣਾ ਲਈ ਜ਼ੋਨ ਸ਼ਹਿਣਾ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਉਮੀਦਵਾਰ ਗਗਨਦੀਪ ਕੌਰ ਖਾਲਸਾ ਪਤਨੀ ਸਾਬਕਾ ਸਰਪੰਚ ਅੰਮ੍ਰਿਤਪਾਲ ਸਿੰਘ ਖਾਲਸਾ ਜੇਤੂ ਰਹੇ। ਉਹਨਾ ਨੂੰ 1338 ਵੋਟਾਂ ਮਿਲੀਆਂ। ਸ਼ਹਿਣਾ ਹਲਕੇ ਤੋਂ

• ਬਾਕੀ ਸਫਾ 2 'ਤੇ

# ਕਿਡਨੀ ਵੇਚ ਕੇ ਵੀ ਨਹੀਂ ਲੱਥਾ ਕਿਸਾਨ ਦਾ ਕਰਜ਼ਾ





**ਚੰਦਰਪੁਰ** : ਮਹਾਰਾਸ਼ਟਰ ਦੇ ਚੰਦਰਪੁਰ ਜ਼ਿਲ੍ਹੇ ਤੋਂ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜੋ ਮਨੁੱਖਤਾ ਨੂੰ ਸ਼ਰਮਸਾਰ ਕਰਦੀ ਹੈ।ਇੱਕ ਨੌਜਵਾਨ ਕਿਸਾਨ ਨੂੰ ਕਰਜ਼ੇ ਦੇ ਬੋਝ ਅਤੇ ਗੈਰ-ਕਾਨੂੰਨੀ ਸ਼ਾਹੂਕਾਰਾਂ ਤੋਂ ਮਾਨਸਕ ਤਸੀਹੇ ਕਾਰਨ ਆਪਣੀ ਕਿਡਨੀ ਵੇਚਣ ਲਈ ਮਜਬੂਰ ਹੋਣਾ ਪਿਆ।34 ਸਾਲਾ ਕਿਸਾਨ ਰੋਸ਼ਨ ਕੁੰਡੇ ਦੀ ਇਸ ਦਰਦਭਰੀ ਘਟਨਾ ਨੇ ਸਰੀਰ 'ਚ ਕੰਬਣੀ ਛੇੜ ਦਿੱਤੀ ਹੈ। ਮਿੰਟੂਰ ਪਿੰਡ ਦੇ ਵਸਨੀਕ ਰੋਸ਼ਨ ਕੁੰਡੇ ਨੇ ਕੁਝ ਸਾਲ ਪਹਿਲਾਂ ਆਪਣਾ ਡੇਅਰੀ ਦਾ ਕਾਰੋਬਾਰ ਸ਼ੁਰੂ ਕਰਨ ਲਈ ਇੱਕ ਨਿੱਜੀ ਸ਼ਾਹੂਕਾਰ ਤੋਂ 1 ਲੱਖ ਰੁਪਏ ਉਧਾਰ ਲਏ ਸਨ, ਪਰ ਕਿਸਮਤ ਨੇ ਉਸ ਦਾ ਸਾਥ ਨਹੀਂ ਦਿੱਤਾ, ਕਿਉਂਕਿ ਕੋਵਿਡ-19 ਦੀ ਮੰਦੀ ਅਤੇ ਬਾਅਦ ਵਿੱਚ ਲੰਪੀ ਸਕਿਨ ਬਿਮਾਰੀ ਨੇ ਉਸ ਦੀਆਂ ਗਾਵਾਂ ਨੂੰ ਮਾਰ ਦਿੱਤਾ।ਕਾਰੋਬਾਰ ਠੱਪ ਹੋ ਗਿਆ ਅਤੇ ਰੋਸ਼ਨ ਕਰਜ਼ੇ ਦੀਆਂ ਕਿਸ਼ਤਾਂ ਮੋੜ ਨਹੀਂ ਸਕਿਆ।ਸਮੇਂ ਦੇ ਨਾਲ 1 ਲੱਖ ਰੁਪਏ ਦਾ ਕਰਜ਼ਾ 74 ਲੱਖ ਰੁਪਏ ਹੋ ਗਿਆ। ਪਰਵਾਰ ਦਾ ਦੋਸ਼ ਹੈ ਕਿ ਇਹ ਸਭ ਸ਼ਾਹੂਕਾਰਾਂ ਦੇ ਦਬਾਅ ਕਾਰਨ ਹੋਇਆ। ਰੋਸ਼ਨ ਦੇ ਪਿਤਾ ਸ਼ਿਵਦਾਸ ਕੁੰਡੇ ਨੇ ਦਾਅਵਾ ਕੀਤਾ ਕਿ ਸ਼ਾਹੂਕਾਰਾਂ ਨੇ ਯੋਜਨਾ ਬਣਾਈ ਅਤੇ ਉਸ ਦੇ ਪੁੱਤਰ ਨੂੰ ਫਸਾਇਆ।ਉਨ੍ਹਾ 1 ਲੱਖ ਦੀ ਅਸਲ ਰਕਮ 'ਤੇ ਬਹੁਤ ਜ਼ਿਆਦਾ ਵਿਆਜ ਲੈ ਕੇ ਉਸ ਤੋਂ ਲੱਖਾਂ ਰੁਪਏ ਵਸੂਲੇ।ਕਰਜ਼ਾ ਚੁਕਾਉਣ ਲਈ ਕਿਸਾਨ ਨੇ ਦੋ ਏਕੜ ਜ਼ਮੀਨ, ਇੱਕ ਟਰੈਕਟਰ, ਵਾਹਨ, ਘਰੇਲੂ ਸਮਾਨ ਅਤੇ ਇੱਥੋਂ ਤੱਕ ਕਿ ਸੋਨਾ ਵੀ ਵੇਚ ਦਿੱਤਾ, ਪਰ ਕਰਜ਼ਾ ਨਹੀਂ ਚੁਕਾਇਆ ਗਿਆ। ਮੁਲਜ਼ਮਾਂ ਨੇ ਪੈਸੇ ਵਾਪਸ ਕਰਨ ਲਈ ਉਸ ਨੂੰ ਆਪਣੀ ਕਿਡਨੀ ਵੇਚਣ ਲਈ ਮਜਬੂਰ ਕਰ ਦਿੱਤਾ।

ਸ਼ਿਵਦਾਸ ਕੁੰਡੇ ਅਨੁਸਾਰ ਕੋਵਿੰਡ-19 ਮਹਾਂਮਾਰੀ ਦੌਰਾਨ ਉਸ ਦੇ ਪੁੱਤਰ ਦਾ ਦੁੱਧ ਦਾ ਕਾਰੋਬਾਰ ਪੂਰੀ ਤਰ੍ਹਾਂ ਬਰਬਾਦ ਹੋ ਗਿਆ ਸੀ।ਇਸ ਦੌਰਾਨ ਪਸ਼ੂਆਂ ਵਿੱਚ ਲੰਪੀ ਬਿਮਾਰੀ ਫੈਲਣ ਕਾਰਨ ਸਥਿਤੀ ਹੋਰ ਵੀ ਵਿਗੜ ਗਈ। ਰੋਸ਼ਨ ਲਗਾਤਾਰ ਧਮਕੀਆਂ, ਕੁੱਟਮਾਰ ਅਤੇ ਪ੍ਰੇਸ਼ਾਨੀ ਤੋਂ ਥੱਕ ਗਿਆ ਸੀ।ਦੋਸ਼ ਹੈ ਕਿ 34 ਸਾਲਾ ਰੋਸ਼ਨ 'ਤੇ ਸ਼ਾਹੂਕਾਰਾਂ ਨੇ ਦਬਾਅ ਪਾਇਆ ਕਿ ਉਹ ਆਪਣੀ ਕਿਡਨੀ ਵੇਚ ਕੇ ਕਰਜ਼ਾ ਚੁਕਾ ਸਕਦਾ ਹੈ। ਇਸ ਬਾਰੇ ਕਿਸਾਨ ਨੇ ਦੱਸਿਆ ਕਿ ਇੱਕ ਏਜੰਟ ਪਹਿਲਾਂ ਉਸ ਨੂੰ ਕੋਲਕਾਤਾ ਲੈ ਗਿਆ, ਜਿੱਥੇ ਉਸ ਦਾ ਡਾਕਟਰੀ ਮੁਆਇਨਾ ਹੋਇਆ।ਫਿਰ ਕੰਬੋਡੀਆ ਵਿੱਚ ਉਸ ਦੀ ਕਿਡਨੀ ਕੱਢਣ ਲਈ ਉਸ ਦੀ ਸਰਜਰੀ ਹੋਈ।ਕਿਸਾਨ ਦਾ ਕਹਿਣਾ ਹੈ ਕਿ ਉਸ ਨੇ ਆਪਣੀ ਕਿਡਨੀ ਅੱਠ ਲੱਖ ਰੁਪਏ ਵਿੱਚ ਵੇਚ ਦਿੱਤੀ।ਜਿਵੇਂ ਹੀ ਮਾਮਲਾ ਵਧਦਾ ਗਿਆ, ਪ੍ਰਸ਼ਾਸਨ ਹਰਕਤ ਵਿੱਚ ਆ ਗਿਆ। ਚੰਦਰਪੁਰ ਦੇ ਪੁਲਸ ਸੁਪਰਡੈਂਟ ਸੁਦਰਸ਼ਨ ਮੁਮੱਕਾ ਨੇ ਦੱਸਿਆ ਕਿ ਛੇ ਮੁਲਜ਼ਮਾਂ ਵਿਰੁੱਧ ਗੈਰ-ਕਾਨੂੰਨੀ ਪੈਸੇ ਉਧਾਰ, ਜਬਰੀ ਵਸੂਲੀ, ਹਮਲਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਹੁਣ ਤੱਕ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।ਪੀੜਤ ਕਿਸਾਨ ਦੀ ਡਾਕਟਰੀ ਜਾਂਚ ਕਰਵਾਈ ਜਾ ਰਹੀ ਹੈ। ਬੈਂਕ ਲੈਣ-ਦੇਣ ਤੋਂ ਮੁਲਜ਼ਮਾਂ ਦੇ ਖਾਤਿਆਂ ਵਿੱਚ ਨਿਯਮਤ ਤੌਰ 'ਤੇ ਪੈਸੇ ਆਉਣ ਦੇ ਸਬੂਤ ਸਾਹਮਣੇ ਆਏ ਹਨ। ਜੇਕਰ ਕਿਡਨੀ ਦੀ ਵਿਕਰੀ ਦੀ ਪੁਸ਼ਟੀ ਹੁੰਦੀ ਹੈ ਤਾਂ ਮਨੁੱਖੀ ਅੰਗਾਂ ਦੀ ਤਸਕਰੀ ਕਾਨੂੰਨ ਦੀਆਂ ਧਾਰਾਵਾਂ ਤਹਿਤ ਇੱਕ ਵੱਖਰੀ ਜਾਂਚ ਕੀਤੀ ਜਾਵੇਗੀ।

ਮਹਾਰਾਸ਼ਟਰ ਦੇ ਮੰਤਰੀ ਚੰਦਰਸ਼ੇਖਰ ਬਾਵਨਕੁਲੇ ਨੇ ਇਸ ਘਟਨਾ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ।ਉਨ੍ਹਾ ਕਿਹਾ—ਇਹ ਬਹੁਤ ਗੰਭੀਰ ਮਾਮਲਾ ਹੈ।ਕਿਸੇ ਕਿਸਾਨ ਨੂੰ ਕਰਜ਼ਾ ਚੁਕਾਉਣ ਲਈ ਆਪਣੇ ਅੰਗ ਵੇਚਣ ਲਈ ਮਜਬੂਰ ਕਰਨਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਅਸੀਂ ਮਾਮਲੇ ਦੀ ਵਿਸਥਾਰ ਨਾਲ ਜਾਂਚ ਕਰ ਰਹੇ ਹਾਂ ਅਤੇ ਜ਼ਿੰਮੇਵਾਰ ਲੋਕਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਯਕੀਨੀ ਬਣਾਵਾਂਗੇ।

# ਲੋਕਾਂ 'ਆਪ' ਸਰਕਾਰ ਦੇ ਸ਼ਾਸਨ ਦੇ ਏਜੰਡੇ 'ਤੇ ਲਾਈ ਮੋਹਰ : ਅਮਨ ਅਰੋੜਾ

**ਚੰਡੀਗੜ੍ਹ, (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**

ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਪਾਰਟੀ ਨੂੰ ਵੱਡਾ ਫਤਵਾ ਦੇਣ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾ ਇਸ ਨਤੀਜੇ ਨੂੰ 'ਆਪ' ਸਰਕਾਰ ਦੇ ਸ਼ਾਸਨ ਅਤੇ ਲੋਕ-ਪੱਖੀ ਨੀਤੀਆਂ ਦਾ ਸਪੱਸ਼ਟ ਸਮਰਥਨ ਦੱਸਿਆ।ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਰੋੜਾ ਨੇ ਕਿਹਾ ਕਿ ਜਿਸ ਤਰ੍ਹਾਂ ਨਤੀਜੇ ਲਗਾਤਾਰ ਆ ਰਹੇ ਹਨ, ਉਸ ਮੁਤਾਬਕ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਇੱਕਪਾਸੜ ਫਤਵਾ ਸਪੱਸ਼ਟ ਰੂਪ ਵਿੱਚ ਦਿਖਾਈ ਦੇ ਰਿਹਾ ਹੈ। ਉਨ੍ਹਾ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਪਾਰਟੀ ਆਗੂਆਂ, ਵਿਧਾਇਕਾਂ, ਉਮੀਦਵਾਰਾਂ ਅਤੇ ਖਾਸ ਕਰਕੇ ਸਮਰਪਤ ਵਲੰਟੀਅਰਾਂ ਨੂੰ ਵਧਾਈ ਦਿੱਤੀ।



ਉਨ੍ਹਾ ਕਿਹਾ ਕਿ ਇਹ ਜਿੱਤ 'ਆਪ' ਸਰਕਾਰ ਦੀ ਪਿਛਲੇ ਕੁਝ ਸਾਲਾਂ ਦੀ ਕਾਰਗੁਜ਼ਾਰੀ ਅਤੇ ਜ਼ਮੀਨੀ ਪੱਧਰ 'ਤੇ ਵਲੰਟੀਅਰਾਂ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ।ਉਹਨਾ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਪੰਜਾਬ ਭਰ ਦੇ ਕੁੱਲ 354 ਜ਼ੋਨਾਂ ਵਿੱਚੋਂ, ਇਸ ਕਾਨਫਰੰਸ ਕਰਨ ਦੌਰਾਨ 71 ਜ਼ੋਨਾਂ ਦੇ ਨਤੀਜੇ ਐਲਾਨੇ ਗਏ ਸਨ ਅਤੇ 'ਆਪ' ਨੇ 60 ਜ਼ੋਨਾਂ ਵਿੱਚ ਜਿੱਤ ਦਰਜ ਕੀਤੀ ਹੈ, ਜੋ ਕਿ ਭਾਰੀ ਬਹੁਮਤ ਨੂੰ ਦਰਸਾਉਂਦੀ ਹੈ, ਜਦਕਿ ਕਾਂਗਰਸ ਨੇ 7 ਜ਼ੋਨ ਜਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਨੇ 1 ਜ਼ੋਨ, ਆਜ਼ਾਦ ਉਮੀਦਵਾਰਾਂ ਨੇ 2 ਅਤੇ ਭਾਜਪਾ ਨੇ 1 ਜ਼ੋਨ ਵਿੱਚ ਜਿੱਤ ਹਾਸਲ ਕੀਤੀ ਹੈ। ਅਰੋੜਾ ਨੇ ਕਿਹਾ ਕਿ ਐਲਾਨੇ ਗਏ ਜ਼ਿਲ੍ਹਾ ਪ੍ਰੀਸ਼ਦ ਦੇ ਲਗਭਗ 85 ਫੀਸਦੀ ਨਤੀਜੇ 'ਆਪ' ਦੇ ਹੱਕ ਵਿੱਚ ਆਏ ਹਨ। ਬਲਾਕ ਸੰਮਤੀ ਚੋਣਾਂ ਵਿੱਚ ਪੰਜਾਬ ਭਰ ਦੇ ਕੁੱਲ 2,863 ਬਲਾਕਾਂ ਵਿੱਚੋਂ ਪ੍ਰੈੱਸ ਕਾਨਫਰੰਸ ਤੱਕ 1275 ਬਲਾਕਾਂ ਦੇ ਨਤੀਜੇ ਘੋਸ਼ਿਤ ਕੀਤੇ ਗਏ ਸਨ। 'ਆਪ' ਨੇ 867 ਬਲਾਕਾਂ ਵਿੱਚ ਜਿੱਤ ਹਾਸਲ ਕੀਤੀ ਹੈ, ਜੋ ਕਿ ਐਲਾਨੇ ਗਏ ਨਤੀਜਿਆਂ ਦਾ ਲਗਭਗ 68 ਫੀਸਦੀ ਹੈ, ਕਾਂਗਰਸ ਨੇ 216 ਬਲਾਕ, ਸ਼੍ਰੋਮਣੀ ਅਕਾਲੀ ਦਲ ਨੇ 129, ਆਜ਼ਾਦ ਉਮੀਦਵਾਰਾਂ ਨੇ 63 ਅਤੇ ਭਾਜਪਾ ਨੇ 20 ਬਲਾਕਾਂ ਵਿੱਚ ਜਿੱਤ ਦਰਜ ਕੀਤੀ ਹੈ। ਇਸ ਨੂੰ 'ਆਪ' ਦੀ ਇੱਕਪਾਸੜ ਜਿੱਤ ਕਰਾਰ ਦਿੰਦਿਆਂ ਅਮਨ ਅਰੋੜਾ ਨੇ ਕਿਹਾ ਕਿ ਹਾਲਾਂਕਿ ਬੈਲਟ ਪੇਪਰਾਂ ਰਾਹੀਂ ਗਿਣਤੀ ਇੱਕ ਹੌਲੀ ਪ੍ਰਕਿਰਿਆ ਹੈ, ਪਰ ਰੁਝਾਨ ਸਪੱਸ਼ਟ ਤੌਰ 'ਤੇ ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਵੱਲ ਪੰਜਾਬ ਦੇ ਝੁਕਾਅ ਨੂੰ ਦਰਸਾਉਂਦੇ ਹਨ।

## ਵੰਦੇ ਭਾਰਤ ਬਰਨਾਲਾ ਰੁਕੇਗੀ

**ਨਵੀਂ ਦਿੱਲੀ** : ਪੰਜਾਬ ਦੇ ਬਰਨਾਲਾ, ਮਾਨਸਾ, ਮਲੇਰਕੋਟਲਾ ਅਤੇ ਸੰਗਰੂਰ ਜ਼ਿਲ੍ਹਿਆਂ ਲਈ ਚੰਗੀ ਖਬਰ ਹੈ ਕਿ ਕੇਂਦਰ ਸਰਕਾਰ ਨੇ ਬੁੱਧਵਾਰ ਫਿਰੋਜ਼ਪੁਰ-ਦਿੱਲੀ ਵੰਦੇ ਭਾਰਤ ਰੇਲ ਦੇ ਬਰਨਾਲਾ ਵਿਖੇ ਸਟਾਪੇਜ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਬਰਨਾਲਾ ਵਿੱਚ ਰੇਲ ਗੱਡੀ ਦੇ ਠਹਿਰਾਅ ਦੀ ਮੰਗ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਉਠਾਈ ਗਈ ਸੀ।

## ਫਤਿਹਾਬਾਦ ਦੇ ਕਾਰੋਬਾਰੀ ਦੇ ਘਰ 'ਤੇ ਗੋਲੀਬਾਰੀ

**ਸ੍ਰੀ ਗੋਇੰਦਵਾਲ ਸਾਹਿਬ** : ਕਸਬਾ ਫਤਿਆਬਾਦ ਵਿੱਚ ਪੋਲਟਰੀ ਫਾਰਮ ਤੇ ਫੀਡ ਸਟੋਰ ਦਾ ਕਾਰੋਬਾਰ ਕਰਦੇ ਬੀਰਇੰਦਰਪਾਲ ਸਿੰਘ ਪੁੱਤਰ ਮਨਿੰਦਰ ਸਿੰਘ ਦੇ ਘਰ 'ਤੇ ਮੰਗਲਵਾਰ ਦੇਰ ਰਾਤ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ। 6 ਦਸੰਬਰ ਨੂੰ ਉਸ ਦੇ ਫੋਨ ਨੰਬਰ 'ਤੇ ਕਿਸੇ ਅਣਪਛਾਤੇ ਨੇ 50 ਲੱਖ ਰੁਪਏ ਦੀ ਫਿਰੌਤੀ ਮੰਗਦਿਆਂ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਸੀ। ਉਸ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ।

## ਟੋਲ ਪਲਾਜ਼ੇ ਤੋਂ 80 ਦੀ ਸਪੀਡ ਨਾਲ ਲੰਘਣਗੀਆਂ ਗੱਡੀਆਂ !

**ਨਵੀਂ ਦਿੱਲੀ** : ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਬੁੱਧਵਾਰ ਰਾਜ ਸਭਾ ਵਿੱਚ ਦੱਸਿਆ ਕਿ ਮਲਟੀ-ਲੇਨ ਫਰੀ ਫਲੋ (ਐੱਮ-ਐੱਲ ਐੱਫ ਐੱਫ) ਟੋਲ ਪ੍ਰਣਾਲੀ ਅਤੇ ਏ ਆਈ-ਅਧਾਰਤ ਹਾਈਵੇਅ ਪ੍ਰਬੰਧਨ ਦਾ ਕੰਮ 2026 ਦੇ ਅੰਤ ਤੱਕ ਦੇਸ਼-ਭਰ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾ ਕਿਹਾ ਕਿ ਇਹ ਨਵੀਂ ਤਕਨੀਕ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) 'ਤੇ ਅਧਾਰਤ ਹੋਵੇਗੀ, ਜਿਸ ਨਾਲ 1,500 ਕਰੋੜ ਰੁਪਏ ਦੇ ਤੇਲ ਦੀ ਬੱਚਤ ਹੋਵੇਗੀ ਅਤੇ ਸਰਕਾਰੀ ਮਾਲੀਏ ਵਿੱਚ 6,000 ਕਰੋੜ ਰੁਪਏ ਦਾ ਵਾਧਾ ਹੋਵੇਗਾ। ਗਡਕਰੀ ਨੇ ਕਿਹਾ ਕਿ ਪਹਿਲਾਂ ਟੋਲ ਭਰਨ ਲਈ 3 ਤੋਂ 10 ਮਿੰਟ ਲੱਗਦੇ ਸਨ, ਫਿਰ ਫਾਸਟੈਗ ਕਾਰਨ ਇਹ ਸਮਾਂ ਘਟ ਕੇ 60 ਸੈਕਿੰਡ ਜਾਂ ਉਸ ਤੋਂ ਵੀ ਘੱਟ ਰਹਿ ਗਿਆ, ਹੁਣ ਫਾਸਟੈਗ ਦੀ ਥਾਂ ਐੱਮ-ਐੱਲ ਐੱਫ ਐੱਫ ਆਉਣ ਤੋਂ ਬਾਅਦ ਕਾਰਾਂ 80 ਕਿੱਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਟੋਲ ਪਾਰ ਕਰ ਸਕਣਗੀਆਂ ਅਤੇ ਕਿਸੇ ਨੂੰ ਵੀ ਰੋਕਿਆ ਨਹੀਂ ਜਾਵੇਗਾ। ਉਨ੍ਹਾ ਅੱਗੇ ਕਿਹਾ ਕਿ ਕੋਸ਼ਿਸ਼ ਉਡੀਕ ਸਮੇਂ ਨੂੰ ਜ਼ੀਰੋ ਮਿੰਟ ਕਰਨ ਦੀ ਹੈ, ਜਿਸ ਵਿੱਚ ਸੈਟੇਲਾਈਟ, ਏ ਆਈ ਅਤੇ ਫਾਸਟੈਗ ਰਾਹੀਂ ਨੰਬਰ ਪਲੇਟ ਦੀ ਪਛਾਣ ਕੀਤੀ ਜਾਵੇਗੀ। ਇਹ ਕੰਮ ਪੂਰਾ ਹੋ ਜਾਣ 'ਤੇ ਟੋਲ ਚੋਰੀ ਖਤਮ ਹੋ ਜਾਵੇਗੀ ਅਤੇ ਟੋਲ ਪਲਾਜ਼ਿਆਂ 'ਤੇ ਰੁਕਣ ਦੀ ਕੋਈ ਲੋੜ ਨਹੀਂ ਪਵੇਗੀ।

# ਕਾਂਗਰਸ ਵੱਲੋਂ ਸੰਸਦ ਕੰਪਲੈਕਸ 'ਚ ਮੁਜ਼ਾਹਰਾ




**ਨਵੀਂ ਦਿੱਲੀ** : ਕਾਂਗਰਸ ਦੇ ਸੰਸਦ ਮੈਂਬਰਾਂ ਨੇ ਬੁੱਧਵਾਰ ਸੰਸਦ ਭਵਨ ਕੰਪਲੈਕਸ ਵਿੱਚ ਕੇਂਦਰ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ। ਇਹ ਰੋਸ ਪ੍ਰਦਰਸ਼ਨ ਨੈਸ਼ਨਲ ਹੇਰਾਲਡ ਕੇਸ ਵਿੱਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੂੰ ਅਦਾਲਤ ਤੋਂ ਮਿਲੀ ਰਾਹਤ ਤੋਂ ਬਾਅਦ ਈ ਡੀ ਦੀ ਦੁਰਵਰਤੋਂ ਨੂੰ ਲੈ ਕੇ ਕੀਤਾ ਗਿਆ। ਪਾਰਟੀ ਦੇ ਸੰਸਦ ਮੈਂਬਰਾਂ ਨੇ ਜ਼ੋਰ ਦੇ ਕੇ ਕਿਹਾ ਕਿ ਸੱਚ ਦੀ ਜਿੱਤ ਹੋਈ ਹੈ, ਕਿਉਂਕਿ ਦਿੱਲੀ ਦੀ ਇੱਕ ਅਦਾਲਤ ਨੇ ਇਸ ਮਾਮਲੇ ਵਿੱਚ ਦੋਵਾਂ ਪਾਰਟੀ ਆਗੂਆਂ ਵਿਰੁੱਧ ਜਾਂਚ ਏਜੰਸੀ ਦੇ ਮਨੀ ਲਾਂਡਰਿੰਗ ਦੇ ਦੋਸ਼ਾਂ ਦਾ ਨੋਟਿਸ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਸੰਸਦ ਦੇ ਮਕਰ ਦੁਆਰ ਦੀਆਂ ਪੌੜੀਆਂ ਦੇ ਸਾਹਮਣੇ ਸੰਸਦ ਮੈਂਬਰਾਂ ਨੇ 'ਸੱਤਯਮੇਵ ਜੈਯਤੇ' ਦੇ ਬੈਨਰ ਫੜ ਕੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਨਰਿੰਦਰ ਮੋਦੀ ਸਰਕਾਰ ਤੋਂ ਮੁਆਫੀ ਦੀ ਮੰਗ ਕੀਤੀ। ਇਸ ਪ੍ਰਦਰਸ਼ਨ ਵਿੱਚ ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ, ਮੁਕੁਲ ਵਾਸਨਿਕ, ਸ਼ਸ਼ੀ ਥਰੂਰ, ਤਾਰਿਕ ਅਨਵਰ, ਕੁਮਾਰੀ ਸ਼ੈਲਜਾ, ਕੇ ਸੁਰੇਸ਼ ਅਤੇ ਮਾਨਿਕਮ ਟੈਗੋਰ ਸਮੇਤ ਕਈ ਹੋਰ ਆਗੂ ਸ਼ਾਮਲ ਹੋਏ। ਇਸ ਤੋਂ ਪਹਿਲਾਂ ਕਾਂਗਰਸ ਨੇ ਅਦਾਲਤੀ ਰਾਹਤ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫੇ ਦੀ ਮੰਗ ਵੀ ਕੀਤੀ। ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਹ ਸੰਸਦ ਦੇ ਅੰਦਰ ਅਤੇ ਬਾਹਰ ਲੜਾਈ ਜਾਰੀ ਰੱਖਣਗੇ। ਜ਼ਿਕਰਯੋਗ ਹੈ ਕਿ ਮੰਗਲਵਾਰ ਦਿੱਲੀ ਦੀ ਅਦਾਲਤ ਨੇ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪੰਜ ਹੋਰਾਂ ਨੂੰ ਰਾਹਤ ਦਿੰਦਿਆਂ ਈ ਡੀ ਦੇ ਮਨੀ ਲਾਂਡਰਿੰਗ ਦੇ ਦੋਸ਼ਾਂ 'ਤੇ ਵਿਚਾਰ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ, ਕਿਉਂਕਿ ਏਜੰਸੀ ਦੀ ਜਾਂਚ ਕਿਸੇ ਐੱਫ ਆਈ ਆਰ ਦੀ ਬਜਾਏ ਇੱਕ ਨਿੱਜੀ ਸ਼ਿਕਾਇਤ 'ਤੇ ਅਧਾਰਤ ਸੀ।

# 'ਅਪ੍ਰੇਸ਼ਨ ਸਿੰਧੂਰ' ਦੇ ਪਹਿਲੇ ਦਿਨ ਭਾਰਤ ਮਾਤ ਖਾ ਗਿਆ ਸੀ : ਚਵਾਨ



**ਪੁਣੇ** : ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਤੇ ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਫਤਰ ਵਿੱਚ ਮੰਤਰੀ ਰਹਿ ਚੁੱਕੇ ਪ੍ਰਿਥਵੀ ਰਾਜ ਚਵਾਨ ਨੇ ਕਿਹਾ ਕਿ ਲੋਕ ਮੰਨਣ ਜਾਂ ਨਾ ਮੰਨਣ, ਪਰ ਅਪ੍ਰੇਸ਼ਨ ਸਿੰਧੂਰ ਦੇ ਪਹਿਲੇ ਦਿਨ 7 ਮਈ ਨੂੰ ਅੱਧੇ ਘੰਟੇ ਦੀ ਹਵਾਈ ਲੜਾਈ ਵਿੱਚ ਭਾਰਤ ਪਾਕਿਸਤਾਨ ਹੱਥੋਂ ਇੱਕ ਤਰ੍ਹਾਂ ਨਾਲ ਮਾਤ ਖਾ ਗਿਆ ਸੀ। ਉਨ੍ਹਾ ਦਾਅਵਾ ਕੀਤਾ ਕਿ ਚਾਰ ਦਿਨਾਂ ਦੀ ਲੜਾਈ ਵਿੱਚ ਭਾਰਤੀ ਜਹਾਜ਼ ਡੁੱਬੇ ਗਏ। ਉਨ੍ਹਾ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਡੁੱਬੇ ਜਾਣ ਦੇ ਡਰੋਂ ਹਵਾਈ ਸੈਨਾ ਨੇ ਜਹਾਜ਼ ਨਹੀਂ ਉਡਾਏ। ਜੇ ਗਵਾਲੀਅਰ, ਬਠਿੰਡਾ ਜਾਂ ਸਿਰਸਾ ਤੋਂ ਕੋਈ ਜਹਾਜ਼ ਉੱਡਿਆ ਵੀ ਤਾਂ ਉਸ ਦੇ ਡੁੱਬੇ ਜਾਣ ਦਾ ਕਾਫੀ ਡਰ ਰਿਹਾ। ਚਵਾਨ ਨੇ ਥਲ ਸੈਨਾ ਰੱਖਣ ਦੀ ਲੋੜ 'ਤੇ ਵੀ ਸਵਾਲ ਉਠਾਇਆ। ਉਨ੍ਹਾ ਕਿਹਾ ਕਿ 'ਅਪ੍ਰੇਸ਼ਨ ਸਿੰਧੂਰ' ਦੌਰਾਨ ਥਲ ਸੈਨਾ ਨੇ ਇੱਕ ਕਿੱਲੋਮੀਟਰ ਦੀ ਵੀ ਨਕਲੋ-ਹਰਕਤ ਨਹੀਂ ਕੀਤੀ। ਦੋ ਜਾਂ ਤਿੰਨ ਦਿਨ ਹਵਾਈ ਜਹਾਜ਼ਾਂ ਤੇ ਮਿਜ਼ਾਈਲਾਂ ਨਾਲ ਹੀ ਲੜਾਈ ਹੋਈ। ਉਨ੍ਹਾ ਕਿਹਾ ਕਿ ਅਗਲੀਆਂ ਲੜਾਈਆਂ ਹਵਾਈ ਹੀ ਹੋਣਗੀਆਂ ਅਤੇ ਸੋਚਣਾ ਪੈਣਾ ਕਿ 12 ਲੱਖ ਦੀ ਥਲ ਸੈਨਾ ਰੱਖਣ ਦੀ ਲੋੜ ਹੈ ਕਿ ਨਹੀਂ। ਭਾਜਪਾ ਦੇ ਬੁਲਾਰੇ ਸ਼ਹਿਜ਼ਾਦ ਪੂਨਾਵਾਲਾ ਨੇ ਕਿਹਾ ਕਿ ਕਾਂਗਰਸ ਭਾਰਤੀ ਸੈਨਾ ਨਾਲ ਨਫਰਤ ਕਰਦੀ ਹੈ।

# ਪਾਕਿਸਤਾਨੀ ਝੰਡੇ ਵਾਲੇ ਗੁਬਾਰੇ ਬੁਝਾਰਤ ਬਣੇ

**ਸ਼ਿਮਲਾ** : ਹਿਮਾਚਲ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪਿਛਲੇ ਕੁਝ ਹਫਤਿਆਂ ਦੌਰਾਨ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ ਦੇ ਲੋਗੋ ਅਤੇ ਪਾਕਿਸਤਾਨੀ ਝੰਡੇ ਵਾਲੇ ਹਵਾਈ ਜਹਾਜ਼ ਦੀ ਸ਼ਕਲ ਦੇ ਕਈ ਗੁਬਾਰੇ ਮਿਲਣ ਤੋਂ ਬਾਅਦ ਪੁਲਸ ਹਰਕਤ ਵਿੱਚ ਆ ਗਈ ਹੈ। ਪੁਲਸ ਨੇ ਇਨ੍ਹਾਂ ਗੁਬਾਰਿਆਂ ਦੇ ਸਰੋਤ ਦਾ ਪਤਾ ਲਗਾਉਣ ਲਈ ਪੰਜਾਬ ਅਤੇ ਰਾਜਸਥਾਨ ਦੀ ਪੁਲਸ ਨਾਲ ਸੰਪਰਕ ਕੀਤਾ ਹੈ। ਭਾਰਤੀ ਹਵਾਈ ਸੈਨਾ ਦੇ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਹੈ। ਹੁਣ ਤੱਕ ਇਨ੍ਹਾਂ ਗੁਬਾਰਿਆਂ ਦੇ ਅੰਦਰੋਂ ਕੋਈ ਵੀ ਸ਼ੱਕੀ ਉਪਕਰਣ ਜਿਵੇਂ ਕਿ ਨਿਗਰਾਨੀ ਯੰਤਰ, ਟਰੈਕਰ ਜਾਂ ਕੋਈ ਖਤਰਨਾਕ ਸਮੱਗਰੀ ਬਰਾਮਦ ਨਹੀਂ ਹੋਈ ਹੈ। ਦੌਲਤਪੁਰ ਪੁਲਸ ਚੌਕੀ ਦੇ ਅਧੀਨ ਪੈਂਦੇ ਪਿੰਡ ਚਲੇਟ ਦੇ ਲੋਕ ਚਿੰਤਾ ਵਿੱਚ ਪੈ ਗਏ ਜਦੋਂ ਇੱਕ ਘਰ ਦੀ ਛੱਤ 'ਤੇ ਗੁਬਾਰਾ ਮਿਲਿਆ। 8 ਦਸੰਬਰ ਨੂੰ ਗਗਰੇਟ ਦੇ ਪਿੰਡ ਤਟੇਹੜਾ ਵਿੱਚ ਵੀ ਤਿੰਨ ਗੁਬਾਰੇ ਮਿਲੇ ਸਨ,




ਜਿਨ੍ਹਾਂ 'ਤੇ ਪਾਕਿਸਤਾਨੀ ਝੰਡਾ ਅਤੇ ਆਈ ਲਵ ਪਾਕਿਸਤਾਨ ਲਿਖਿਆ ਹੋਇਆ ਸੀ। ਪਿਛਲੇ ਕੁਝ ਮਹੀਨਿਆਂ ਵਿੱਚ ਹਮੀਰਪੁਰ ਅਤੇ ਕਾਂਗੜਾ ਜ਼ਿਲ੍ਹਿਆਂ ਵਿੱਚ ਵੀ ਅਜਿਹੇ ਗੁਬਾਰੇ ਦੇਖੇ ਗਏ ਹਨ।

# ਬਲਾਚੌਰੀਆ ਕਾਂਡ 'ਚ ਸ਼ੱਕੀ ਹਲਾਕ

**ਚੰਡੀਗੜ੍ਹ** : ਮੁਹਾਲੀ ਵਿੱਚ ਇੱਕ 30 ਸਾਲਾ ਕਬੱਡੀ ਖਿਡਾਰੀ ਅਤੇ ਪ੍ਰਮੋਟਰ ਕੰਵਰ ਦਿਗਵਿਜੇ ਸਿੰਘ ਉਰਫ਼ ਰਾਣਾ ਬਲਾਚੌਰੀਆ ਦੇ ਕਤਲ ਦੇ ਮਾਮਲੇ 'ਚ ਇੱਕ ਸ਼ੱਕੀ ਨੂੰ ਬੁੱਧਵਾਰ ਪੁਲਸ ਮੁਕਾਬਲੇ ਦੌਰਾਨ ਗੋਲੀ ਮਾਰ ਦਿੱਤੀ ਗਈ, ਜਿਸ ਦੀ ਬਾਅਦ ਵਿੱਚ ਮੌਤ ਹੋ ਗਈ। ਪੁਲਸ ਅਨੁਸਾਰ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਨੌਸ਼ਹਿਰਾ ਪੰਨੂਆਂ ਦਾ ਰਹਿਣ ਵਾਲਾ ਹਰਪਿੰਦਰ ਉਰਫ਼ ਮਿੱਡੂ ਪੁਲਸ ਨਾਲ ਹੋਏ ਮੁਕਾਬਲੇ ਦੌਰਾਨ ਜ਼ਖ਼ਮੀ ਹੋ ਗਿਆ ਸੀ। ਹਸਪਤਾਲ ਵਿੱਚ ਇਲਾਜ ਦੌਰਾਨ ਉਸ ਨੇ ਦਮ ਤੋੜ ਦਿੱਤਾ। ਇਸ ਕਾਰਵਾਈ ਵਿੱਚ ਦੋ ਪੁਲਸ ਮੁਲਾਜ਼ਮ ਵੀ ਜ਼ਖ਼ਮੀ ਹੋਏ ਹਨ, ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

ਰਾਣਾ ਬਲਾਚੌਰੀਆ 'ਤੇ ਬੀਤੇ ਸੋਮਵਾਰ ਮੁਹਾਲੀ ਵਿੱਚ ਉਸ ਸਮੇਂ ਹਮਲਾ ਹੋਇਆ ਸੀ, ਜਦੋਂ ਉਹ ਇੱਕ ਨਿੱਜੀ ਟੂਰਨਾਮੈਂਟ ਵਿੱਚ ਹਿੱਸਾ ਲੈਣ ਪਹੁੰਚੇ ਸਨ। ਇਸ ਦੌਰਾਨ ਰਾਣਾ ਬਲਾਚੌਰੀਆ ਕਤਲ ਕਾਂਡ ਨੂੰ ਅੰਜਾਮ ਦੇਣ ਵਾਲੇ ਮਾਸਟਰ ਮਾਈਂਡ ਅਸ਼ਵਿੰਦਰ ਸਿੰਘ ਨਾਂਅ ਦੇ ਵਿਅਕਤੀ ਨੂੰ ਦਿੱਲੀ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਅਸ਼ਵਿੰਦਰ ਤਰਨ ਤਾਰਨ ਦਾ ਰਹਿਣ ਵਾਲਾ ਹੈ ।

# ਧੁੰਦਾਂ ਪੈਣ ਲੱਗੀਆਂ



ਜਲੰਧਰ 'ਚ ਸਕੂਲ ਜਾਂਦੀਆਂ ਵਿਦਿਆਰਥਣਾਂ।

**ਚੰਡੀਗੜ੍ਹ** : ਰਾਜਧਾਨੀ, ਮੁਹਾਲੀ, ਅੰਮ੍ਰਿਤਸਰ ਸਣੇ ਪੰਜਾਬ ਦੇ ਕਈ ਹਿੱਸਿਆਂ ਤੇ ਪੰਚਕੂਲਾ ਵਿੱਚ ਹਲਕੀ ਧੁੰਦ ਪੈਣ ਦੀਆਂ ਰਿਪੋਰਟਾਂ ਹਨ। ਜਲੰਧਰ ਅਤੇ ਲੁਧਿਆਣਾ ਵਿੱਚ ਬੁੱਧਵਾਰ ਸਵੇਰੇ ਸੀਜ਼ਨ ਦੀ ਪਹਿਲੀ ਸੰਘਣੀ ਧੁੰਦ ਪਈ। ਮੌਸਮ ਵਿਭਾਗ ਮੁਤਾਬਕ 20 ਦਸੰਬਰ ਨੂੰ ਮੀਂਹ ਪੈਣ ਦੀ ਸੰਭਾਵਨਾ ਹੈ। ਯਾਤਰੀਆਂ ਨੂੰ ਬੇਲੋੜੀ ਯਾਤਰਾ ਤੋਂ ਬਚਣ ਅਤੇ ਸੜਕ ਸੁਰੱਖਿਆ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨ ਦੀ ਸਲਾਹ ਦਿੱਤੀ ਗਈ ਹੈ।

ਪਹਾੜਾਂ ਤੋਂ ਚੱਲ ਰਹੀਆਂ ਠੰਢੀਆਂ ਹਵਾਵਾਂ ਕਾਰਨ ਪੰਜਾਬ ਅਤੇ ਚੰਡੀਗੜ੍ਹ ਵਿੱਚ ਤਾਪਮਾਨ ਵਿੱਚ ਗਿਰਾਵਟ ਆਈ ਹੈ। ਰਾਤ ਦਾ ਤਾਪਮਾਨ 0.1 ਡਿਗਰੀ ਸੈਲਸੀਅਸ ਘਟਿਆ ਹੈ, ਹਾਲਾਂ ਕਿ ਇਹ ਆਮ ਨਾਲੋਂ ਉਪਰ ਹੈ। ਆਦਮਪੁਰ ਵਿੱਚ ਸਭ ਤੋਂ ਘੱਟ ਤਾਪਮਾਨ 4.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ 19 ਤੋਂ 21 ਦਸੰਬਰ ਤੱਕ ਸੰਘਣੀ ਧੁੰਦ ਲਈ ਯੈਲੋ ਅਲਰਟ ਚੇਤਾਵਨੀ ਜਾਰੀ ਕੀਤੀ ਹੈ। ਇਸ ਦੌਰਾਨ ਧੁੰਦ ਕਾਰਨ ਫਰੀਦਕੋਟ ਅਤੇ ਬਠਿੰਡਾ ਵਿੱਚ ਦ੍ਰਿਸ਼ਟੀ 20 ਤੋਂ 40 ਮੀਟਰ ਤੱਕ ਡਿੱਗ ਗਈ।

ਮੌਸਮ ਵਿਭਾਗ ਅਨੁਸਾਰ 20 ਦਸੰਬਰ ਨੂੰ ਇੱਕ ਪੱਛਮੀ ਗੜਬੜੀ ਆਵੇਗੀ, ਜੋ ਮੌਸਮ ਨੂੰ ਪ੍ਰਭਾਵਤ ਕਰੇਗੀ। 19 ਦਸੰਬਰ ਤੱਕ ਰਾਜ ਵਿੱਚ ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। 20 ਦਸੰਬਰ ਨੂੰ ਕੁਝ ਥਾਵਾਂ 'ਤੇ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਅੰਮ੍ਰਿਤਸਰ, ਤਰਨ ਤਾਰਨ, ਮੋਗਾ, ਬਠਿੰਡਾ, ਬਰਨਾਲਾ, ਮਾਨਸਾ, ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ, ਮੁਕਤਸਰ, ਸੰਗਰੂਰ, ਲੁਧਿਆਣਾ, ਜਲੰਧਰ ਅਤੇ ਕਪੂਰਥਲਾ ਵਿੱਚ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਅਨੁਸਾਰ ਪਿਛਲੇ 24 ਘੰਟਿਆਂ ਵਿੱਚ ਸੂਬੇ ਵਿੱਚ ਘੱਟੋ-ਘੱਟ ਤਾਪਮਾਨ 4.6 ਡਿਗਰੀ ਤੋਂ 11 ਡਿਗਰੀ ਤੱਕ ਰਿਹਾ। ਸਭ ਤੋਂ ਘੱਟ ਤਾਪਮਾਨ ਆਦਮਪੁਰ ਵਿੱਚ 4.8 ਡਿਗਰੀ ਦਰਜ ਕੀਤਾ ਗਿਆ, ਜਦੋਂ ਕਿ ਸਭ ਤੋਂ ਵੱਧ 11 ਡਿਗਰੀ ਲੁਧਿਆਣਾ ਵਿੱਚ ਰਿਹਾ। ਚੰਡੀਗੜ੍ਹ ਦਾ ਘੱਟੋ-ਘੱਟ ਤਾਪਮਾਨ 1.2 ਡਿਗਰੀ ਘਟ ਕੇ ਹੁਣ 8.2 ਡਿਗਰੀ ਹੈ। ਇਸੇ ਤਰ੍ਹਾਂ ਹੁਸ਼ਿਆਰਪੁਰ ਵਿੱਚ 6.6 ਡਿਗਰੀ ਸੈਲਸੀਅਸ ਅਤੇ ਅੰਮ੍ਰਿਤਸਰ ਵਿੱਚ 7.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਦਿਨ ਦਾ ਤਾਪਮਾਨ ਵੀ 1.2 ਡਿਗਰੀ ਘਟ ਗਿਆ। ਬਠਿੰਡਾ ਵਿੱਚ ਸਭ ਤੋਂ ਵੱਧ ਤਾਪਮਾਨ 24 ਡਿਗਰੀ ਦਰਜ ਕੀਤਾ ਗਿਆ।

## ਅੱਜ-ਨਾਮਾ

ਸੁਣੀਂਖਾਂ ਦਿੱਲੀਏ, ਤੇਰਾ ਨਾ ਖਸਮ-ਸਾਈਂ,
ਹੁੰਦੀ ਸਰਕਾਰ ਤਾਂ ਲੈਂਦੀ ਉਹ ਸਾਰ ਬੀਬੀ।
ਖਿੱਚੋਤਾਣ ਤੂੰ ਵਿੰਹਦੀ ਪਈ ਕਈ ਤਰ੍ਹਾਂ ਦੀ,
ਜਿੱਤਦਾ ਏ ਕੋਈ ਤਾਂ ਕਿਸੇ ਦੀ ਹਾਰ ਬੀਬੀ।
ਚੱਲਦੇ ਸੈਸ਼ਨ, ਨਿੱਤ ਰੈਲੀਆਂ ਹੋਈ ਜਾਵਣ,
ਤੂੰਹੀਂਉਂ ਇਹ ਰਹੀ ਸਹਾਰ ਵੀ ਭਾਰ ਬੀਬੀ।
ਗਰਦ-ਗੁਬਾਰ ਜਿਹਾ ਤੇਰੇ ਅਸਮਾਨ ਉੱਪਰ,
ਵਧਦੀ ਨਿੱਤ ਜਾਵੇ ਪ੍ਰਦੂਸ਼ਣ ਦੀ ਮਾਰ ਬੀਬੀ।
ਕਮਾਲ ਬਈ ਦਿੱਲੀਏ ਤੈਂਡੇ ਵਸਨੀਕ ਲੱਗਦੇ,
ਸਾਰਾ ਕੁਝ ਭੁਗਤਣ ਤੇ ਚੀਕ ਨਾ ਮਾਰਦੇ ਈ।
ਸਿੱਖਿਆ ਰਹਿਣ ਆ ਰਜ਼ਾ ਵਿੱਚ ਸਦਾ ਰਾਜ਼ੀ,
ਸਿਰ ਪਿਆ ਨਰਕ ਉਹ ਤਾਹੀਂ ਸਹਾਰਦੇ ਈ।

-ਤੀਸ ਮਾਰ ਖਾਂ

# ਪਾਵਰਕਾਮ ਦੇ ਮੁੱਖ ਦਫਤਰ ਅੱਗੇ ਪਹਿਲੀ ਤੋਂ 9 ਤੱਕ ਲੜੀਵਾਰ ਭੁੱਖ ਹੜਤਾਲ



**ਪਟਿਆਲਾ** : ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਸਾਂਝੇ ਥੜ੍ਹੇ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ) ਅਤੇ ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਨੇ ਭਗਵੰਤ ਮਾਨ ਸਰਕਾਰ ਦੇ ਪਾਵਰਕਾਮ ਅਦਾਰੇ ਨੂੰ ਖਤਮ ਕਰਕੇ ਪੂੰਜੀਪਤੀਆਂ ਦੇ ਹਵਾਲੇ ਕਰਨ ਦੇ ਲੋਕ ਵਿਰੋਧੀ ਮਨਸੂਬਿਆਂ ਤਹਿਤ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦੇ ਘਾਤਕ ਫੈਸਲੇ ਖਿਲਾਫ਼ ਅਤੇ ਬਿਜਲੀ ਸੋਧ ਬਿੱਲ 2025 ਦੇ ਖਰੜੇ ਵਿਰੁੱਧ 16 ਅਕਤੂਬਰ ਤੋਂ 31 ਅਕਤੂਬਰ ਤੱਕ ਸਰਕਲ ਪੱਧਰੀ ਧਰਨੇ ਦੇਣ ਤੋਂ ਬਾਅਦ 2 ਨਵੰਬਰ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਲੁਧਿਆਣੇ ਧਰਨਾ ਲਗਾ ਕੇ ਰੋਸ ਮਾਰਚ ਕਰਨ ਉਪਰੰਤ 9 ਨਵੰਬਰ ਨੂੰ ਤਰਨ ਤਾਰਨ ਵਿੱਚ ਜ਼ਿਮਨੀ ਚੋਣ ਸਮੇਂ ਜ਼ੋਰਦਾਰ ਪ੍ਰਦਰਸ਼ਨ ਕਰਕੇ ਆਵਾਜ਼ ਬੁਲੰਦ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਗੱਲਬਾਤ ਦੇ ਸਾਰੇ ਰਸਤੇ ਬੰਦ ਰੱਖਣ ਦੀ ਤਾਨਾਸ਼ਾਹੀ ਨੀਤੀ ਖਿਲਾਫ਼ ਸੰਘਰਸ਼ ਨੂੰ ਅੱਗੇ ਵਧਾਉਣ ਲਈ ਸਾਂਝੇ ਥੜ੍ਹੇ ਦੇ ਆਗੂਆਂ ਦੀ ਹੰਗਾਮੀ ਮੀਟਿੰਗ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ । ਇਸ ਮੀਟਿੰਗ ਵਿੱਚ ਸ਼ਾਮਲ ਆਗੂਆਂ ਨੇ ਕੇਂਦਰ ਦੀ ਮੋਦੀ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਸਰਕਾਰੀ ਅਦਾਰਿਆਂ ਨੂੰ ਖਤਮ ਕਰਨ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਕਰੜੀ ਨਿੰਦਾ ਕਰਦੇ ਹੋਏ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਖਿਲਾਫ਼ ਨਵੇਂ ਸਾਲ ਦੇ ਪਹਿਲੇ ਦਿਨ 1 ਜਨਵਰੀ ਤੋਂ 9 ਜਨਵਰੀ ਤੱਕ ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ ਦੇ ਗੇਟ ਸਾਹਮਣੇ 11 ਆਗੂਆਂ ਵੱਲੋਂ ਲੜੀਵਾਰ 24 ਘੰਟੇ ਲਈ ਭੁੱਖ ਹੜਤਾਲ ਰੱਖ ਕੇ ਰੋਜ਼ਾਨਾ ਰੋਸ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਨਿੰਦਾ ਮਤਾ ਪਾਸ ਕਰਕੇ 12 ਦਸੰਬਰ ਨੂੰ ਅਦਾਰੇ ਦੇ ਸੀ ਐੱਮ ਡੀ ਵੱਲੋਂ ਮੁੱਖ ਦਫ਼ਤਰ ਵਿੱਚ ਮੌਜੂਦ ਹੋਣ ਦੇ ਬਾਵਜੂਦ ਜਥੇਬੰਦੀਆਂ ਨੂੰ ਪਹਿਲਾਂ ਤੋਂ ਤਹਿ ਕੀਤੀ ਲਿਖਤੀ ਮੀਟਿੰਗ ਦੇ ਬਾਵਜੂਦ ਜਾਣਬੁੱਝ ਕੇ ਮੁਲਾਕਾਤ ਨਾ ਕੀਤੇ ਜਾਣ ਦੀ ਨਿਖੇਧੀ ਕੀਤੀ ਗਈ। ਸਾਂਝੇ ਥੜ੍ਹੇ ਦੀ ਲੀਡਰਸ਼ਿਪ ਨੇ 16 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਅਤੇ ਮੁਲਾਜ਼ਮ, ਮਜ਼ਦੂਰ, ਪੈਨਸ਼ਨਰ, ਨੌਜਵਾਨ, ਵਿਦਿਆਰਥੀ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਪਾਵਰਕਾਮ ਦੇ ਐੱਸ ਈ ਦਫਤਰਾਂ ਸਾਹਮਣੇ ਰੋਸ ਧਰਨਿਆਂ ਨੂੰ

• ਬਾਕੀ ਸਫਾ 2 'ਤੇ

CMYK

18-Dec-PAGE-1.qxd 12/17/2025 10:21 PM Page 2



# ਗੋਬਿੰਦਪੁਰਾ ਪੈਂਦ ਟੋਲ ਪਲਾਜ਼ਾ 'ਤੇ ਰੋਸ ਪ੍ਰਦਰਸ਼ਨ

● ਟੋਲ ਪਲਾਜ਼ਾ ਬੂਥਲੈੱਸ ਪਾਲਿਸੀ ਵਿਰੁੱਧ ਨਾਅਰੇਬਾਜ਼ੀ




**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)** ਕੇਂਦਰ ਸਰਕਾਰ ਵੱਲੋਂ ਨਵੇਂ ਲਾਗੂ ਕੀਤੇ ਜਾ ਰਹੇ ਨਿਯਮਾਂ ਤਹਿਤ ਨੈਸ਼ਨਲ ਹਾਈਵੇ 'ਤੇ ਪੈਂਦੇ ਟੋਲ ਪਲਾਜ਼ਿਆਂ ਨੂੰ ਬੂਥਲੈੱਸ ਪ੍ਰਣਾਲੀ ਰਾਹੀਂ ਖਤਮ ਕੀਤੇ ਜਾਣ ਦੇ ਵਿਰੋਧ ਵਿੱਚ ਟੋਲ ਪਲਾਜ਼ਾ ਵਰਕਰ ਯੂਨੀਅਨ ਪੰਜਾਬ ਵੱਲੋਂ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਪਿੰਡ ਗੋਬਿੰਦਪੁਰਾ ਪੈਂਦ ਦੇ ਨਜ਼ਦੀਕ ਟੋਲ ਪਲਾਜ਼ੇ 'ਤੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਦੌਰਾਨ ਟੋਲ ਪਲਾਜ਼ਾ ਵਰਕਰਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਲਾਗੂ ਕੀਤੇ ਜਾ ਰਹੇ ਨਿਯਮ ਨੂੰ ਰੁਜ਼ਗਾਰ ਖਤਮ ਕਰਨ ਵਾਲਾ ਕਰਾਰ ਦਿੰਦਿਆ ਕੇਂਦਰ ਸਰਕਾਰ ਤੇ ਨੈਸ਼ਨਲ ਹਾਈਵੇ ਅਥਾਰਟੀ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਰੋਸ ਪ੍ਰਦਰਸ਼ਨ ਦੌਰਾਨ ਟੋਲ ਪਲਾਜ਼ਾ ਵਰਕਰਜ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸੁਖਜੀਤ ਸਿੰਘ ਤੇ ਪੈਂਦ ਟੋਲ ਪਲਾਜ਼ਾ ਕਮੇਟੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਲਾਗੂ ਕੀਤੀ ਜਾ ਰਹੀ ਬੂਥਲੈੱਸ ਪਾਲਿਸੀ ਰਾਹੀਂ ਦੇਸ਼ ਭਰ 'ਚ ਲੱਖਾਂ ਨੌਜਵਾਨ ਬੇਰੁਜ਼ਗਾਰ ਹੋ ਜਾਣਗੇ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੌਜਵਾਨਾਂ ਨੂੰ ਵੱਡੀ ਪੱਧਰ 'ਤੇ ਰੁਜ਼ਗਾਰ ਦੇਣ ਦੇ ਦਾਅਵੇ ਕਰਦੀ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਅਜਿਹੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨਾਲ ਰੁਜ਼ਗਾਰ ਖੋਹਿਆ ਜਾ ਸਕੇ।ਆਗੂਆਂ ਚੇਤਾਵਨੀ ਦਿੱਤੀ ਕਿ ਅਗਰ ਕੇਂਦਰ ਸਰਕਾਰ ਵੱਲੋਂ ਬੂਥਲੈੱਸ ਪਾਲਿਸੀ ਵਾਪਸ ਨਾ ਲਈ ਗਈ ਟੋਲ ਪਲਾਜ਼ਾ ਵਰਕਰਜ਼ ਯੂਨੀਅਨ ਵੱਡਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ।

# ਚੋਣ ਡਿਊਟੀ ਦੌਰਾਨ ਜਾਨਾਂ ਗਵਾਉਣ ਤੇ ਫੱਟੜ ਅਧਿਆਪਕਾਂ ਨੂੰ ਇਨਸਾਫ ਲਈ ਚੋਣ ਕਮਿਸ਼ਨ ਦਾ ਪੁਤਲਾ ਫੂਕਿਆ

**ਧੂਰੀ/ਸੰਗਰੂਰ (ਸੁਖਦੇਵ ਧੂਰੀ)** ਜ਼ਿਲ੍ਹੇ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣ ਡਿਊਟੀ ਦੌਰਾਨ ਜਾਨ ਗਵਾਉਣ ਵਾਲੇ ਅਧਿਆਪਕ ਜੋੜੇ ਤੇ ਵੱਖ-ਵੱਖ ਥਾਈਂ ਹੋਏ ਹਾਦਸਿਆਂ ਵਿੱਚ ਜ਼ਖ਼ਮੀ ਹੋਏ ਅਧਿਆਪਕਾਂ ਨੂੰ ਇਨਸਾਫ ਦੁਆਉਣ ਲਈ ਜ਼ਿਲ੍ਹਾ ਪੱਧਰੀ ਧਰਨਾ ਦੇਣ ਤੋਂ ਬਾਅਦ ਪੰਜਾਬ ਸਰਕਾਰ ਤੇ ਰਾਜ ਚੋਣ ਕਮਿਸ਼ਨ ਖਿਲਾਫ਼ ਰੋਹ ਭਰਪੂਰ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ ਤੇ ਮੁੱਖ ਮੰਤਰੀ ਪੰਜਾਬ ਵੱਲ ਮੰਗ ਪੱਤਰ ਭੇਜਿਆ ਗਿਆ। ਦਰਅਸਲ 14 ਦਸੰਬਰ ਨੂੰ ਅਧਿਆਪਕ ਜਸਕਰਨ ਭੁੱਲਰ ਤੇ ਉਨ੍ਹਾਂ ਦੀ ਪਤਨੀ ਅਧਿਆਪਕਾ ਕਮਲਜੀਤ ਕੌਰ ਦੀ ਸਵੇਰੇ ਮੋਗਾ ਜ਼ਿਲ੍ਹੇ ਵਿੱਚ ਚੋਣ ਡਿਊਟੀ 'ਤੇ ਜਾਂਦੇ ਸਮੇਂ ਕਾਰ ਪਾਣੀ ਦੇ ਸੂਏ ਵਿੱਚ ਡਿੱਗਣ ਕਾਰਨ ਮੌਤ ਹੋ ਗਈ ਸੀ।ਇਸੇ ਤਰ੍ਹਾਂ ਮੂਣਕ (ਜ਼ਿਲ੍ਹਾ ਸੰਗਰੂਰ) ਵਿਖੇ ਐਸੋਸੀਏਟ ਅਧਿਆਪਕਾ ਰਾਜਵੀਰ ਕੌਰ ਵੀ ਸੂਏ ਵਿੱਚ ਕਾਰ ਡਿੱਗਣ ਕਾਰਨ ਫੱਟੜ ਹੋ ਗਈ।ਇਸੇ ਤਰ੍ਹਾਂ ਦੀ ਸਿੱਖਿਆ ਪ੍ਰੋਵਾਇਡਰ ਅਧਿਆਪਕਾ ਪਰਮਜੀਤ ਕੌਰ ਦੀ ਪਾਤੜਾਂ ਵਿਖੇ ਹੋਈ ਦੁਰਘਟਨਾ ਸਮੇਤ ਪੰਜਾਬ ਵਿੱਚ ਕਈ ਥਾਵਾਂ ਉਪਰ ਹੋਰ ਵੀ ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਦੀ ਚੋਣ ਡਿਊਟੀਆਂ ਦੇ ਮਾਮਲੇ ਵਿੱਚ ਕੀਤੀ ਮਨਮਰਜ਼ੀ ਤੇ ਅਣਗਹਿਲੀ ਕਾਰਨ ਅਜਿਹੀਆਂ ਘਟਨਾਵਾਂ ਦਾ ਅਧਿਆਪਕਾਂ ਨੂੰ ਸ਼ਿਕਾਰ ਹੋਣਾ ਪਿਆ, ਜਿਸ ਕਾਰਨ ਅਧਿਆਪਕਾਂ ਅੰਦਰ ਬਹੁਤ ਵੱਡਾ ਰੋਸ ਹੈ।ਇਸ ਰੋਸ ਮੁਜਾਹਰੇ ਦੌਰਾਨ ਸੰਬੋਧਨ ਕਰਦੇ ਹੋਏ ਅਧਿਆਪਕ ਆਗੂਆਂ ਦਾਤਾ ਸਿੰਘ ਨਮੋਲ, ਸੁਖਵਿੰਦਰ ਗਿਰ, ਸਰਬਜੀਤ ਪੁੰਨਾਵਾਲ ਨੇ ਮੰਗ ਕੀਤੀ ਕਿ ਸਦੀਵੀ ਵਿਛੋੜਾ ਦੇ ਗਏ ਅਧਿਆਪਕਾਂ ਦੇ ਬੱਚਿਆਂ ਦੇ ਨਾਂਅ 'ਤੇ 2-2 ਕਰੋੜ ਰੁਪਏ ਦਾ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ, ਉਨ੍ਹਾਂ ਦੀ ਪੜ੍ਹਾਈ ਦਾ ਖ਼ਰਚਾ ਸਰਕਾਰ ਉਠਾਵੇ ਅਤੇ ਦੋਵਾਂ ਬੱਚਿਆਂ ਲਈ ਸਰਕਾਰੀ ਨੌਕਰੀ ਰਾਖਵੀਂ ਰੱਖੀ ਜਾਵੇ। ਜ਼ਖ਼ਮੀ ਹੋਏ ਅਧਿਆਪਕਾਂ ਲਈ 20-20 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ ਤੇ ਇਲਾਜ ਦੀ ਜ਼ਿੰਮੇਵਾਰੀ ਸਰਕਾਰ ਵੱਲੋਂ ਓਟਣ ਦੇ ਨਾਲ ਨਾਲ ਤੰਦਰੁਸਤ ਹੋਣ ਤੱਕ ਆਨ ਡਿਊਟੀ ਮੰਨਿਆ ਜਾਵੇ। ਚੋਣ ਅਧਿਕਾਰੀਆਂ ਵੱਲੋਂ ਬਿਨਾਂ ਪੜਤਾਲ ਦੇ ਚੋਣ ਅਮਲੇ ਖ਼ਿਲਾਫ਼ ਪਰਚਾ ਦਰਜ ਕਰਨ ਦੀਆਂ ਸਿਫਾਰਸ਼ਾਂ ਆਦਿ ਰੱਦ ਕੀਤੀਆਂ ਜਾਣ, ਭਵਿੱਖ ਵਿੱਚ ਚੋਣ ਡਿਊਟੀਆਂ ਅਧਿਆਪਕਾਂ ਦੇ ਰਿਹਾਇਸ਼ੀ/ਕੰਮਕਾਜੀ ਬਲਾਕ ਵਿੱਚ ਹੀ ਲਾਈਆਂ ਜਾਣ, ਬੀਐੱਲਓਜ਼ ਦੀ ਵੱਖਰੀ ਚੋਣ ਡਿਊਟੀ ਲਾ ਕੇ ਦੂਹਰਾ ਭਾਰ ਪਾਉਣਾ ਬੰਦ ਕਰਨ,ਬੂਥਾਂ ਉਪਰ ਰਹਿਣ ਅਤੇ ਖਾਣ ਪੀਣ ਦਾ ਸੁਚੱਜਾ ਪ੍ਰਬੰਧ ਕਰਨ, ਸਾਰੇ ਵਿਭਾਗਾਂ ਦੇ ਮੁਲਾਜ਼ਮਾਂ ਦੀ ਚੋਣ ਡਿਊਟੀ ਗਿਣਤੀ ਦੇ ਅਨੁਪਾਤ ਵਿੱਚ ਲਾਉਣ, ਸਰਕਾਰ ਦੇ ਚੋਣ ਵਾਅਦੇ ਅਨੁਸਾਰ ਅਧਿਆਪਕਾਂ ਦੀਆਂ ਬੀ.ਐਲ.ਓ. ਤੇ ਹੋਰ ਗੈਰ-ਵਿੱਦਿਅਕ ਡਿਊਟੀਆਂ ਰੱਦ ਕਰਨ ਆਦਿ ਦੀ ਮੰਗ ਕੀਤੀ ਗਈ। ਆਗੂਆਂ ਅੱਗੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਉਹਨਾਂ ਦੀਆਂ ਮੰਗਾਂ ਨੂੰ ਜਲਦੀ ਨਾ ਮੰਨਿਆ ਗਿਆ ਤਾਂ ਜਲਦ ਅਗਲੇ ਐਕਸ਼ਨ ਉਲੀਕੇ ਜਾਣਗੇ।



# ਟਿੱਪਰ ਨੇ ਖੜ੍ਹੀ ਖ਼ਰਾਬ ਗੱਡੀ ਨੂੰ ਪਿੱਛੋਂ ਮਾਰੀ ਟੱਕਰ, ਇੱਕ ਮੌਤ

**ਮਾਛੀਵਾੜਾ ਸਾਹਿਬ : (ਸ਼ੈਕੀ ਸ਼ਰਮਾ,ਜਗਦੀਸ਼ ਰਾਏ)** - ਸਰਹਿੰਦ ਨਹਿਰ ਕਿਨਾਰੇ ਨੇੜ੍ਹੇ ਮੁਸ਼ਕਾਬਾਦ ਪਾਸ ਕੋਲ ਵਾਪਰੇ ਭਿਆਨਕ ਸੜਕ ਹਾਦਸੇ ਵਿਚ ਇੱਕ ਵਿਅਕਤੀ ਪਰਦੀਪ ਕੁਮਾਰ (55) ਵਾਸੀ ਬਾਸ ਭਡੌਰ, ਥਾਣਾ ਨੰਗਲ ਦੀ ਮੌਤ ਹੋ ਗਈ। ਮ੍ਰਿਤਕ ਦੇ ਭਰਾ ਦੀਪਕ ਸ਼ਰਮਾ ਨੇ ਪੁਲਿਸ ਕੋਲ ਬਿਆਨ ਦਰਜ ਕਰਵਾਉਂਦਿਆਂ ਦੱਸਿਆ ਕਿ ਉਸ ਦਾ ਭਰਾ ਪਰਦੀਪ ਕੁਮਾਰ ਅਲਮਾਰੀਆਂ ਬਣਾਉਣ ਦੀ ਵਰਕਸ਼ਾਪ ਚਲਾਉਂਦਾ ਸੀ ਅਤੇ ਅਸੀਂ ਕੱਲ੍ਹ ਮਹਿੰਦਰਾ ਮੈਕਸ ਗੱਡੀ ਰਾਹੀਂ ਲੁਧਿਆਣਾ ਤੋਂ ਸਮਾਨ ਲੈਣ ਗਏ ਸੀ। ਜਦੋਂ ਅਸੀਂ ਸਮਾਨ ਲੈ ਕੇ ਗੜ੍ਹੀ ਪੁਲ ਤੋਂ ਥੋੜ੍ਹਾ ਦੂਰ ਮੁਸ਼ਕਾਬਾਦ ਕੱਟ ਕੋਲ ਪੁੱਜੇ ਤਾਂ ਗੱਡੀ ਦਾ ਪਿਛਲਾ ਟਾਇਰ ਫੱਟ ਗਿਆ ਜਿਸ ਨੂੰ ਮੇਰੇ ਭਰਾ ਪਰਦੀਪ ਕੁਮਾਰ ਨੇ ਫੁੱਟਪਾਥ 'ਤੇ ਖੜ੍ਹੀ ਕਰ ਦਿੱਤਾ। ਇਸ ਤੋਂ ਬਾਅਦ ਅਸੀਂ ਥੱਲੇ ਉਤਰ ਕੇ ਰਿਫ਼ਲੈਕਟਰ, ਝਾੜੀਆਂ ਪੁੱਟ ਕੇ ਵਿਛਾ ਦਿੱਤੇ। ਮੇਰਾ ਭਰਾ ਪਰਦੀਪ ਕੁਮਾਰ ਗੱਡੀ ਦਾ ਟਾਇਰ ਬਦਲਣ ਲਈ ਜੈਕ ਲਗਾ ਕੇ ਪਿੱਛੇ ਡਾਲੇ ਦੇ ਹੇਠਾਂ ਸਟਪਿਣੀ ਕੱਢਣ ਲਈ ਖੜ੍ਹਾ ਸੀ ਤਾਂ ਸ਼ਾਮ 6.30 ਵਜੇ ਦੇ ਕਰੀਬ ਗੜ੍ਹੀ ਪੁਲ ਸਾਈਡ ਤੋਂ ਇੱਕ ਤੇਜ ਰਫ਼ਤਾਰ ਟਿੱਪਰ ਲਾਪ੍ਰਵਾਹੀ ਨਾਲ ਆਇਆ ਅਤੇ ਸਾਡੀ ਗੱਡੀ ਵਿਚ ਮਾਰਿਆ ਜਿਸ ਦੀ ਲਪੇਟ ਵਿਚ ਮੇਰਾ ਭਰਾ ਵੀ ਆ ਗਿਆ। ਉਸ ਦੇ ਸਿਰ 'ਤੇ ਸੱਟ ਵੱਜਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਟਿੱਪਰ ਚਾਲਕ ਵਾਹਨ ਲੈ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਪੁਲਿਸ ਨੇ ਮ੍ਰਿਤਕ ਦੇ ਭਰਾ ਵਲੋਂ ਦਿੱਤੇ ਬਿਆਨਾਂ ਦੇ ਅਧਾਰ 'ਤੇ ਨਾ ਮਲੂਮ ਟਿੱਪਰ ਡਰਾਈਵਰ ਖਿਲਾਫ਼ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।



# ਨਸ਼ਾ ਮੁਕਤੀ ਮੁਹਿੰਮ ਤਹਿਤ ਪੋਸਟਰ ਮੁਕਾਬਲਾ ਤੇ ਜਾਗਰੂਕਤਾ ਰੈਲੀ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਵਿੱਚ ਯੁਵਕ ਸੇਵਾਵਾਂ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਾ ਮੁਕਤ ਪੰਜਾਬ ਅਭਿਆਨ ਤਹਿਤ ਪੋਸਟਰ ਮੁਕਾਬਲਾ ਤੇ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ। ਐਨਐਸਐਸ ਵੋਲੰਟੀਅਰਾਂ ਨੇ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਨਾਅਰੇ ਲਾਏ ਤੇ ਸਮਾਜ ਨੂੰ ਨਸ਼ਾ ਛੱਡਣ ਦਾ ਸਨੇਹਾ ਦਿੱਤਾ।ਰੈਲੀ ਰਾਹੀਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ।ਰੈਲੀ ਨੂੰ ਰਵਾਨਾ ਕਰਨ ਮੌਕੇ ਵਾਈਸ ਪ੍ਰਿੰਸੀਪਲ ਵਿਕਰਮਜੀਤ ਸਿੰਘ, ਕੋਆਰਡੀਨੇਟਰ ਆਸ਼ੂ ਰਾਣੀ, ਪ੍ਰੋਗਰਾਮ ਅਫਸਰ ਨਿਰਮਲਜੀਤ ਕੌਰ, ਸਰੀਰਕ ਸਿੱਖਿਆ ਅਧਿਆਪਕ ਅਮਰਜੀਤ ਸਿੰਘ ਤੇ ਐਨਸੀਸੀ ਇੰਚਾਰਜ ਮੋਹਦੀਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਸਕੂਲ ਦੇ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਸਾਰੇ ਵੋਲੰਟੀਅਰਾਂ ਦੀ ਪ੍ਰਸੰਸਾ ਕਰਦੇ ਹੋਏ ਉਨ੍ਹਾਂ ਨੂੰ ਸਮਾਜਿਕ ਭਲਾਈ ਦੇ ਕੰਮਾਂ ਵਿੱਚ ਸਦਾ ਅੱਗੇ ਰਹਿਣ ਲਈ ਸ਼ੁਭਕਾਮਨਾਵਾਂ ਦਿੱਤੀਆਂ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼ ਤੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਸਮਾਜ ਨੂੰ ਜਾਗਰੂਕ ਕਰਨ ਵਾਲੀਆਂ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਮ੍ਰਿਤਕ ਅਧਿਆਪਕ ਜੋੜੇ ਦੇ ਬੱਚਿਆਂ ਨੂੰ 2-2 ਕਰੋੜ ਦਿੱਤੇ ਜਾਣ : ਵਿਜੇ ਧੀਰ

**ਮੋਗਾ (ਇਕਬਾਲ ਸਿੰਘ ਖਹਿਰਾ)**- 14 ਦਸੰਬਰ ਨੂੰ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਵੋਟਾਂ ਪੈਣ ਵਾਲੇ ਦਿਨ ਮੋਗਾ ਜ਼ਿਲ੍ਹਾ ਦੇ ਸੰਗਤਪੁਰਾ ਵਿਖੇ ਧੁੰਦ ਅਤੇ ਬਿਨਾਂ ਰੇਲਿੰਗ ਦੇ ਪੁਲ ਕਾਰਨ ਕਾਰ ਸੂਏ ਵਿੱਚ ਡਿੱਗਣ ਕਾਰਨ ਅਧਿਆਪਕ ਪਤੀ - ਪਤਨੀ ਦੀ ਜਾਨ ਚਲੀ ਗਈ ਜਦ ਉਹ ਆਪਣੀ ਕਰੇਟਾ ਕਾਰ ਰਾਹੀਂ ਪਿੰਡ ਮਾੜੀ ਮੁਸਤਫਾ ਚੋਣ ਡਿਊਟੀ 'ਤੇ ਜਾ ਰਹੇ ਸਨ। ਅਧਿਆਪਕ ਪਤੀ ਜਸਕਰਨ ਸਿੰਘ ਭੁੱਲਰ ਆਪਣੀ ਅਧਿਆਪਕ ਪਤਨੀ ਕਮਲਜੀਤ ਕੌਰ ਨੂੰ ਚੋਣ ਡਿਊਟੀ 'ਤੇ ਪਿੰਡ ਮਾੜੀ ਮੁਸਤਫਾ ਛੱਡਣ ਜਾ ਰਿਹਾ ਸੀ ਕਿ ਰਸਤੇ ਵਿੱਚ ਇਹ ਦੁੱਖਦਾਈ ਹਾਦਸਾ ਹੋ ਗਿਆ। ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਦੀ ਅਗਵਾਈ ਵਿੱਚ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਇਸ ਅਧਿਆਪਕ ਜੋੜੇ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਉਨਾਂ ਦੀ ਆਤਮਾ ਦੀ ਸ਼ਾਂਤੀ ਲਈ ਪਰਮਾਤਮਾ ਸਨਮੁੱਖ ਅਰਦਾਸ ਕੀਤੀ। ਇਸ ਮੌਕੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਇਸ ਅਧਿਆਪਕ ਜੋੜੇ ਦੀ ਮੌਤ ਡਿਊਟੀ ਦੌਰਾਨ ਹੋਈ ਹੈ। ਪੰਜਾਬ ਸਰਕਾਰ ਡਿਊਟੀ ਦੌਰਾਨ ਮਰਨ ਵਾਲੇ ਪੁਲਸ ਕਰਮਚਾਰੀ ਅਤੇ ਫੌਜ ਦੇ ਸਿਪਾਹੀ ਨੂੰ ਦੋ ਕਰੋੜ ਰੁਪਏ ਦੀ ਆਰਥਿਕ ਸਹਾਇਤਾ ਦਿੰਦੀ ਹੈ। ਉਸੇ ਤਰ੍ਹਾਂ ਨਾਲ ਡਿਊਟੀ ਦੌਰਾਨ ਹਾਦਸੇ ਵਿੱਚ ਜਾਨ ਗਵਾਉਣ ਵਾਲੇ ਇਸ ਅਧਿਆਪਕ ਜੋੜੇ ਦੇ ਬੱਚਿਆਂ ਨੂੰ ਦੋ-ਦੋ ਕਰੋੜ ਦੀ ਆਰਥਿਕ ਸਹਾਇਤਾ ਦੇਣ ਦਾ ਸਰਕਾਰ ਐਲਾਨ ਕਰੇ। ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਵੈਸੇ ਵੀ ਡਿਊਟੀ ਦੌਰਾਨ ਜਾਨ ਦੇਣ ਵਾਲੇ ਵਿਅਕਤੀ ਦਾ ਪਰਿਵਾਰ ਕਿਰਤ ਕਾਨੂੰਨ ਤਹਿਤ ਮੁਆਵਜ਼ੇ ਦਾ ਹੱਕਦਾਰ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਮੇ ਵਾਲਾ, ਮੇਜਰ ਸਿੰਘ ਲੰਡੇ ਕੇ, ਜਸਵੰਤ ਸਿੰਘ ਜੱਸਾ, ਗੁਰ ਬੁੱਧ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ, ਤਰਸੇਮ ਸਿੰਘ, ਮਦਨ ਲਾਲ, ਭੋਲਾ ਸਿੰਘ, ਦੇਵਾਂ, ਗੁਰਪ੍ਰੀਤ ਸਿੰਘ, ਰਿੰਕੂ, ਧਰਮਿੰਦਰ ਸਿੰਘ, ਜੁਗਰਾਜ ਸਿੰਘ, ਕਸ਼ਮੀਰ ਸਿੰਘ, ਮੁਕੇਸ਼ ਕੁਮਾਰ, ਦਲੀਪ ਸਿੰਘ, ਜਸਵੰਤ ਸਿੰਘ, ਰਿੱਕੀ, ਬੁੱਧ ਸਿੰਘ, ਕਮਲਜੀਤ ਸਿੰਘ, ਦਲੀਪ ਸਿੰਘ, ਸੋਨੂੰ ਸਿੰਘ, ਹਰਜੀਤ ਸਿੰਘ, ਗਗਨ ਕੁਮਾਰ, ਬੂਟਾ ਸਿੰਘ, ਸ਼ਿੰਦਰ ਸਿੰਘ, ਸੋਨੂੰ, ਸੰਤੋਖ ਚੰਦ, ਸੁਖਦੇਵ ਸਿੰਘ, ਅਵਤਾਰ ਸਿੰਘ,ਰਾਜੂ, ਜੁਗਰਾਜ ਸਿੰਘ, ਮੰਗਲ ਸਿੰਘ, ਮਨੋਹਰ ਲਾਲ ਅਤੇ ਕਰਨ ਪਾਲ ਸਿੰਘ ਵਿਸ਼ੇਸ਼ ਤੌਰ 'ਤੇ ਹਾਜਰ ਸਨ।



# ਅਧਿਕਾਰ ਸੰਘਰਸ਼ ਪਾਰਟੀ ਦੀ ਵਿਸ਼ੇਸ਼ ਮੀਟਿੰਗ 20 ਨੂੰ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਅਧਿਕਾਰ ਸੰਘਰਸ਼ ਪਾਰਟੀ ਦੀ ਵਿਸ਼ੇਸ਼ ਮੀਟਿੰਗ ਪੈਨਸ਼ਨ ਭਵਨ (ਸਾਹਮਣੇ ਮੇਨ ਗੇਟ ਡੀ ਸੀ ਦਫ਼ਤਰ) ਬਠਿੰਡਾ ਵਿਖੇ 20 ਦਸੰਬਰ ਨੂੰ ਸਵੇਰੇ 11 ਵਜੇ ਹੋ ਰਹੀ ਹੈ। ਪਾਰਟੀ ਦੇ ਕੌਮੀ ਜਰਨਲ ਸਕੱਤਰ ਮੱਖਣ ਸਿੰਘ ਭਾਈ ਰੂਪਾ ਨੇ ਦੱਸਿਆ ਕਿ ਮੀਟਿੰਗ 'ਚ ਪਾਰਟੀ ਦੇ ਕੌਮੀ ਪ੍ਰਧਾਨ ਗੁਰਬਖਸ਼ ਸਿੰਘ ਸ਼ੇਰਗਿੱਲ, ਕੌਮੀ ਵਾਈਸ ਪ੍ਰਧਾਨ ਬੀਬੀ ਸਤਵੀਰ ਕੌਰ ਮਨਹੇੜਾ, ਪੰਜਾਬ ਪ੍ਰਧਾਨ ਸੁਰਿੰਦਰ ਸਿੰਘ ਭਿੰਡਰ, ਸੂਬਾ ਜਨਰਲ ਸਕੱਤਰ ਭਰਪੂਰ ਸਿੰਘ ਸ਼ੇਰਗਿਲ, ਚੇਅਰਮੈਨ ਦੋਆਬਾ ਜ਼ੋਨ ਗੁਰਦੀਪ ਸਿੰਘ ਤੇ ਫਰੀਦਕੋਟ ਜ਼ੋਨ ਕ੍ਰਿਸ਼ਨ ਸਿੰਘ ਔਲਖ, ਸੂਬਾ ਸਕੱਤਰ ਗੁਰਚਰਨ ਸਿੰਘ ਬਜੀਦਪੁਰ ਸਮੇਤ ਸਾਰੇ ਜ਼ਿਲ੍ਹਿਆਂ ਦੇ ਆਗੂ ਸ਼ਾਮਲ ਹੋਣਗੇ। ਇਸ ਦੌਰਾਨ ਸੂਬਾ ਪੰਜਾਬ ਅਤੇ ਪਾਰਟੀ ਦੇ ਅਹਿਮ ਮਸਲਿਆ ਉੱਪਰ ਵਿਚਾਰ ਚਰਚਾ ਤੋਂ ਇਲਾਵਾ ਜ਼ਿਲ੍ਹਾ ਬਠਿੰਡਾ ਯੂਨਿਟ ਦਾ ਗਠਨ ਕੀਤਾ ਜਾਵੇਗਾ।



# ਅਧਿਆਪਕਾਂ ਨੂੰ ਚੋਣ ਡਿਊਟੀ 'ਤੇ ਲਾਉਣਾ ਬੰਦ ਕਰੇ ਸਰਕਾਰ : ਡਾ. ਫਕੀਰ ਮੁਹੰਮਦ

**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)** ਕਸਬਾ ਨਿਹਾਲ ਸਿੰਘ ਵਾਲਾ ਦੇ ਪ੍ਰਸਿੱਧ ਸਮਾਜ ਸੇਵੀ ਕਲੱਬ ਵੱਲੋਂ ਕਲੱਬ ਦੇ ਪ੍ਰਧਾਨ ਡਾਕਟਰ ਫ਼ਕੀਰ ਮੁਹੰਮਦ ਤੇ ਜਨਰਲ ਸਕੱਤਰ ਡਾਕਟਰ ਸ਼ਿਵਦੇਵ ਸਿੰਘ ਹਿੰਮਤਪੁਰਾ ਜੀ ਦੀ ਅਗਵਾਈ ਹੇਠ ਸਮਾਜ ਸੇਵੀ ਵੀਰਾਂ ਦਾ ਦਸ ਮੈਂਬਰੀ ਵਫ਼ਦ ਉਪ ਮੰਡਲ ਮਜਿਸਟ੍ਰੇਟ ਨਿਹਾਲ ਸਿੰਘ ਵਾਲਾ ਨੂੰ ਮਿਲਿਆ ਤੇ ਆਪਣੀਆਂ ਮੰਗਾਂ ਸੰਬੰਧੀ ਇੱਕ ਮੰਗ ਪੱਤਰ ਉਨ੍ਹਾਂ ਰਾਹੀਂ ਡਿਪਟੀ ਕਮਿਸ਼ਨਰ ਮੋਗਾ ਨੂੰ ਕਾਰਵਾਈ ਹੇਠ ਭੇਜਿਆ ਗਿਆ। ਡਾਕਟਰ ਫ਼ਕੀਰ ਮੁਹੰਮਦ ਨੇ ਕਿਹਾ ਕਿ ਜਦੋਂ ਵੀ ਪਿੰਡਾਂ, ਸ਼ਹਿਰਾਂ ਵਿੱਚ ਚੋਣਾਂ ਹੁੰਦੀਆਂ ਹਨ ਤਾਂ ਕੇਂਦਰ ਤੇ ਪੰਜਾਬ ਸਰਕਾਰ ਅਧਿਆਪਕ ਭਾਈਚਾਰੇ ਨਾਲ ਧੱਕੇਸ਼ਾਹੀ ਕਰਦੀ ਹੋਈ ਉਨ੍ਹਾਂ ਦੀਆਂ ਚੋਣ ਡਿਊਟੀਆਂ ਦੂਰ-ਦੁਰਾਡੇ ਦੇ ਸਟੇਸ਼ਨਾਂ ਤੇ ਕਰ ਦਿੰਦੀ ਹਨ।ਅਜਿਹੇ ਵਿੱਚ ਸਰਕਾਰੀ ਅਧਿਆਪਕ ਵੀਰਾਂ ਨੂੰ ਭਾਰੀ ਮਾਨਸਿਕ ਪ੍ਰੇਸ਼ਾਨੀ ਉਠਾਉਣੀ ਪੈਂਦੀ ਹੈ ਤੇ ਕਈ ਵਾਰ ਅਧਿਆਪਕ ਸਾਥੀ ਆਪਣੀ ਜਾਨ ਤੋਂ ਵੀ ਹੱਥ ਧੋ ਬਹਿੰਦੇ ਹਨ।ਬਿਲਕੁੱਲ ਅਜਿਹੇ ਹੀ ਮੰਦਭਾਗਾ ਐਕਸੀਡੈਂਟ ਨਿਹਾਲ ਸਿੰਘ ਵਾਲਾ ਦੇ ਨਾਲ ਲਗਦੇ ਪਿੰਡ ਧੂੜਕੋਟ ਰਣਸੀਂਹ ਦੇ ਮਾਸਟਰ ਜਸਕਰਨ ਸਿੰਘ ਤੇ ਉਨ੍ਹਾਂ ਦੀ ਪਤਨੀ ਨਾਲ ਵਾਪਰਿਆ ਹੈ। ਚੋਣ ਡਿਊਟੀ ਜਾਂਦੇ ਵੇਲੇ ਭਾਰੀ ਧੁੰਦ ਕਾਰਨ ਇਸ ਅਧਿਆਪਕ ਜੋੜੇ ਦੀ ਕਾਰ ਪੁਲ ਤੋਂ ਲਹਿ ਕੇ ਨਹਿਰ ਵਿੱਚ ਡਿੱਗ ਗਈ ਅਤੇ ਦੋਨਾਂ ਪਤੀ-ਪਤਨੀ ਦੀ ਬਹੁਤ ਹੀ ਦਰਦਨਾਕ ਮੌਤ ਹੋ ਗਈ।ਸਾਰੇ ਇਲਾਕੇ ਵਿੱਚ ਇਸ ਕਾਰਨ ਪੰਜਾਬ ਸਰਕਾਰ ਪ੍ਰਤੀ ਬਹੁਤ ਸਖ਼ਤ ਰੋਸ ਫੈਲ ਰਿਹਾ ਹੈ।



# ਚੋਣ ਕਮਿਸ਼ਨ ਦੇ ਗ਼ੈਰ-ਮਿਆਰੀ ਪ੍ਰਬੰਧਾਂ ਨੇ ਲਈ ਅਧਿਆਪਕਾਂ ਦੀ ਜਾਨ : ਹਾਂਡਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀ ਚੋਣ ਡਿਊਟੀ 'ਤੇ ਜਾ ਰਹੇ ਜਸਕਰਨ ਸਿੰਘ ਭੁੱਲਰ (ਵਾਸੀ ਧੂੜਕੋਟ ਰਣਸੀਂਹ) ਅਤੇ ਉਨ੍ਹਾਂ ਦੀ ਪਤਨੀ ਕਮਲਜੀਤ ਕੌਰ ਡੀ ਪੀ ਈ ਦੀ ਸੰਘਣੀ ਧੁੰਦ ਕਾਰਨ ਮੋਗਾ ਜ਼ਿਲ੍ਹੇ ਦੇ ਪਿੰਡ ਸੰਗਤਪੁਰਾ ਕੋਲ ਕਾਰ ਸੂਏ ਦੇ ਪਾਣੀ 'ਚ ਡਿੱਗਣ ਕਾਰਨ ਮੌਕੇ 'ਤੇ ਬੇਵਕਤੀ ਮੌਤ ਹੋ ਗਈ। ਅਜਿਹੇ ਹਾਦਸੇ ਪਹਿਲੀ ਵਾਰ ਨਹੀਂ ਹੋਏ ਸਗੋਂ ਹਰ ਵਾਰ ਚੋਣਾਂ 'ਚ ਕੋਈ ਨਾ ਕੋਈ ਮੰਦਭਾਗੀ ਘਟਨਾ ਵਾਪਰਦੀ ਰਹੀ ਹੈ। ਪਰ ਦੁੱਖ ਦੀ ਗੱਲ ਹੈ ਕਿ ਚੋਣ ਕਮਿਸ਼ਨ ਅਤੇ ਮੌਕੇ ਦੀਆਂ ਸਰਕਾਰਾਂ ਇਸ ਉਪਰ ਕੋਈ ਸੰਜੀਦਗੀ ਨਹੀਂ ਦਿਖਾਉਂਦੀਆਂ। ਚੋਣਾਂ ਦੌਰਾਨ ਸੁਰੱਖਿਆ ਪ੍ਰਬੰਧਾਂ ਦੀ ਵੱਡੀ ਘਾਟ ਅਜਿਹੇ ਹਾਦਸਿਆਂ ਦਾ ਵੱਡਾ ਕਾਰਨ ਬਣਦੇ ਹਨ। ਹਰਜਿੰਦਰ ਹਾਂਡਾ ਸੂਬਾਈ ਚੇਅਰਮੈਨ ਅਡਵਾਇਜ਼ਰੀ ਬੋਰਡ ਆਫ ਈ ਟੀ ਯੂ ਪੰਜਾਬ ਨੇ ਕਿਹਾ ਕਿ ਅਧਿਆਪਕ ਜੱਥੇਬੰਦੀਆਂ ਵੱਲੋਂ ਚੋਣਾਂ ਦੌਰਾਨ ਲੱਗਦੀਆਂ ਡਿਊਟੀਆਂ ਸਬੰਧੀ ਮੰਗ ਕਰਦਿਆਂ ਅਗਾਊਂ ਹੀ ਕਿਹਾ ਗਿਆ ਸੀ ਕਿ ਅਧਿਆਪਕਾਂ ਦੀਆਂ ਡਿਊਟੀਆਂ ਲਗਾਉਣ ਸਮੇ ਹਰ ਪਹਿਲੂ ਨੂੰ ਧਿਆਨ ਵਿੱਚ ਰਖਿਆ ਜਾਵੇ । ਬਹੁਤ ਸਾਰੀਆਂ ਔਰਤ ਮੁਲਾਜ਼ਮਾਂ ਦੀਆਂ ਡਿਊਟੀਆਂ ਦੂਰ ਦੁਰਾਡੇ ਲਗਾਈ ਗਈਆਂ, ਅਨੇਕਾਂ ਥਾਵਾਂ ਉੱਤੇ ਪੋਲਿੰਗ ਬੂਥਾਂ ਉਪਰ ਚੋਣ ਅਮਲੇ ਲਈ ਰਹਿਣ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਕੀਤਾ ਗਿਆ, ਜਿਸ ਕਾਰਨ ਪੰਜਾਬ ਦੇ ਅਧਿਆਪਕ ਵਰਗ ਅਤੇ ਚੋਣ ਡਿਊਟੀ ਕਰਮਚਾਰੀਆਂ ਨੂੰ ਬਹੁਤ ਗੰਭੀਰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਮੌਕੇ ਹਰਜੀਤ ਸਿੰਘ ਸਿੱਧੂ, ਚਰਨਜੀਤ ਸਿੰਘ, ਗੁਰਦੇਵ ਸਿੰਘ ਗੁਰੂਹਰਸਹਾਏ, ਜਸਵੰਤ ਸੇਖੜਾ, ਸੰਦੀਪ ਚੌਧਰੀ, ਸਤੀਸ਼ ਕੰਬੋਜ, ਸੁਰਜੀਤ ਸਿੰਘ, ਪ੍ਰਿਤਪਾਲ ਸੰਧਾ, ਰਮਨ ਦਰੋਗਾ, ਪਰਮਜੀਤ ਮੇਘਾ ਰਾਏ, ਅਸ਼ੋਕ ਸਿੰਘ ਆਦਿ ਹਾਜ਼ਰ ਸਨ।



# ਸੂਰ ਸਿੰਘ ਵਾਲਾ ਦੇ ਸਰਕਾਰੀ ਸਮਾਰਟ ਸਕੂਲ 'ਚ ਹੁਸ਼ਿਆਰ ਬੱਚਿਆਂ ਦਾ ਸਨਮਾਨ

**ਕੋਟਕਪੂਰਾ (ਰਛਪਾਲ ਭੁੱਲਰ)** ਅਨੁਸ਼ਾਸ਼ਨ ਦੀ ਪਾਲਣਾ, ਸਮੇਂ ਦੀ ਕਦਰ, ਵੱਡਿਆਂ ਦਾ ਸਤਿਕਾਰ, ਉਸਾਰੂ ਸੋਚ, ਹਾਂਪੱਖੀ ਨਜ਼ਰੀਆ ਵਰਗੇ ਨੁਕਤੇ ਹਰ ਵਿਦਿਆਰਥੀ-ਵਿਦਿਆਰਥਣ ਲਈ ਤਰੱਕੀ ਦਾ ਸਰੋਤ ਹਨ।'ਰਾਮ ਮੁਹੰਮਦ ਸਿੰਘ ਆਜ਼ਾਦ ਵੈੱਲਫੇਅਰ ਸੁਸਾਇਟੀ' ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੂਰ ਸਿੰਘ ਵਾਲਾ ਵਿਖੇ ਹੁਸ਼ਿਆਰ ਬੱਚਿਆਂ ਦੇ ਕਰਾਏ ਸਨਮਾਨ ਸਮਾਰੋਹ ਮੌਕੇ ਬਤੌਰ ਮੁੱਖ ਮਹਿਮਾਨ ਪੁੱਜੇ। ਡਾ. ਮਨਜੀਤ ਸਿੰਘ ਢਿੱਲੋਂ ਨੇ ਆਖਿਆ ਕਿ ਉਸਦੀ ਦਿਲੀ ਇੱਛਾ ਹੈ ਕਿ ਪੰਜਾਬ ਦੇ ਨੌਜਵਾਨ ਲੜਕੇ-ਲੜਕੀਆਂ ਆਈ.ਏ.ਐਸ, ਪੀ.ਸੀ.ਐਸ, ਆਈ.ਪੀ.ਐਸ. ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚੋਂ ਚੰਗੇ ਨੰਬਰ ਲੈ ਕੇ ਵੱਡੇ ਅਫਸਰ ਬਣਨ ਤੇ ਦੇਸ਼ ਭਰ ਦੇ ਵੱਖ ਵੱਖ ਰਾਜਾਂ ਦੀਆਂ ਉੱਚ ਦਰਜੇ ਵਾਲੀਆਂ ਕੁਰਸੀਆਂ 'ਤੇ ਬਿਰਾਜਮਾਨ ਹੋਣ।ਉਨ੍ਹਾਂ ਦੱਸਿਆ ਕਿ ਬਾਬਾ ਫਰੀਦ ਗੁਰੂਕੁਲ ਗਰੁੱਪ ਆਫ ਕਾਲਜਿਜ ਨੇੜੇ ਪਿੰਡ ਢਿੱਲਵਾਂ ਬਠਿੰਡਾ ਰੋਡ ਕੋਟਕਪੂਰਾ ਵਿਖੇ ਲੜਕੇ-ਲੜਕੀਆਂ ਲਈ ਵੱਡੇ ਅਫਸਰ ਬਣਨ ਵਾਸਤੇ ਕੋਚਿੰਗ ਦਾ ਬਕਾਇਦਾ ਪ੍ਰਬੰਧ ਕਰ ਦਿੱਤਾ ਗਿਆ ਹੈ।ਵਿਜਡਮ ਕੋਟਾ ਕਲਾਜਿਸ ਦੇ ਡਾਇਰੈਕਟਰ ਵਿਨੋਦ ਵਰਮਾ ਨੇ ਵੱਡੇ ਅਫਸਰ ਬਣਨ ਸਬੰਧੀ ਵੱਖ ਵੱਖ ਨੁਕਤਿਆਂ ਦੀ ਸਾਂਝ ਪਾਈ। ਸੁਸਾਇਟੀ ਦੇ ਸੰਸਥਾਪਕ ਮਾ. ਸੋਮਨਾਥ ਅਰੋੜਾ ਸਮੇਤ ਪ੍ਰੋ. ਐਚ ਐਸ ਪਦਮ, ਐਨਆਰਆਈ ਹਰਭਜਨ ਸਿੰਘ ਮਠਾੜੂ ਤੇ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਅੰਕੜਿਆਂ ਸਹਿਤ ਸਮਝਾਉਂਦਿਆਂ ਦੱਸਿਆ ਕਿ ਸਮੇਂ ਦੀ ਕਦਰ ਕਰਨ ਵਾਲੇ ਵਿਅਕਤੀ ਇਕ ਸਫ਼ਲ ਨਾਗਰਿਕ ਵਾਲਾ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ 550 ਸਰਕਾਰੀ ਸਕੂਲਾਂ ਦੇ ਹੁਸ਼ਿਆਰ ਬੱਚਿਆਂ ਦੇ ਸਨਮਾਨ ਸਮਾਰੋਹ ਸਫਲਤਾਪੂਰਵਕ ਨੇਪਰੇ ਚਾੜ੍ਹੇ ਜਾ ਚੁੱਕੇ ਹਨ।ਡਾ ਮਨਜੀਤ ਸਿੰਘ ਢਿੱਲੋਂ ਨੇ ਮੀਰੀ ਪੀਰੀ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਰਣਜੀਤ ਸਿੰਘ ਸਮੇਤ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸੇਵਾ ਕਾਰਜਾਂ ਲਈ 5100 ਰੁਪਏ ਦੀ ਸਹਾਇਤਾ ਰਾਸ਼ੀ ਵੀ ਸੌਂਪੀ।ਸਕੂਲ ਮੁਖੀ ਪ੍ਰਿੰਸੀਪਲ ਮੈਡਮ ਭਾਰਤੀ ਸਮੇਤ ਸਮੁੱਚੇ ਸਟਾਫ ਵਲੋਂ ਮਾ. ਅਰਵਿੰਦ ਅਰੋੜਾ ਨੇ ਸਮੂਹ ਮਹਿਮਾਨਾ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਇਸ ਤੋਂ ਪਹਿਲਾਂ ਅਜਿਹਾ ਸੈਮੀਨਾਰ ਕਦੇ ਵੀ ਨਹੀਂ ਦੇਖਿਆ ਤੇ ਉਹ ਆਸ ਪ੍ਰਗਟਾਉਂਦੇ ਹਨ ਕਿ ਭਵਿੱਖ ਵਿੱਚ ਵੀ ਸੁਸਾਇਟੀ ਇਸ ਤਰ੍ਹਾਂ ਦੇ ਉਪਰਾਲੇ ਜਾਰੀ ਰੱਖੇਗੀ।ਅੰਤ ਹੁਸ਼ਿਆਰ ਬੱਚਿਆਂ ਸਮੇਤ ਮੁੱਖ ਮਹਿਮਾਨ ਤੇ ਸਕੂਲ ਮੁਖੀ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।



# ਸੀ ਸੀ ਟੀ ਵੀ ਨਿਗਰਾਨੀ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਵੱਲ ਨਗਰ ਨਿਗਮ ਦਾ ਵੱਡਾ ਕਦਮ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** — ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਹੋ ਰਹੀਆਂ ਗਤੀਵਿਧੀਆਂ ਦੀ ਪ੍ਰਭਾਵਸ਼ਾਲੀ ਮੋਨੀਟਰਿੰਗ ਲਈ ਨਗਰ ਨਿਗਮ ਪਟਿਆਲਾ ਵੱਲੋਂ ਲਗਾਈ ਗਈ ਸੀ ਸੀ ਟੀ ਵੀ ਨਿਗਰਾਨੀ ਪ੍ਰਣਾਲੀ ਨੂੰ ਹੋਰ ਸੁਚੱਜਾ ਬਣਾਉਣ ਲਈ ਵੱਡਾ ਕਦਮ ਚੁੱਕਿਆ ਜਾ ਰਿਹਾ ਹੈ। ਇਸ ਸਮੇਂ ਸ਼ਹਿਰ ਦੇ ਮੁੱਖ ਚੌਕਾਂ, ਡੰਪ ਸਾਈਟਾਂ ਅਤੇ ਹੋਰ ਮਹੱਤਵਪੂਰਨ ਥਾਵਾਂ 'ਤੇ ਲਗਭਗ 179 ਸੀ ਸੀ ਟੀ ਵੀ ਕੈਮਰੇ ਲਗੇ ਹੋਏ ਹਨ, ਜਿਨ੍ਹਾਂ ਰਾਹੀਂ ਟ੍ਰੈਫਿਕ, ਸਫ਼ਾਈ ਅਤੇ ਸੁਰੱਖਿਆ ਨਾਲ ਜੁੜੀਆਂ ਗਤੀਵਿਧੀਆਂ 'ਤੇ ਨਿਗਾਹ ਰੱਖੀ ਜਾ ਰਹੀ ਹੈ।ਨਗਰ ਨਿਗਮ ਦੇ ਮੇਅਰ ਨੇ ਇਸ ਵਿਸ਼ੇ 'ਤੇ ਖਾਸ ਤੌਰ 'ਤੇ ਗੱਲਬਾਤ ਕਰਦਿਆਂ ਦੱਸਿਆ ਹੈ ਕਿ ਇਨ੍ਹਾਂ ਕੈਮਰਿਆਂ ਦੇ ਇੰਟਰਨੈਟ ਕੁਨੈਕਸ਼ਨਾਂ 'ਤੇ ਹਰ ਸਾਲ ਕਰੀਬ 20 ਤੋਂ 22 ਲੱਖ ਰੁਪਏ ਦਾ ਖਰਚਾ ਆ ਰਿਹਾ ਹੈ। ਇਸ ਵਧਦੇ ਖਰਚੇ ਨੂੰ ਧਿਆਨ ਵਿੱਚ ਰੱਖਦਿਆਂ ਨਗਰ ਨਿਗਮ ਵੱਲੋਂ ਹੁਣ ਇੱਕ ਨਵੀਂ ਯੋਜਨਾ ਤਿਆਰ ਕੀਤੀ ਜਾ ਰਹੀ ਹੈ, ਜਿਸ ਅਧੀਨ ਆਪਟੀਕਲ ਤਾਰਾਂ 'ਤੇ ਚੱਲ ਰਹੇ ਮੌਜੂਦਾ ਕੈਮਰਿਆਂ ਨੂੰ ਫਾਈਬਰ ਕੈਮਰਿਆਂ ਨਾਲ ਜੋੜਿਆ ਜਾਵੇਗਾ।ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਵੱਖ-ਵੱਖ ਕੰਪਨੀਆਂ ਤੋਂ ਕੁਟੇਸ਼ਨਾਂ ਮੰਗੀਆਂ ਜਾਣਗੀਆਂ, ਤਾਂ ਜੋ ਸਭ ਤੋਂ ਵਧੀਆ ਅਤੇ ਘੱਟ ਖਰਚ ਵਾਲਾ ਵਿਕਲਪ ਚੁਣਿਆ ਜਾ ਸਕੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਫਾਈਬਰ ਕੈਮਰਾ ਪ੍ਰਣਾਲੀ ਨਾਲ ਜਿੱਥੇ ਇਕ ਪਾਸੇ ਇੰਟਰਨੈਟ ਬਿੱਲਾਂ 'ਤੇ ਆਉਣ ਵਾਲਾ ਵੱਡਾ ਖਰਚਾ ਕਾਫ਼ੀ ਹੱਦ ਤੱਕ ਘਟੇਗਾ, ਉੱਥੇ ਦੂਜੇ ਪਾਸੇ ਕੈਮਰਿਆਂ ਦੀ ਕਾਰਗੁਜ਼ਾਰੀ ਅਤੇ ਡਾਟਾ ਟ੍ਰਾਂਸਮਿਸ਼ਨ ਦੀ ਗੁਣਵੱਤਾ ਵਿੱਚ ਵੀ ਵੱਡਾ ਸੁਧਾਰ ਆਵੇਗਾ।ਨਗਰ ਨਿਗਮ ਅਧਿਕਾਰੀਆਂ ਨੇ ਦੱਸਿਆ ਕਿ ਇਸ ਨਵੀਂ ਪ੍ਰਣਾਲੀ ਨਾਲ ਲਾਈਵ ਫੀਡ ਹੋਰ ਸਪਸ਼ਟ ਹੋਵੇਗੀ ਅਤੇ ਕਿਸੇ ਵੀ ਤਕਨੀਕੀ ਖ਼ਰਾਬੀ ਦੀ ਸੰਭਾਵਨਾ ਘੱਟ ਰਹੇਗੀ। ਇਸ ਨਾਲ ਸ਼ਹਿਰ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ, ਕੂੜਾ ਸੁੱਟਣ, ਟ੍ਰੈਫਿਕ ਉਲੰਘਣਾ ਅਤੇ ਹੋਰ ਸਮੱਸਿਆਵਾਂ 'ਤੇ ਤੁਰੰਤ ਕਾਰਵਾਈ ਕਰਨਾ ਆਸਾਨ ਹੋ ਜਾਵੇਗਾ।ਮੇਅਰ ਨੇ ਕਿਹਾ ਕਿ ਪਟਿਆਲਾ ਨੂੰ ਸਾਫ਼, ਸੁਰੱਖਿਅਤ ਅਤੇ ਸੁਚੱਜਾ ਸ਼ਹਿਰ ਬਣਾਉਣ ਲਈ ਤਕਨਾਲੋਜੀ ਦੀ ਵਰਤੋਂ ਸਮੇਂ ਦੀ ਲੋੜ ਹੈ।



# ਨਿੱਜੀਕਰਨ ਦੇ ਸੱਜਰੇ ਕਦਮਾਂ ਖਿਲਾਫ਼ ਸਾਂਝਾ ਸੰਘਰਸ਼ ਉਸਾਰਨ ਦਾ ਸੱਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** ਲੋਕ ਮੋਰਚਾ ਪੰਜਾਬ ਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਨਿੱਜੀਕਰਨ ਦੇ ਸੱਜਰੇ ਹਮਲੇ ਖਿਲਾਫ਼ ਸਾਂਝੇ ਤੌਰ 'ਤੇ ਮੁਹਿੰਮ ਚਲਾਉਣ ਦਾ ਫ਼ੈਸਲਾ ਕੀਤਾ ਹੈ ਤੇ ਅਗਲੇ ਦਿਨਾਂ ਦੌਰਾਨ ਵੱਖ-ਵੱਖ ਥਾਵਾਂ ਉੱਤੇ ਇਕੱਤਰਤਾਵਾਂ ਤੇ ਰੋਸ ਪ੍ਰਦਰਸ਼ਨਾਂ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਨਰਾਇਣ ਦੱਤ ਤੇ ਜਗਜੀਤ ਸਿੰਘ ਲਹਿਰਾ ਮੁਹੱਬਤ ਤੇ ਲੋਕ ਮੋਰਚਾ ਪੰਜਾਬ ਦੇ ਆਗੂਆਂ ਜਗਮੇਲ ਸਿੰਘ ਅਤੇ ਸ਼ੀਰੀਂ ਦੱਸਿਆ ਕਿ ਨਿੱਜੀਕਰਨ ਦੇ ਹਮਲੇ ਨੂੰ ਅੱਗੇ ਵਧਾਉਣ ਲਈ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਇਹਨੀਂ ਦਿਨੀਂ ਵੱਡੇ ਕਦਮ ਚੁੱਕੇ ਗਏ ਹਨ। ਬਿਜਲੀ ਸੋਧ ਬਿੱਲ 2025 ਲਿਆਂਦਾ ਜਾ ਰਿਹਾ ਹੈ। ਮਜ਼ਦੂਰ ਵਿਰੋਧੀ ਅਤੇ ਕਾਰਪੋਰੇਟ ਪੱਖੀ ਕਿਰਤ ਕੋਡ ਲਾਗੂ ਕਰ ਦਿੱਤੇ ਗਏ ਹਨ। ਬੀਜ ਬਿੱਲ 2025 ਲਿਆਂਦਾ ਜਾ ਰਿਹਾ ਹੈ। ਸਰਕਾਰੀ ਤੇ ਜਨਤਕ ਜਾਇਦਾਦਾਂ ਕਾਰਪੋਰੇਟ ਘਰਾਣਿਆਂ ਨੂੰ ਵੇਚੀਆਂ ਜਾ ਰਹੀਆਂ ਹਨ। ਰੋਡਵੇਜ਼ ਤੇ ਪੀ.ਆਰ.ਟੀ.ਸੀ. ਅੰਦਰ ਕਿਲੋਮੀਟਰ ਸਕੀਮ ਦਾ ਵਧਾਰਾ ਕੀਤਾ ਜਾ ਰਿਹਾ ਹੈ ਤੇ ਸਿਹਤ ਖੇਤਰ ਅੰਦਰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਤਹਿਤ ਪ੍ਰਾਈਵੇਟ ਕਾਰੋਬਾਰੀਆਂ ਦਾ ਦਖ਼ਲ ਬਣਾਇਆ ਜਾ ਰਿਹਾ ਹੈ। ਇਹ ਸਾਰੇ ਕਦਮ ਨਿੱਜੀਕਰਨ ਦੀ ਉਸੇ ਨੀਤੀ ਤਹਿਤ ਲਏ ਜਾ ਰਹੇ ਹਨ, ਜੋ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੀ ਸੇਵਾ ਲਈ ਘੜੀ ਗਈ ਹੈ। ਇਹ ਹੁਣ ਤੱਕ ਲੋਕਾਂ ਦੇ ਪੱਕੇ ਰੁਜ਼ਗਾਰ, ਸਰਕਾਰੀ ਅਦਾਰਿਆਂ ਅਤੇ ਜਨਤਕ ਸੰਪੱਤੀ ਦੀ ਭਾਰੀ ਚੁੰਗ ਵਸੂਲ ਚੁੱਕੀ ਹੈ। ਮੌਜੂਦਾ ਕਦਮ ਵੀ ਲੋਕਾਂ ਲਈ ਬੇਹਦ ਗੰਭੀਰ ਸਾਬਤ ਹੋਣ ਜਾ ਰਹੇ ਹਨ। ਜਿਸ ਭਾਰਤ ਅਮਰੀਕਾ ਵਪਾਰ ਸਮਝੌਤੇ ਦੀ ਗੱਲ ਚੱਲ ਰਹੀ ਹੈ ਉਹ ਸਮਝੌਤਾ ਵੀ ਅਸਲ ਵਿੱਚ ਇਸੇ ਨਿੱਜੀਕਰਨ ਵਪਾਰੀਕਰਨ ਦੀ ਨੀਤੀ ਨੂੰ ਉਤਸ਼ਾਹਤ ਕਰਨ ਵਾਲਾ ਹੈ ਅਤੇ ਭਾਰਤੀ ਮੰਡੀ ਤੇ ਹੋਰ ਸਾਧਨਾਂ ਨੂੰ ਅਮਰੀਕੀ ਦਖ਼ਲਅੰਦਾਜ਼ੀ ਅਤੇ ਲੁੱਟ ਲਈ ਖੋਹਲਣ ਵਾਲਾ ਹੈ। ਖੇਤੀ ਵਿਰੋਧੀ ਤਿੰਨ ਕਾਲੇ ਕਾਨੂੰਨਾਂ ਖਿਲਾਫ਼ ਇਤਿਹਾਸਕ ਜੇਤੂ ਸੰਘਰਸ਼ ਦੀ ਤਰਜ਼ 'ਤੇ ਇਸ ਨਿੱਜੀਕਰਨ ਦੀ ਨੀਤੀ ਖਿਲਾਫ਼ ਸਾਂਝੇ ਸੰਘਰਸ਼ ਦਾ ਪਿੜ ਬੱਝਣਾ ਹੀ, ਹਾਂਪੱਖੀ ਬਾਮੌਕਾ ਕਦਮ ਹੈ। ਆਗੂਆਂ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਸੰਘਰਸ਼ ਸਿਰਫ਼ ਇਸ ਨੀਤੀ ਦੇ ਸਾਹਮਣੇ ਆ ਰਹੇ ਅਸਰਾਂ ਖਿਲਾਫ਼ ਹੀ ਸੀਮਤ ਨਹੀਂ ਰੱਖਣੇ ਚਾਹੀਦੇ, ਸਗੋਂ ਇਸ ਨੀਤੀ ਨੂੰ ਸਮੁੱਚੇ ਤੌਰ ਉੱਤੇ ਨਿਸ਼ਾਨੇ ਉੱਤੇ ਲੈਣਾ ਚਾਹੀਦਾ ਹੈ ਅਤੇ ਇਸ ਖਿਲਾਫ਼ ਸਾਂਝਾ ਲੋਕ ਸੰਘਰਸ਼ ਉਸਾਰਨਾ ਚਾਹੀਦਾ ਹੈ। ਇਸ ਸੰਘਰਸ਼ ਨੂੰ ਸਾਮਰਾਜੀ ਦਾਬੇ ਅਤੇ ਦੇਸੀ ਵਿਦੇਸ਼ੀ ਲੁੱਟ ਦੇ ਮੁਕੰਮਲ ਖ਼ਾਤਮੇ ਲਈ ਸੰਘਰਸ਼ ਵਿੱਚ ਬਦਲਣਾ ਚਾਹੀਦਾ ਹੈ।



# ਗੁਰੂ ਨਾਨਕ ਸਹਾਰਾ ਸੋਸਾਇਟੀ ਵੱਲੋਂ ਪੈਨਸ਼ਨ ਤੇ ਰਾਸ਼ਨ ਵੰਡ ਸਮਾਗਮ

**ਜਗਰਾਓਂ (ਅਮਿਤ ਖੰਨਾ)**- ਗੁਰੂ ਨਾਨਕ ਸਹਾਰਾ ਸੋਸਾਇਟੀ ਜਗਰਾਓਂ ਵਲੋਂ ਚੇਅਰਮੈਨ ਗੁਰਮੇਲ ਸਿੰਘ ਢਿੱਲੋਂ (ਯੂ. ਕੇ.) ਅਤੇ ਕੈਪਟਨ ਨਰੇਸ਼ ਵਰਮਾ ਦੀ ਯੋਗ ਅਗਵਾਈ ਹੇਠ 205 ਵਾਂ ਸਵ. ਸੰਸਾਰ ਚੰਦ ਵਰਮਾ ਯਾਦਗਾਰੀ ਮਹੀਨਾਵਾਰ ਪੈਨਸ਼ਨ ਅਤੇ ਰਾਸ਼ਨ ਵੰਡ ਸਮਾਗਮ ਸੀਨੀਅਰ ਸਿਟੀਜ਼ਨ ਹਾਊਸ ਵਿਖੇ ਕਰਵਾਇਆ ਗਿਆ।ਇਸ ਮੌਕੇ 27 ਬਜ਼ੁਰਗਾਂ ਨੂੰ ਮਹੀਨਾਵਾਰ ਪੈਨਸ਼ਨ, ਰਾਸ਼ਨ ਅਤੇ ਕੱਪੜੇ ਵੰਡੇ ਗਏ।ਇਸ ਮੌਕੇ ਕੈਨੇਡਾ ਤੋਂ ਵਿਸ਼ੇਸ਼ ਰੂਪ ਵਿਚ ਪਹੁੰਚੇ ਸੀਨੀਅਰ ਸਿਟੀਜ਼ਨ ਸੋਸਾਇਟੀ ਵੈਨਕੂਵਰ ਦੇ ਖਜ਼ਾਨਚੀ ਦਿਨੇਸ਼ ਮਲਹੋਤਰਾ ਨੇ ਆਪਣੀ ਨੇਕ ਕਮਾਈ ਵਿਚੋਂ 27 ਬਜ਼ੁਰਗਾਂ ਨੂੰ ਪੈਨਸ਼ਨ ਵੰਡੀ।ਵਿਸ਼ੇਸ਼ ਮਹਿਮਾਨ ਕਰਨਲ ਮੁਖਤਿਆਰ ਸਿੰਘ ਨੇ ਆਪਣੇ ਵਲੋਂ ਸਾਰੇ ਬਜ਼ੁਰਗਾਂ ਨੂੰ ਰਾਸ਼ਨ ਵੰਡਿਆ। ਵੈਨਕੂਵਰ ਤੋਂ ਵਿਸ਼ੇਸ਼ ਰੂਪ ਵਿਚ ਆਏ ਸੀਨੀਅਰ ਸਿਟੀਜ਼ਨ ਸੋਸਾਇਟੀ ਵੈਨਕੂਵਰ ਦੇ ਸਪੈਸ਼ਲ ਐਡਵਾਈਜ਼ਰ ਜਰਨੈਲ ਸਿੰਘ ਸਹੋਤਾ ਅਤੇ ਸੁਰਿੰਦਰ ਸਿੰਘ ਨਕੋਦਰ ਨੇ ਆਪਣੇ ਵਲੋਂ ਸਾਰੇ ਬਜ਼ੁਰਗਾਂ ਨੂੰ ਸੂਟ ਵੰਡੇ। ਪੈਟਰਨ ਪੀ. ਸੀ. ਗਰਗ ਅਤੇ ਸਾਥੀਆਂ ਨੇ ਬਜ਼ੁਰਗਾਂ ਨੂੰ ਮਠਿਆਈ ਦੇ ਡੱਬੇ ਵੰਡੇ। ਆਰ. ਕੇ. ਗੁਪਤਾ ਨੇ ਸਾਰੇ ਬਜ਼ੁਰਗਾਂ ਨੂੰ 100-100 ਰੁਪਏ ਵੰਡੇ।ਕੰਚਨ ਗੁਪਤਾ ਨੇ ਸਾਰੇ ਮਹਿਮਾਨਾਂ ਨੂੰ ਬੂਟੇ ਵੰਡੇ। ਕੇਵਲ ਮਲਹੋਤਰਾ, ਅਨਿਲ ਮਲਹੋਤਰਾ ਅਤੇ ਰਵੀ ਮਲਹੋਤਰਾ ਨੇ ਸਾਰੇ ਮਹਿਮਾਨਾਂ ਨੂੰ ਗਿਫਟ ਵੰਡੇ। । ਕਰ ਭਲਾ ਹੋ ਭਲਾ ਸੋਸਾਇਟੀ ਵਲੋਂ ਰਜਿੰਦਰ ਜੈਨ ਕਾਕਾ ਨੇ ਸਾਰੇ ਬਜ਼ੁਰਗਾਂ ਨੂੰ ਪੈਕਡ ਲੰਚ ਅਤੇ ਬਿਸਕੁਟਾਂ ਦੇ ਪੈਕੇਟ ਵੰਡੇ। ਸਟੇਜ ਸਕੱਤਰ ਦੀ ਭੂਮਿਕਾ ਕੈਪਟਨ ਨਰੇਸ਼ ਵਰਮਾ ਨੇ ਨਿਭਾਈ। ਇਸ ਮੌਕੇ ਸ਼ਸ਼ੀ ਭੂਸ਼ਣ ਜੈਨ, ਨਰੇਸ਼ ਝਾਂਜੀ, ਸੁਨੀਲ ਬਜਾਜ, ਅੰਮ੍ਰਿਤ ਲਾਲ ਮਿੱਤਲ, ਮਦਨ ਲਾਲ ਬਾਂਸਲ, ਲਲਿਤ ਅੱਗਰਵਾਲ, ਡਾ. ਸ਼ਤੀਸ ਸ਼ਰਮਾ, ਰਾਜ ਕੁਮਾਰ ਭੱਲਾ, ਰਾਜਿੰਦਰ ਜੈਨ, ਅਰੁਣ ਸਿੰਗਲਾ, ਐੱਸ. ਪੀ. ਧਰਮ ਸਿੰਘ, ਪ੍ਰਮੋਦ ਸ਼ਰਮਾ, ਕੁਲਭੂਸ਼ਣ ਅਗਰਵਾਲ, ਸੂਰਜ ਅਰੋੜਾ, ਮੋਹਿਤ ਗੁਪਤਾ, ਪ੍ਰੇਮ ਕੁਮਾਰ ਤੇ ਸੋਨੂੰ ਮੱਕੜ ਹਾਜ਼ਰ ਸਨ।




# ਵਿਗਿਆਨ ਪ੍ਰਦਰਸ਼ਨੀ 'ਚ ਕੁੱਬਾ ਸਕੂਲ ਨੇ ਮਾਰੀਆਂ ਮੱਲਾਂ



**ਸਮਰਾਲਾ, (ਸੁਰਜੀਤ ਸਿੰਘ)** ਬਲਾਕ ਪੱਧਰ ਦੇ ਜੇਤੂ ਵਿਦਿਆਰਥੀਆਂ ਦੀ ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਪੀਏਯੂ ਲੁਧਿਆਣਾ ਵਿਖੇ ਕਰਾਈ ਗਈ।ਇਸ ਪ੍ਰਦਰਸ਼ਨੀ ਵਿੱਚ ਕੁੱਬਾ ਸਕੂਲ ਦੇ ਚਾਰ ਵਿਦਿਆਰਥੀਆਂ ਨੇ ਭਾਗ ਲਿਆ।ਇਨ੍ਹਾਂ ਵਿਦਿਆਰਥੀਆਂ ਵਿੱਚੋਂ ਐਲੀਮੈਂਟਰੀ ਪੱਧਰ ਤੇ ਜੋਇਸਨੂਰ ਸਿੰਘ ਨੇ ਪਹਿਲਾ ਅਤੇ ਜਸਲੀਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਸੈਕੰਡਰੀ ਪੱਧਰ 'ਤੇ ਵਿਦਿਆਰਥਣ ਅੰਮ੍ਰਿਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ।ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਦੇ ਜੇਤੂ ਵਿਦਿਆਰਥੀਆਂ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ) ਵੱਲੋਂ ਇਨਾਮ ਵੰਡੇ ਗਏ। ਉਨ੍ਹਾਂ ਨੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਅੱਗੇ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਪਹਿਲੇ ਸਥਾਨ 'ਤੇ ਆਉਣ ਵਾਲੇ ਕੁੱਬਾ ਸਕੂਲ ਦੇ ਦੋਵੇਂ ਵਿਦਿਆਰਥੀ ਅੱਗੇ ਸਟੇਟ ਪੱਧਰ ਤੇ ਭਾਗ ਲੈਣਗੇ।ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਸ੍ਰੀਮਤੀ ਜਸਵੀਰ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਤੇ ਇਨ੍ਹਾਂ ਦੇ ਗਾਈਡ ਅਧਿਆਪਕਾਂ ਸ੍ਰੀਮਤੀ ਜਸਪ੍ਰੀਤ ਕੌਰ ਸ੍ਰੀਮਤੀ ਪ੍ਰਵੀਨ ਲਤਾ ਤੇ ਸ੍ਰੀ ਮਨਪ੍ਰੀਤ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਅੱਗੇ ਸਟੇਟ ਪੱਧਰੀ ਮੁਕਾਬਲੇ ਵਿੱਚ ਭਾਗ ਲੈਣ ਲਈ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ।

...ਸ.ਫਾ 1 ਦੇ ਬਾਕੀ

## ਪਾਵਰਕਾਮ ਦੇ ਮੁੱਖ ਦਫਤਰ ਅੱਗੇ ਪਹਿਲੀ ...

ਕਾਮਯਾਬ ਕਰਨ ਤੋਂ ਇਲਾਵਾ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਸੱਦੇ 'ਤੇ 21 ਜਨਵਰੀ ਨੂੰ ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ ਸਾਹਮਣੇ ਪੰਜਾਬ ਸਰਕਾਰ ਵੱਲੋਂ ਅਦਾਰੇ ਦੀਆਂ ਜਾਇਦਾਦਾਂ ਵੇਚਣ ਦੀਆਂ ਵਿਉਂਤਬੰਦੀਆਂ ਖਿਲਾਫ਼ ਅਤੇ ਸਾਂਝੇ ਥੜ੍ਹੇ ਵਿੱਚ ਸ਼ਾਮਲ ਜਥੇਬੰਦੀਆਂ ਨਾਲ 10 ਅਗਸਤ ਅਤੇ 14 ਅਗਸਤ ਨੂੰ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਦੇ ਨਿਪਟਾਰੇ ਸੰਬੰਧੀ ਕੀਤੇ ਸਮਝੌਤੇ ਲਾਗੂ ਨਾ ਕਰਨ ਖਿਲਾਫ਼ ਵੱਡੇ ਪੱਧਰ 'ਤੇ ਰੋਸ ਧਰਨਾ ਲਗਾ ਕੇ ਸ਼ਹਿਰ ਵਿੱਚ ਕੀਤੇ ਜਾਣ ਵਾਲੇ ਝੰਡਾ ਮਾਰਚ ਲਈ ਵੱਡੀ ਲਾਮਬੰਦੀ ਕਰਨ ਦਾ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਨੂੰ ਸੱਦਾ ਦਿੱਤਾ।

ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਪੰਜਾਬ ਸਰਕਾਰ ਦੀ ਬਿਜਲੀ ਸੋਧ ਬਿੱਲ 2025 ਦੇ ਖਰੜੇ ਬਾਰੇ ਅਤੇ ਦੇਸ਼ ਵਿੱਚ ਧੱਕੇ ਨਾਲ ਲਾਗੂ ਕੀਤੇ ਮਜ਼ਦੂਰ, ਮੁਲਾਜ਼ਮ ਵਿਰੋਧੀ ਚਾਰ ਲੇਬਰ ਕੋਡਾਂ ਬਾਰੇ ਵੱਟੀ ਚੁੱਪ 'ਤੇ ਹੈਰਾਨੀ ਪ੍ਰਗਟ ਕਰਦੇ ਹੋਏ ਅਫਸੋਸ ਜ਼ਾਹਰ ਕਰਦਿਆਂ ਸਭਨਾਂ ਸੰਘਰਸ਼ਸ਼ੀਲ ਧਿਰਾਂ ਨੂੰ ਇਕਜੁੱਟ ਹੋ ਕੇ ਇਸ ਲੋਕ ਵਿਰੋਧੀ ਬਿਜਲੀ ਸੋਧ ਬਿੱਲ 2025 ਦੇ ਖਰੜੇ, ਚਾਰੇ ਲੇਬਰ ਕੋਡਾਂ ਅਤੇ ਅਦਾਰੇ ਦੀਆਂ ਜਾਇਦਾਦਾਂ ਵੇਚਣ ਦੇ ਖਿਲਾਫ਼ ਵੱਡੀ ਲਹਿਰ ਖੜੀ ਕਰਨ ਲਈ ਸਾਂਝੇ ਸੰਘਰਸ਼ਾਂ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ।

ਆਗੂਆਂ ਨੇ ਕਿਹਾ ਕਿ ਜੇਕਰ ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਬਿਜਲੀ ਸੋਧ ਬਿੱਲ 2025 ਅੱਜ ਪਾਰਲੀਮੈਂਟ ਦੇ ਸਰਦ ਰੁੱਤ ਸਮਾਗਮ ਵਿੱਚ ਪੇਸ਼ ਕੀਤਾ ਤਾਂ ਕੱਲ੍ਹ ਨੂੰ ਪੰਜਾਬ ਦੀਆਂ ਮੁਲਾਜ਼ਮ, ਮਜ਼ਦੂਰ, ਪੈਨਸ਼ਨਰ, ਕਿਸਾਨ ਜਥੇਬੰਦੀਆਂ ਕਾਲਾ ਦਿਨ ਮਨਾਉਣ ਲਈ ਮੁਲਾਜ਼ਮ ਦਫਤਰਾਂ ਵਿੱਚ ਕਾਲੀਆਂ ਪੱਗਾਂ ਬੰਨ੍ਹ ਕੇ ਅਤੇ ਔਰਤ ਕਰਮਚਾਰਨਾਂ ਕਾਲੇ ਦੁਪੱਟੇ ਲੈ ਕੇ ਜਾਂ ਕਾਲੇ ਬਿੱਲੇ ਲਗਾ ਕੇ ਬਿਜਲੀ ਸੋਧ ਬਿੱਲ 2025 ਦੇ ਖਿਲਾਫ਼ ਗੇਟ ਰੈਲੀਆਂ ਕਰਕੇ ਜ਼ੋਰਦਾਰ ਢੰਗ ਨਾਲ ਅਵਾਜ਼ ਬੁਲੰਦ ਕਰਨਗੇ। ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂਆਂ ਹਰਪਾਲ ਸਿੰਘ, ਗਰਵੇਲ ਸਿੰਘ ਬੱਲਪੁਰੀਆ, ਬਲਦੇਵ ਸਿੰਘ ਮੰਡਾਲੀ, ਰਾਧੇ ਸ਼ਿਆਮ, ਕੁਲਵਿੰਦਰ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਚਾਹਲ, ਸਰਿੰਦਰਪਾਲ ਲਹੌਰੀਆ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਹਰਮਨਦੀਪ, ਦਵਿੰਦਰ ਸਿੰਘ ਪਿਸੋਰ, ਪੂਰਨ ਸਿੰਘ ਖਾਈ, ਗੁਰਵਿੰਦਰ ਸਿੰਘ ਹਜ਼ਾਰਾ, ਜਸਵੀਰ ਸਿੰਘ ਆਂਡਲੂ, ਜਰਨੈਲ ਸਿੰਘ, ਕਰਮਜੀਤ ਸਿੰਘ ਪਟਿਆਲਾ, ਕੌਰ ਸਿੰਘ ਸੋਹੀ, ਗੁਰਤੇਜ ਸਿੰਘ ਪੱਖੋ, ਦਰਸ਼ਨ ਸਿੰਘ ਰਜੀਆ, ਬਾਬਾ ਅਮਰਜੀਤ ਸਿੰਘ, ਗੁਰਪਿਆਰ ਸਿੰਘ, ਪਵਨਪ੍ਰੀਤ ਸਿੰਘ ਆਦਿ ਨੇ ਦੱਸਿਆ ਕਿ ਸਾਂਝੇ ਥੜ੍ਹੇ ਨਾਲ ਸੰਬੰਧਤ ਅਤੇ ਹੋਰ ਭਰਾਤਰੀ ਜਥੇਬੰਦੀਆਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਤਜਵੀਜ਼ਤ ਬਿਜਲੀ ਸੋਧ ਬਿੱਲ 2025 ਦਾ ਖਰੜਾ ਜੇਕਰ ਕਾਨੂੰਨ ਬਣ ਗਿਆ ਤਾਂ ਸਮੁੱਚੇ ਦੇਸ਼ ਦੇ ਪਾਵਰ ਸੈਕਟਰ ਨੂੰ ਪੂੰਜੀਪਤੀ ਹੜੱਪ ਜਾਣਗੇ, ਜਿਸ ਦਾ ਕਿਸਾਨ ਜਥੇਬੰਦੀਆਂ ਦੇ ਸਮਰਥਨ ਨਾਲ ਸਖਤ ਵਿਰੋਧ ਕੀਤਾ ਜਾਵੇਗਾ। ਆਗੂਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਬਿਜਲੀ ਸੋਧ ਬਿੱਲ, ਚਾਰੇ ਲੇਬਰ ਕੋਡ ਸਮੇਤ ਸਰਕਾਰੀ ਜਾਇਦਾਦਾਂ ਵੇਚਣ ਦੇ ਲੋਕ ਵਿਰੋਧੀ ਫੈਸਲੇ ਵਾਪਸ ਨਾ ਲਏ ਗਏ ਤਾਂ ਬਿਜਲੀ ਮੁਲਾਜ਼ਮ, ਕਿਸਾਨ, ਮਜ਼ਦੂਰ ਅਤੇ ਹੋਰ ਜਮਹੂਰੀ ਜਥੇਬੰਦੀਆਂ ਰਲ ਕੇ ਸੂਬਾ ਪੱਧਰ 'ਤੇ ਕੀਤੇ ਜਾਣ ਵਾਲੇ ਸੰਘਰਸ਼ਾਂ ਦੇ ਇਲਾਵਾ ਦੇਸ਼-ਵਿਆਪੀ ਸੰਘਰਸ਼ਾਂ ਵਿੱਚ ਵੀ ਵੱਡੇ ਪੱਧਰ 'ਤੇ ਸ਼ਾਮਲ ਹੋ ਕੇ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਲੜੇ ਜਾਣ ਵਾਲੇ ਸੰਘਰਸ਼ਾਂ ਨੂੰ ਪੂਰੀ ਮਜ਼ਬੂਤੀ ਨਾਲ ਲੜਨਗੇ।

## ਆਮ ਆਦਮੀ ਪਾਰਟੀ ਦੀ ਬੱਲੇ-ਬੱਲੇ...

ਕਾਂਗਰਸ ਨੂੰ 836, ਆਪ ਨੂੰ 728, ਭਾਜਪਾ ਨੂੰ 134 ਵੋਟਾਂ ਮਿਲੀਆਂ ਅਤੇ 150 ਵੋਟਾਂ ਰੱਦ ਹੋਈਆਂ।

**ਬਲਾਕ ਸੰਮਤੀਆਂ ਦੇ 6 ਜ਼ੋਨਾਂ 'ਚ 'ਆਪ' ਜਿੱਤੀ** : ਬਲਾਕ ਸ੍ਰੀ ਅਨੰਦਪੁਰ ਸਾਹਿਬ ਅਧੀਨ ਆਉਂਦੇ ਬਲਾਕ ਸੰਮਤੀ ਦੇ 15 ਜ਼ੋਨਾਂ ਵਿੱਚੋਂ 8 ਜ਼ੋਨਾਂ ਦੇ ਨਤੀਜੇ ਘੋਸ਼ਿਤ ਹੋ ਚੁੱਕੇ ਹਨ ਤੇ ਇਨ੍ਹਾਂ ਨਤੀਜਿਆਂ ਵਿੱਚ 6 ਜ਼ੋਨਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਦੂਜੇ ਪਾਸੇ ਦੋ ਬਲਾਕ ਸੰਮਤੀਆਂ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰਾਂ ਵੱਲੋਂ ਜਿੱਤ ਦਰਜ ਕੀਤੀ ਗਈ।

**ਜ਼ੋਨ ਜੰਡਿਆਲਾ ਗੁਰੂ 'ਚ 'ਆਪ' ਨੇ ਦੋ ਸੀਟਾਂ ਜਿੱਤੀਆਂ** : ਜ਼ੋਨ ਜੰਡਿਆਲਾ ਗੁਰੂ ਵਿੱਚ ਪੰਚਾਇਤ ਸੰਮਤੀ ਦੀਆਂ ਚੋਣਾਂ ਦੇ ਨਤੀਜਿਆਂ ਦੇ ਸ਼ੁਰੂਆਤੀ ਦੌਰ ਵਿੱਚ ਆਮ ਆਦਮੀ ਪਾਰਟੀ ਨੇ ਆਪਣੀ ਬੜ੍ਹਤ ਬਣਾਈ ਹੈ। ਪਿੰਡ ਖੱਬੇ ਰਾਜਪੂਤਾਂ ਵਿੱਚ ਆਦਮੀ ਪਾਰਟੀ ਦੀ ਰਾਜਵਿੰਦਰ ਕੌਰ ਨੇ 1162 ਵੋਟਾਂ ਹਾਸਲ ਕਰਕੇ ਜਿੱਤ ਦਰਜ ਕੀਤੀ। ਇੱਥੇ ਭਾਜਪਾ ਦੀ ਕੁਲਜੀਤ ਕੌਰ ਨੇ 885 ਵੋਟਾਂ ਅਤੇ ਨੋਟਾ ਨੂੰ 40 ਵੋਟਾਂ ਮਿਲੀਆਂ। ਇਸੇ ਤਰ੍ਹਾਂ ਮਹਿਤਾ ਤੋਂ ਆਮ ਆਦਮੀ ਪਾਰਟੀ ਦੀ ਰਾਜਵਿੰਦਰ ਕੌਰ 779 ਵੋਟਾਂ ਲੈ ਕੇ ਜਿੱਤੀ। ਕਾਂਗਰਸ ਦੀ ਮਨਦੀਪ ਕੌਰ ਨੂੰ 765 ਵੋਟਾਂ, ਅਕਾਲੀ ਦਲ ਦੀ ਮਨਦੀਪ ਕੌਰ ਨੂੰ 373 ਵੋਟਾਂ ਅਤੇ ਭਾਜਪਾ ਦੀ ਰਾਣੀ ਨੂੰ 60 ਵੋਟਾਂ ਮਿਲੀਆਂ।

**ਆਮ ਆਦਮੀ ਪਾਰਟੀ ਜੇਤੂ** : ਬਲਾਕ ਸੰਮਤੀ ਪਾਤੜਾਂ ਦੇ ਕਲਾਰਾਂ ਜ਼ੋਨ ਤੋਂ ਆਇਆ ਪਹਿਲਾ ਨਤੀਜਾ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਗਿਆ। ਬਲਾਕ ਸੰਮਤੀ ਪਾਤੜਾਂ ਦੇ ਕਲਾਰਾਂ ਜ਼ੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਖਜਿੰਦਰ ਕੌਰ ਨੂੰ 832 ਅਤੇ ਉਨ੍ਹਾ ਦੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਜਸਵਿੰਦਰ ਕੌਰ ਨੂੰ 444 ਵੋਟਾਂ ਮਿਲੀਆਂ। ਇਸ ਤਰ੍ਹਾਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਖਜਿੰਦਰ ਕੌਰ 388 ਵੋਟਾਂ ਦੇ ਫਰਕ ਨਾਲ ਜੇਤੂ ਰਹੇ।

**ਦੋ ਸੀਟਾਂ 'ਤੇ 'ਆਪ' ਅਤੇ ਇੱਕ 'ਤੇ ਕਾਂਗਰਸ ਜੇਤੂ** : ਸ੍ਰੀ ਆਨੰਦਪੁਰ ਸਾਹਿਬ ਬਲਾਕ ਸੰਮਤੀ ਚੋਣਾਂ ਦੌਰਾਨ ਗੰਗੂਵਾਲ ਅਤੇ ਗੰਭੀਰਪੁਰ ਜ਼ੋਨ ਤੋਂ ਆਮ ਆਦਮੀ ਪਾਰਟੀ ਜੇਤੂ ਰਹੀ, ਜਦੋਂ ਕਿ ਢੇਰ ਜ਼ੋਨ ਤੋਂ ਕਾਂਗਰਸੀ ਉਮੀਦਵਾਰ ਨੇ ਜਿੱਤ ਹਾਸਿਲ ਕੀਤੀ ਹੈ। ਜਾਣਕਾਰੀ ਅਨੁਸਾਰ ਗੰਗੂਵਾਲ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਰਣਵੀਰ ਕੌਰ ਨੂੰ 791 ਵੋਟਾਂ ਪਾਈਆਂ, ਜਦੋਂ ਕਿ ਕਾਂਗਰਸ ਦੀ ਰਮੇਸ਼ ਦੇਵੀ ਨੂੰ 460 ਵੋਟਾਂ ਪਈਆਂ। ਇਸੇ ਤਰ੍ਹਾਂ ਗੰਭੀਰਪੁਰ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੁਖ ਸਿੰਘ ਸੋਢੀ ਨੇ 1310 ਵੋਟਾਂ ਹਾਸਲ ਕਰਕੇ ਜਿੱਤ ਪ੍ਰਾਪਤ ਕੀਤੀ। ਉੱਥੇ ਹੀ ਕਾਂਗਰਸ ਦੇ ਗੁਰਜਿੰਦਰ ਸਿੰਘ ਨੂੰ 999 ਵੋਟਾਂ ਪਈਆਂ, ਇਸੇ ਤਰ੍ਹਾਂ ਢੇਰ ਜ਼ੋਨ ਤੋਂ ਕਾਂਗਰਸ ਦੀ ਕੁਲਦੀਪ ਕੌਰ ਨੇ 1300 ਵੋਟਾਂ ਹਾਸਿਲ ਕੀਤੀਆਂ, ਜਦੋਂ ਕਿ ਆਮ ਆਦਮੀ ਪਾਰਟੀ ਦੀ ਸੰਦੀਪ ਕੌਰ ਨੇ 1097 ਵੋਟਾਂ ਹਾਸਲ ਕੀਤੀਆਂ। ਹੁਣ ਤੱਕ ਆਏ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਨੇ ਦੋ ਜ਼ੋਨਾਂ ਵਿੱਚ ਅਤੇ ਕਾਂਗਰਸ ਪਾਰਟੀ ਨੇ ਇੱਕ ਜ਼ੋਨ ਵਿੱਚ ਜਿੱਤ ਦਰਜ ਕੀਤੀ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

18-Dec-PAGE-3.qxd 12/17/2025 10:28 PM Page 1



# 'ਮਗਨਰੇਗਾ' 'ਤੇ ਮੋਦੀ ਸਰਕਾਰ ਦੇ ਹਮਲੇ ਦੀ ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਜ਼ੋਰਦਾਰ ਨਿੰਦਾ

**ਤਰਨਤਾਰਨ (ਪ੍ਰਿਤਪਾਲ ਸਿੰਘ)**

ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਕੇਂਦਰ ਸਰਕਾਰ ਵੱਲੋਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਗਨਰੇਗਾ) ਦੀ ਥਾਂ ਲੈਣ ਲਈ ਇੱਕ ਨਵਾਂ ਪੇਂਡੂ ਰੁਜ਼ਗਾਰ ਬਿੱਲ ਲਿਆਉਣ ਦੇ ਕਦਮ ਦਾ ਸਖ਼ਤ ਵਿਰੋਧ ਕਰਦੀ ਹੈ।ਇਸ ਇਤਿਹਾਸਕ ਕਾਨੂੰਨ ਵਿੱਚੋਂ ਮਹਾਤਮਾ ਗਾਂਧੀ ਦਾ ਨਾਮ ਜਾਣਬੁੱਝ ਕੇ ਹਟਾਉਣਾ ਸਿਰਫ਼ ਇੱਕ ਪ੍ਰਸ਼ਾਸਕੀ ਤਬਦੀਲੀ ਨਹੀਂ ਹੈ, ਸਗੋਂ ਇੱਕ ਡੂੰਘਾ ਫਾਸ਼ੀਵਾਦੀ ਵਿਚਾਰਧਾਰਕ ਕੰਮ ਹੈ, ਜੋ ਗਾਂਧੀ ਜੀ ਦੀਆਂ ਕਦਰਾਂ-ਕੀਮਤਾਂ ਅਤੇ ਵਿਰਾਸਤ ਪ੍ਰਤੀ ਭਾਜਪਾ ਦੀ ਨਫ਼ਰਤ ਨੂੰ ਉਜਾਗਰ ਕਰਦਾ ਹੈ।ਇਹ ਐਕਟ ਉਸ ਗੱਲ ਦੀ ਪੁਸ਼ਟੀ ਕਰਦਾ ਹੈ ਜੋ ਭਾਰਤ ਦੇ ਲੋਕ ਪਹਿਲਾਂ ਹੀ ਜਾਣਦੇ ਹਨ ਕਿ ਭਾਜਪਾ ਅਤੇ ਇਸਦੇ ਵਿਚਾਰਧਾਰਕ ਸਲਾਹਕਾਰ ਅਸਲ ਵਿੱਚ ਨੱਥੂ ਰਾਮ ਗੋਡਸੇ ਦੇ ਸੱਚੇ ਚੇਲੇ ਹਨ।ਇੱਕ ਅਧਿਕਾਰ ਅਧਾਰਤ ਕਾਨੂੰਨ ਨੂੰ ਖਤਮ ਕਰਕੇ ਅਤੇ ਇਸਨੂੰ ਇੱਕ ਵਿਵੇਕਸ਼ੀਲ ਯੋਜਨਾ ਵਿੱਚ ਬਦਲ ਕੇ, ਸਰਕਾਰ ਗਾਰੰਟੀਸ਼ੁਦਾ ਰੁਜ਼ਗਾਰ ਦੇ ਵਿਚਾਰ ਨੂੰ ਕਮਜ਼ੋਰ ਕਰ ਰਹੀ ਹੈ ਅਤੇ ਪੇਂਡੂ ਮਜ਼ਦੂਰਾਂ ਨੂੰ ਸਰਕਾਰੀ ਕੋਟੇ ਅਤੇ ਠੇਕੇਦਾਰਾਂ ਵੱਲੋਂ ਚਲਾਏ ਜਾਣ ਵਾਲੇ ਤੰਤਰਾਂ ਦੇ ਰਹਿਮ ਤੇ ਛੱਡ ਰਹੀ ਹੈ।ਯੂਨੀਅਨ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ ਅਤੇ ਮੰਗਲ ਸਿੰਘ ਟਾਂਡਾ ਨੇ ਕਿਹਾ ਕਿ ਖੱਬੇ-ਪੱਖੀਆਂ ਦੇ ਸਮਰਥਨ ਨਾਲ ਯੂਪੀਏ ਸਰਕਾਰ ਦੁਆਰਾ ਲਾਗੂ ਕੀਤਾ ਗਿਆ ਮਗਨਰੇਗਾ, ਸਾਡੇ ਗਣਰਾਜ ਦੇ ਇਤਿਹਾਸ ਵਿੱਚ ਇੱਕ ਵੱਡਾ ਮੀਲ ਪੱਥਰ ਹੈ ਅਤੇ ਕੰਮ ਦੇ



ਅਧਿਕਾਰ ਦੀ ਸੰਵਿਧਾਨਕ ਧਾਰਨਾ ਦਾ ਇੱਕ ਅਧਾਰ ਹੈ।ਇਸ ਐਕਟ ਨੇ ਪੇਂਡੂ ਭਾਰਤ ਵਿੱਚ ਇੱਕ ਫਲੋਰ ਵੇਜ ਨੂੰ ਸੰਸਥਾਗਤ ਬਣਾਇਆ ਅਤੇ ਇਸ ਦੀਆਂ ਵਿਵਸਥਾਵਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਾਲ ਪੇਂਡੂ ਮਜ਼ਦੂਰਾਂ ਦਾ ਸ਼ੋਸ਼ਣ ਵਧੇਗਾ।ਇੱਕ ਅਜਿਹੇ ਸਮੇਂ ਵਿੱਚ ਜਦੋਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਅਤੇ ਆਟੋਮੇਸ਼ਨ ਸ਼ਹਿਰੀ ਖੇਤਰਾਂ ਅਤੇ ਪੜ੍ਹੇ-ਲਿਖੇ ਲੋਕਾਂ ਵਿੱਚ ਨੌਕਰੀਆਂ ਨੂੰ ਤਬਾਹ ਕਰ ਰਹੇ ਹਨ, ਸਮੇਂ ਦੀ ਲੋੜ ਮਨਰੇਗਾ ਦੇ ਦਾਇਰੇ ਨੂੰ ਸ਼ਹਿਰੀ ਖੇਤਰਾਂ ਤੱਕ ਵਧਾਉਣ ਦੀ ਹੈ, ਨਾ ਕਿ ਪੇਂਡੂ ਭਾਰਤ ਵਿੱਚ ਇਸਦੇ ਦ੍ਰਿਸ਼ਟੀਕੋਣ ਅਤੇ ਸੁਰੱਖਿਆ ਨੂੰ ਤਬਾਹ ਕਰਨ ਦੀ। ਕਾਗਜ਼ਾਂ 'ਤੇ ਇਹ ਦਾਅਵਾ ਕਰਦੇ ਹੋਏ ਕਿ ਕੰਮ ਦੇ ਦਿਨ ਪ੍ਰਤੀ ਸਾਲ 125 ਤੱਕ ਵਧਾ ਦਿੱਤੇ ਜਾਣਗੇ, ਪ੍ਰਸਤਾਵਿਤ ਬਿੱਲ ਯੋਜਨਾ ਦੀ ਮੰਗ-ਅਧਾਰਤ ਪ੍ਰਕਿਰਤੀ ਨੂੰ ਹਟਾ ਦਿੰਦਾ ਹੈ, ਜਿਸ ਨਾਲ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਮੰਗ ਕਰਨ ਦੇ ਉਨ੍ਹਾਂ ਦੇ ਅਧਿਕਾਰ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਵਾਂਝਾ ਕਰ ਦਿੱਤਾ ਜਾਵੇਗਾ। ਇਸ ਨਾਲ ਮਜ਼ਦੂਰ ਠੇਕੇਦਾਰਾਂ, ਸਥਾਨਕ ਅਧਿਕਾਰੀਆਂ ਅਤੇ ਲੈਂਡ ਲਾਰਡਾਂ ਦੇ ਤਰਸ ਉਤੇ ਹੋ ਜਾਣਗੇ।ਮਨਰੇਗਾ ਨੇ ਪੇਂਡੂ ਮੰਗ ਨੂੰ ਕਾਇਮ ਰੱਖਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਕਈ ਮੌਕਿਆਂ 'ਤੇ ਭਾਰਤੀ ਅਰਥਵਿਵਸਥਾ ਨੂੰ ਮੰਦੀ ਦੇ ਦਬਾਅ ਤੋਂ ਬਚਾਇਆ ਹੈ, ਖਾਸ ਤੌਰ 'ਤੇ ਕੋਵਿਡ ਸੰਕਟ ਦੌਰਾਨ।ਨਵਾਂ ਬਿੱਲ 40% ਵਿੱਤੀ ਬੋਝ ਰਾਜ ਸਰਕਾਰਾਂ 'ਤੇ ਵੀ ਪਾਉਂਦਾ ਹੈ ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਰਾਜ ਸਰਕਾਰਾ ਪਹਿਲਾਂ ਹੀ ਨੁਕਸਦਾਰ ਜੀਐਸਟੀ ਡਿਜ਼ਾਈਨ, ਕੇਂਦਰ ਸਰਕਾਰ ਦੀ ਉਦਾਸੀਨਤਾ ਅਤੇ ਰਾਜਨੀਤਿਕ ਬਦਲਾਖੋਰੀ ਕਾਰਨ ਗੰਭੀਰ ਵਿੱਤੀ ਤਣਾਅ ਦਾ ਸਾਹਮਣਾ ਕਰ ਰਹੀਆਂ ਹਨ। ਅਜਿਹੀ ਦੂਰਗਾਮੀ ਤਬਦੀਲੀ ਕਦੇ ਵੀ ਵਿਆਪਕ ਸਲਾਹ-ਮਸ਼ਵਰੇ ਅਤੇ ਤਨਖਾਹਾਂ ਵਧਾਉਣ ਅਤੇ ਗਾਰੰਟੀਸ਼ੁਦਾ ਕੰਮ ਦੇ ਦਿਨਾਂ 'ਤੇ ਸਪੱਸ਼ਟ ਧਿਆਨ ਕੇਂਦਰਿਤ ਕੀਤੇ ਬਿਨਾਂ ਪੇਸ਼ ਨਹੀਂ ਕੀਤੀ ਜਾਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਮਜ਼ਦੂਰ-ਵਿਰੋਧੀ ਅਤੇ ਸੰਵਿਧਾਨ-ਵਿਰੋਧੀ ਕਦਮ ਦਾ ਦੇਸ਼ ਭਰ ਦੇ ਮਜ਼ਦੂਰਾਂ ਅਤੇ ਲੋਕਤੰਤਰੀ ਤਾਕਤਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾਵੇਗਾ।

# ਗੁਰੂ ਨਗਰੀ 'ਚ ਔਰਤਾਂ ਨੇ ਕੱਢੀ ਪੈਦਲ ਯਾਤਰਾ; ਸ਼ਹਿਰ ਦੇ ਗੰਧਲੇ ਹੋ ਰਹੇ ਵਾਤਾਵਰਣ ਦਾ ਉਠਾਇਆ ਮੁੱਦਾ

**ਅੰਮ੍ਰਿਤਸਰ**
**(ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਦੇ 450ਵੇਂ ਵਰ੍ਹੇ ਨੂੰ ਧਿਆਨ ਵਿੱਚ ਰੱਖਦਿਆਂ ਮਹਿਲਾਵਾਂ ਦੀ ਅਗਵਾਈ ਵਾਲੇ ਸਿਟੀਜ਼ਨ ਗਰੁੱਪ 'ਚਲੋ ਅੰਮ੍ਰਿਤਸਰ' ਵੱਲੋਂ ਇੱਕ ਜਨ ਪੈਦਲ ਯਾਤਰਾ ਕੱਢੀ ਗਈ।ਇਹ ਪੈਦਲ ਯਾਤਰਾ ਹਾਲ ਗੇਟ ਤੋਂ ਹੈਰੀਟੇਜ ਸਟ੍ਰੀਟ ਤੱਕ ਹੋਈ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਈਆਂ ਦਰਜਨਾਂ ਮਹਿਲਾਵਾਂ ਸਮੇਤ ਵੱਡੀ ਗਿਣਤੀ ਵਿੱਚ ਨਾਗਰਿਕਾਂ ਨੇ ਹਿੱਸਾ ਲਿਆ। ਇਸ ਦਾ ਮਕਸਦ ਅੰਮ੍ਰਿਤਸਰ ਨੂੰ ਪ੍ਰਭਾਵਿਤ ਕਰ ਰਹੇ ਗੰਭੀਰ ਵਾਤਾਵਰਣੀ ਮੁੱਦਿਆਂ ਵੱਲ ਸਰਕਾਰ ਦਾ ਧਿਆਨ ਖਿੱਚਣਾ ਅਤੇ ਠੋਸ ਸੁਝਾਅ ਪੇਸ਼ ਕਰਨਾ ਸੀ। ਬੀਬੀ ਭਾਨੀ ਜੀ ਦੀ ਪਾਵਨ ਧਰੋਹਰ ਵਾਲੇ ਅੰਮ੍ਰਿਤਸਰ ਦੀ ਸੰਭਾਲ ਅੱਜ ਮਹਿਲਾਵਾਂ ਤੇ ਨੌਜਵਾਨਾਂ ਸਮੇਤ ਸਾਡੀ ਸਾਂਝੀ ਜ਼ਿੰਮੇਵਾਰੀ ਹੈ।ਪੈਦਲ ਯਾਤਰਾ ਦੌਰਾਨ ਗਰੁੱਪ ਨੇ ਭਗਤਾਂਵਾਲਾ ਲੈਂਡਫ਼ਿਲ ਸਾਈਟ ਨੂੰ ਅੰਮ੍ਰਿਤਸਰ ਦੀ ਇੱਕ ਵੱਡੀ ਵਾਤਾਵਰਨਿਕ ਸਮੱਸਿਆ ਦੱਸਿਆ।ਇਹ ਡੰਪਿੰਗ ਸਥਾਨ ਸ੍ਰੀ ਹਰਿਮੰਦਰ ਸਾਹਿਬ ਤੋਂ ਲਗਭਗ ਡੇਢ ਕਿਲੋਮੀਟਰ ਦੂਰ, ਦਾਣਾ ਮੰਡੀ ਦੇ ਨੇੜੇ ਸਥਿਤ ਹੈ।ਮੈਂਬਰਾਂ ਨੇ ਕਿਹਾ ਕਿ ਇੱਥੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਸ਼ਹਿਰ ਦੀ ਹਵਾ, ਲੋਕਾਂ ਦੀ ਸਿਹਤ ਅਤੇ ਖਾਦ ਸੁਰੱਖਿਆ 'ਤੇ ਮਾੜਾ ਅਸਰ ਪਾ ਰਹੀਆਂ ਹਨ।ਉਨ੍ਹਾਂ ਨੇ ਕਚਰਾ ਸੁੱਟਣ 'ਤੇ ਤੁਰੰਤ ਰੋਕ, ਲੈਂਡਫ਼ਿਲ ਦੀ ਵਿਗਿਆਨਕ ਢੰਗ ਨਾਲ ਸਫ਼ਾਈ (ਰਿਮੀਡੀਏਸ਼ਨ) ਅਤੇ ਪ੍ਰਭਾਵਸ਼ਾਲੀ ਕਚਰਾ ਪ੍ਰਬੰਧਨ ਪ੍ਰਣਾਲੀ ਲਾਗੂ ਕਰਨ ਦੀ ਮੰਗ ਕੀਤੀ।ਗਰੁੱਪ ਨੇ ਕਿਹਾ




ਕਿ ਰੋਜ਼ਾਨਾ ਲੱਖਾਂ ਸ਼ਰਧਾਲੂ ਅਤੇ ਸੈਲਾਨੀ ਅੰਮ੍ਰਿਤਸਰ ਆਉਂਦੇ ਹਨ, ਇਸ ਲਈ ਸ਼ਹਿਰ ਦੀ ਵਾਤਾਵਰਨਿਕ ਹਾਲਤ ਸਿੱਧੇ ਤੌਰ 'ਤੇ ਜਨ ਸਿਹਤ, ਵਿਰਾਸਤੀ ਸਥਲਾਂ ਅਤੇ ਸਥਾਨਕ ਵਸਨੀਕਾਂ ਦੀ ਜੀਵਨ ਗੁਣਵੱਤਾ ਨਾਲ ਜੁੜੀ ਹੋਈ ਹੈ।ਇਸ ਦੇ ਨਾਲ ਹੀ ਪੁਰਾਣੇ ਸ਼ਹਿਰ (ਵਾਲਡ ਸਿਟੀ) ਵਿੱਚੋਂ ਕੂੜੇ ਦੇ ਢੇਰ ਹਟਾਉਣ ਦੀ ਵੀ ਮੰਗ ਕੀਤੀ ਗਈ।ਸਥਾਪਨਾ ਵਰ੍ਹੇ ਨੂੰ ਯਾਦਗਾਰ ਅਤੇ ਅਰਥਪੂਰਨ ਬਣਾਉਣ ਲਈ 'ਚਲੋ ਅੰਮ੍ਰਿਤਸਰ' ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ 450 ਬਾਗ਼ ਤਿਆਰ ਕਰਨ ਦਾ ਸੁਝਾਅ ਦਿੱਤਾ। ਹਰ ਬਾਗ਼ ਵਿੱਚ 450 ਦੇਸੀ ਦਰੱਖ਼ਤ ਲਗਾਉਣ ਦੀ ਯੋਜਨਾ ਰੱਖੀ ਗਈ ਹੈ, ਜਿਸ ਨਾਲ ਹਰਿਆਵਲ ਵਧੇਗੀ, ਜੈਵ-ਵਿਭਿੰਨਤਾ ਨੂੰ ਬਲ ਮਿਲੇਗਾ ਅਤੇ ਭੂਜਲ ਪੱਧਰ ਨੂੰ ਸੁਧਾਰਣ ਵਿੱਚ ਮਦਦ ਮਿਲੇਗੀ।ਵੌਇਸ ਆਫ਼ ਅੰਮ੍ਰਿਤਸਰ ਦੀ ਪ੍ਰਧਾਨ ਇੰਦੂ ਅਰੋੜਾ ਨੇ ਕਿਹਾ ਕਿ ਸਾਫ਼ ਹਵਾ ਅਤੇ ਸੁਚੱਜੇ ਜਨਤਕ ਸਥਾਨ ਗੁਰੂ ਦੀ ਨਗਰੀ ਦੀ ਪਹਿਚਾਣ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹਨ।ਵਟਾਰੁੱਖ ਫ਼ਾਊਂਡੇਸ਼ਨ ਦੀ ਨਿਰਦੇਸ਼ਕ ਸਮੀਤਾ ਕੌਰ ਨੇ ਕਿਹਾ ਕਿ 450ਵਾਂ ਸਥਾਪਨਾ ਵਰ੍ਹਾ ਸ਼ਹਿਰ ਦੇ ਭਵਿੱਖ ਬਾਰੇ ਸੋਚਣ ਦਾ ਇੱਕ ਮਹੱਤਵਪੂਰਨ ਮੌਕਾ ਹੈ। ਉਨ੍ਹਾਂ ਕਿਹਾ ਕਿ ਤਿਉਹਾਰ ਜ਼ਰੂਰੀ ਹਨ, ਪਰ ਜੇ ਵਾਤਾਵਰਣੀ ਚੁਣੌਤੀਆਂ ਦਾ ਹੱਲ ਨਾ ਕੱਢਿਆ ਗਿਆ ਤਾਂ ਇਹ ਅਧੂਰੇ ਰਹਿ ਜਾਣਗੇ।ਡਾ. ਅਮ੍ਰਿਤਾ ਰਾਣਾ ਨੇ ਕਿਹਾ ਕਿ ਬੇਕਾਬੂ ਲੈਂਡਫ਼ਿਲ ਸਿੱਧੇ ਤੌਰ 'ਤੇ ਜਨ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਸਾਹ ਸੰਬੰਧੀ ਬਿਮਾਰੀਆਂ ਵਧਾਉਂਦੇ ਹਨ, ਇਸ ਲਈ ਸਮੇਂ ਸਿਰ ਦਖ਼ਲ ਬਹੁਤ ਲਾਜ਼ਮੀ ਹੈ।'ਚਲੋ ਅੰਮ੍ਰਿਤਸਰ ਦੇ ਮੈਂਬਰਾਂ ਵਿੱਚ ਇੰਦੂ ਅਰੋੜਾ, ਸਮਿਤਾ ਕੌਰ, ਡਾ: ਨਵਨੀਤ ਭੁੱਲਰ, ਡਾ: ਅੰਮ੍ਰਿਤਾ ਰਾਣਾ, ਪੱਲਵੀ ਲੂਥਰਾ ਕਪੂਰ, ਸਵਰਨਜੀਤ ਕੌਰ, ਪ੍ਰੀਤ ਧਨੋਆ, ਸ਼ਵੇਤਾ ਮਹਿਰਾ, ਡਾ: ਸਿਮਰਪ੍ਰੀਤ ਸੰਧੂ, ਰਿਪਨਜੋਤ ਬੱਗਾ, ਗੀਤੂ ਮੱਲ੍ਹਣ, ਅਤੇ ਮਨਪ੍ਰੀਤ ਖਹਿਰਾ ਸ਼ਾਮਲ ਸਨ।

# ਰਿਆੜਕੀ ਕਾਲਜ 'ਚ ਕਰਵਾਇਆ 'ਪਹਿਲਾ ਗੁਰਭਜਨ ਗਿੱਲ ਕਾਵਿ ਮੁਕਾਬਲਾ'

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਪੰਜਾਬ ਦੇ ਸਾਂਤੀ ਨਿਕੇਤਨ ਵਜੋਂ ਜਾਣੇ ਜਾਂਦੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿਖੇ ਸਾਹਿਤਕ ਰੰਗਾਂ ਨਾਲ ਰੰਗਿਆ 'ਪਹਿਲਾ ਗੁਰਭਜਨ ਗਿੱਲ ਕਾਵਿ ਮੁਕਾਬਲਾ' ਨਵਜੋਤ ਸਿੰਘ ਭੰਗੂ ਦੇ ਯਤਨਾਂ ਸਦਕਾ ਸੁਚਾਰੂ ਤਰੀਕੇ ਨਾਲ ਆਯੋਜਿਤ ਕੀਤਾ ਗਿਆ। ਕਾਲਜ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਅਤੇ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਦੇ ਪ੍ਰਬੰਧਾਂ ਵਿੱਚ ਹੋਏ ਇਸ ਕਾਵਿ ਮੁਕਾਬਲੇ ਵਿੱਚ ਪ੍ਰਸਿੱਧ ਸ਼ਾਇਰ, ਆਲੋਚਕ ਅਤੇ ਚਿੰਤਕ ਡਾ. ਦੇਵੇਂਦਰ ਸੈਫ਼ੀ, ਪ੍ਰਸਿੱਧ ਨਾਟਕਕਾਰ ਤੇ ਕਵੀ ਗੁਰਮੇਲ ਸਿੰਘ, ਕੁਲਦੀਪ ਸਿੰਘ ਕਾਹਲੋਂ ਏ ਆਰ ਮਾਰਕੀਟ ਕਮੇਟੀ ਮਜੀਠਾ ਜਿਹੇ ਪ੍ਰਸਿੱਧ ਕਵੀਆਂ, ਨੌਜਵਾਨ ਕਲਮਕਾਰਾਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਹਰਿੰਦਰ ਕੌਰ ਰਿਆੜ, ਐਡਵੋਕੇਟ ਪਰਮਪਾਲ ਸਿੰਘ ਹੁੰਦਲ, ਪ੍ਰਧਾਨ ਬਖਤਾਵਰ ਸਿੰਘ ਲਾਧੂਪੁਰ ਨੇ ਵਿਸ਼ੇਸ਼ ਤੌਰ 'ਤੇ ਹਾਜਰੀ ਭਰੀ। ਬਾਹਰੋਂ ਆਏ ਮਹਿਮਾਨਾਂ ਦਾ ਕਾਲਜ ਆਉਣ ਤੇ ਸਵਾਗਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਵਿਦਿਆਰਥੀ ਸੈਕਟਰੀ ਨਵਨੀਤ ਕੌਰ ਨਿਮਾਣੇ ਨੇ ਕਾਲਜ ਦੀ ਰਿਪੋਰਟ ਪੇਸ਼ ਕਰਕੇ ਕੀਤੀ। ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਕਿਹਾ ਕਵਿਤਾ ਰੂਹ ਦੀ ਬੋਲੀ ਹੈ ਤੇ ਕਵਿਤਾ ਸਾਡੇ ਵਿੱਚ ਸੋਚਣ ਦੀ ਸਮਰੱਥਾ, ਸਮਝਣ ਦੀ ਕਲਾ ਅਤੇ ਬੋਲਣ ਦੀ ਤਾਕਤ ਪੈਦਾ ਕਰਦੀ ਹੈ।

**ਜੇਤੂ ਕਵੀਆਂ ਨੂੰ 5100, 4100 ਅਤੇ 3100 ਰੁਪਏ ਦੇ ਨਕਦ ਇਨਾਮ ਭੇਟ**



ਸੰਸਥਾ ਵਿੱਚ ਅਜਿਹੇ ਸਮਾਗਮ ਕਰਵਾਉਣ ਦਾ ਮਨੋਰਥ ਬੱਚਿਆਂ ਵਿੱਚ ਰਚਨਾਤਮਕਤਾ, ਭਾਵਨਾ, ਨੈਤਿਕਤਾ ਅਤੇ ਸਵੈ -ਅਨੁਸ਼ਾਸਨ ਪੈਦਾ ਕਰਨਾ ਹੈ। ਕੁਲਦੀਪ ਸਿੰਘ ਨੇ ਅਧਿਆਤਮਿਕ ਨਾਲ ਭਰਪੂਰ ਆਪਣੀਆਂ ਰਚਨਾਵਾਂ ਰਾਹੀਂ ਦਰਬਾਰ ਨੂੰ ਰੂਹਾਨੀ ਰੰਗਾਂ ਨਾਲ ਭਰ ਦਿੱਤਾ। ਵਿਦਿਆਰਥੀ ਕਵੀਆਂ ਬਾਰੇ ਉਨ੍ਹਾਂ ਕਿਹਾ ਕਵੀ ਦਰਬਾਰ ਦੇ ਮੰਚ ਉੱਤੇ ਵਿਦਿਆਰਥੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਜੋ ਕਲਾ, ਜ਼ਜ਼ਬਾ ਅਤੇ ਸਿਰਜਣਾਤਮਕਤਾ ਪ੍ਰਗਟਾਈ ਹੈ ਉਹ ਸੱਚਮੁੱਚ ਕਾਬਿਲ-ਏ-ਤਾਰੀਫ ਹੈ। ਬੱਚਿਆ ਦੀ ਹਰ ਇਕ ਕਵਿਤਾ ਵਿੱਚ ਵਿਚਾਰਾਂ ਦੀ ਪਕੜ, ਬੋਲੀ ਦੀ ਮਿਠਾਸ ਤੇ ਗਹਿਰੇ ਜ਼ਜ਼ਬਾਤਾਂ ਦੀ ਛਾਪ ਸਾਫ ਦਿਸਦੀ ਹੈ। ਨਾਟਕਕਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀਆਂ ਦੋਨੋਂ ਭੈਣਾਂ ਇਸ ਸੰਸਥਾ ਵਿੱਚੋਂ ਪੜ੍ਹ ਕੇ ਸਰਕਾਰੀ ਅਹੁਦਿਆਂ ਤੇ ਸੇਵਾ ਨਿਭਾ ਰਹੀਆਂ ਹਨ। ਉਹਨਾਂ ਦਾ ਕਹਿਣਾ ਹੈ ਕਿ ਇਹ ਸੰਸਥਾ ਉਹਨਾਂ ਲਈ ਸਿਰਫ ਸਿੱਖਿਆ ਦੇਣ ਵਾਲਾ ਕੇਂਦਰ ਹੀ ਨਹੀਂ ਹੈ ਸਗੋਂ ਇੱਕ ਗੁਰਮਤਿ-ਮੁਲਕ ਘਰ ਹੈ ਜਿੱਥੋਂ ਉਹਨਾਂ ਨੂੰ ਜੀਵਨ ਦੇ ਹਰੇਕ ਪੱਖ ਵਿੱਚ ਮਜ਼ਬੂਤੀ, ਸੰਸਕਾਰ ਅਤੇ ਨਿਡਰਤਾ ਮਿਲੀ ਹੈ। ਕਾਵਿ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਡਾਕਟਰ ਦਵਿੰਦਰ ਸੈਫੀ ਨੇ ਸਭ ਤੋਂ ਪਹਿਲੀ ਕਵਿਤਾ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਉਪਰੰਤ ਉਹਨਾਂ ਨੇ ਆਪਣੀ ਸਭ ਤੋਂ ਮਸ਼ਹੂਰ ਗੋਲਡ ਮੈਡਲ ਜੇਤੂ ਕਵਿਤਾ 'ਮੰਥਨ' ਦੀ ਪੇਸ਼ਕਾਰੀ ਕਰਦਿਆਂ ਉਸ ਦੀ ਤੁਲਨਾ ਕਾਲਜ ਦੇ ਗੁਰਦੁਆਰਾ ਸਾਹਿਬ ਨਾਲ ਕੀਤੀ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ-ਨਾਲ ਕੁਰਾਨ, ਬਾਈਬਲ ਅਤੇ ਗੀਤਾ ਵਰਗੇ ਪਵਿੱਤਰ ਗ੍ਰੰਥ ਸਨਮਾਨ ਨਾਲ ਸ਼ੁਸ਼ੋਭਿਤ ਹਨ। ਉਹਨਾਂ ਕਿਹਾ ਅੱਜ ਤੱਕ ਉਹਨਾਂ ਨੇ ਅਜਿਹੀ ਸੰਸਥਾ ਕਦੇ ਨਹੀਂ ਵੇਖੀ ਜਿੱਥੇ ਏਨਾ ਪਵਿੱਤਰ ਤੇ ਘਰ ਵਰਗਾ ਮਾਹੌਲ ਹੋਵੇ। ਪ੍ਰਿੰਸੀਪਲ ਸਵਰਨ ਸਿੰਘ ਵਿਰਕ, ਗਗਨਦੀਪ ਸਿੰਘ ਵਿਰਕ, ਪ੍ਰਿੰਸੀਪਲ ਹਰਿੰਦਰ ਕੌਰ ਰਿਆੜ ਦੁਆਰਾ ਪਹਿਲਾ ਸਥਾਨ ਹਾਸਲ ਕਰਨ ਵਾਲੇ ਡਾਕਟਰ ਸੈਫੀ, ਦੂਜਾ ਸਥਾਨ ਹਾਸਲ ਕਰਨ ਵਾਲੇ ਕੁਲਦੀਪ ਸਿੰਘ ਅਤੇ ਤੀਸਰਾ ਸਥਾਨ ਹਾਸਲ ਕਰਨ ਵਾਲੇ ਗੁਰਮੇਲ ਸਿੰਘ ਨੂੰ ਸੰਸਥਾ ਵੱਲੋਂ ਕਰਮਵਾਰ 5100, 4100 ਅਤੇ 3100 ਰੁਪਏ ਦੀ ਨਕਦ ਰਾਸ਼ੀ ਦੇ ਨਾਲ ਦੁਸ਼ਾਲਾ, ਕਾਲਜ ਦਾ ਔਰਗੈਨਿਕ ਗੁੜ ਅਤੇ ਚੌਲ ਭੇਟ ਕੀਤਾ ਗਿਆ। ਇਸ ਤੋਂ ਇਲਾਵਾ ਬਾਹਰੋਂ ਆਏ ਹਰੇਕ ਮਹਿਮਾਨ ਦਾ ਵੀ ਸਨਮਾਨ ਕੀਤਾ ਗਿਆ ਤੇ ਕਵੀ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿਦਿਆਰਥੀ ਨੂੰ ਸਨਮਾਨ ਚਿੰਨ ਭੇਟ ਕੀਤਾ ਗਿਆ। ਅਖੀਰ ਦੇਵੇਂਦਰ ਸੈਫੀ ਦਾ ਲਿਖਿਆ ਗੀਤ 'ਨੀ ਕੁੜੀਓ ਹੱਸਦੀਆਂ ਰਹੋ, ਹੱਸਦੀਆਂ ਲੱਗਦੀਆਂ ਚੰਗੀਆਂ' ਗੁਰਮੇਲ ਸਿੰਘ ਨੇ ਸਭ ਵਿਦਿਆਰਥੀਆਂ ਨਾਲ ਰਲ ਕੇ ਗਾਇਆ ਜਿਸ ਨਾਲ ਸਾਰਾ ਮਾਹੌਲ ਪਿਆਰ, ਜੋਸ਼ ਤੇ ਖੁਸ਼ੀ ਵਿੱਚ ਗੂੰਜ ਉੱਠਿਆ।

# ਬਿਜਲੀ/ਬੀਜ ਬਿੱਲ, ਲੇਬਰ ਕੋਡ ਤੇ ਨਰੇਗਾ ਬਿੱਲ ਲੋਕ ਵਿਰੋਧੀ:ਗਿੱਲ, ਮਾੜੀਮੇਘਾ



**ਝਬਾਲ, (ਹਰਜਿੰਦਰ ਸਿੰਘ ਸੋਨੀ)**

ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਕੌਂਸਲ ਮੀਟਿੰਗ ਸਥਾਨਕ ਦੇਸ਼ ਭਗਤ ਅਰਜਨ ਸਿੰਘ ਗੜਗੱਜ ਭਵਨ ਵਿਖੇ ਪੂਰਨ ਸਿੰਘ ਮਾੜੀਮੇਘਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਵਰਕਿੰਗ ਪ੍ਰਧਾਨ ਮਹਾਂਬੀਰ ਸਿੰਘ ਗਿੱਲ ਤੇ ਜ਼ਿਲ੍ਹਾ ਸਕੱਤਰ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮੌਜੂਦਾ ਲੋਕ ਸਭਾ ਸੈਸ਼ਨ ਵਿੱਚ ਲਿਆਂਦਾ ਜਾ ਰਿਹਾ ਬਿਜਲੀ ਬਿੱਲ,ਬੀਜ ਬਿੱਲ, ਲਾਗੂ ਕੀਤੇ ਲੇਬਰ ਕੋਡ ਤੇ ਲੋਕ ਸਭਾ ਵਿੱਚ ਪੇਸ਼ ਕੀਤਾ ਜਾ ਰਿਹਾ ਨਰੇਗਾ ਦਾ ਬਦਲ, ਇਹ ਸਾਰੇ ਲੋਕ ਵਿਰੋਧੀ ਨੀਤੀਆਂ ਵਾਲੇ ਬਿੱਲ ਹਨ ਜਿਨ੍ਹਾਂ ਦੇ ਪਾਸ ਹੋਣ ਨਾਲ ਕਿਸਾਨ, ਮਜ਼ਦੂਰ ਤੇ ਬਾਕੀ ਮਿਹਨਤਕਸ਼ ਤਬਕਾ ਹੋਰ ਨਪੀੜਿਆ ਜਾਵੇਗਾ ਤੇ ਕਾਰਪੋਰੇਟ ਘਰਾਣਿਆਂ ਦੀ ਲੁੱਟ ਹੋਰ ਤੇਜ਼ ਹੋਵੇਗੀ।ਇਸ ਮੌਕੇ ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਵਲਟੋਹਾ ਤੇ ਮੀਤ ਪ੍ਰਧਾਨ ਸੁਖਦੇਵ ਸਿੰਘ ਮਾਨੋਚਾਹਲ ਨੇ ਕਿਹਾ ਕਿ ਡੀ ਏ ਪੀ ਖਾਦ ਦੇ ਬਾਅਦ ਹੁਣ ਯੂਰੀਆ ਖਾਦ ਦੀ ਵੀ ਕਾਲਾਬਜ਼ਾਰੀ ਹੋ ਰਹੀ ਹੈ।ਸਰਕਾਰੀ ਪ੍ਰਬੰਧ ਇੰਨਾ ਗ਼ਰਕ ਗਿਆ ਹੈ ਕਿ ਕਿਸਾਨ ਨੂੰ ਪੈਸੇ ਦੇ ਕੇ ਲੈਣ ਵਾਲੀ ਖਾਦ ਲਈ ਵੀ ਧੱਕੇ ਖਾਣੇ ਪੈਂਦੇ ਹਨ।ਕੁੱਲ ਹਿੰਦ ਕਿਸਾਨ ਸਭਾ ਨੇ ਫੈਸਲਾ ਕੀਤਾ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ ਦਿੱਤੇ ਐਕਸ਼ਨ ਪੂਰੀ ਤਨਦੇਹੀ ਨਾਲ ਲਾਗੂ ਕੀਤੇ ਜਾਣਗੇ।ਬਿਜਲੀ ਬਿੱਲ ਪਾਸ ਹੋਣ ਨਾਲ ਬਿਜਲੀ ਕਾਰਪੋਰੇਟ ਘਰਾਣਿਆਂ ਦੇ ਹੱਥ ਚਲੇ ਜਾਵੇਗੀ ਅਤੇ ਇਸ ਨਾਲ ਆਮ ਜਨਤਾ ਦੀ ਲੁੱਟ ਹੋਵੇਗੀ।ਉਨ੍ਹਾਂ ਕਿਹਾ ਕਿ ਬਿਜਲੀ ਹਰ ਇਨਸਾਨ ਦੀ ਮੁੱਢਲੀ ਲੋੜ ਬਣ ਗਈ ਹੈ।ਮੁੱਢਲੀਆਂ ਲੋੜਾਂ ਪੂਰੀਆਂ ਕਰਨਾ ਸਰਕਾਰ ਦਾ ਫਰਜ਼ ਬਣਦਾ ਹੈ, ਕੋਈ ਅਹਿਸਾਨ ਨਹੀਂ ਹੁੰਦਾ।ਉਨ੍ਹਾਂ ਕਿਹਾ ਕਿ ਗਰੀਬ ਮਜ਼ਦੂਰ ਪਰਿਵਾਰਾਂ ਨੂੰ ਕੁੱਝ ਆਸਰਾ ਦਿੰਦਾ ਨਰੇਗਾ ਕਾਨੂੰਨ ਵੀ ਧਰਮ ਦੇ ਨਾਂਅ ਤੇ ਤੋੜ ਕੇ ਘੱਟੇ ਕੌਡੀਆਂ ਕੀਤਾ ਜਾ ਰਿਹਾ ਹੈ।ਲੇਬਰ ਕੋਡ ਲਾਗੂ ਹੋਣ ਨਾਲ ਠੇਕਾ ਅਧਾਰਿਤ ਤੇ ਆਊਟਸੋਰਸ ਮੁਲਾਜ਼ਮ, ਸਕੀਮ ਵਰਕਰਾਂ ਸਮੇਤ ਸਮਾਜ ਦਾ ਵੱਡਾ ਹਿੱਸਾ ਨਪੀੜਿਆ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਦਵਿੰਦਰ ਸੋਹਲ, ਗੁਰਦਿਆਲ ਸਿੰਘ ਵਰਨਾਲਾ, ਰਾਣਾ ਰਣਜੀਤ ਸਿੰਘ, ਪਰਮਜੀਤ ਸਿੰਘ ਚੋਹਲਾ, ਮੋਤਾ ਸਿੰਘ ਸੋਹਲ, ਕਾਰਜ ਸਿੰਘ ਕੈਰੋਂ, ਜਸਪਾਲ ਸਿੰਘ ਭਿੱਖੀਵਿੰਡ, ਰਛਪਾਲ ਸਿੰਘ ਬਾਠ, ਬਾਬਾ ਹੀਰਾ ਸਿੰਘ ਤਲਵੰਡੀ, ਕਾਮਰੇਡ ਚਰਨ ਸਿੰਘ, ਅਵਤਾਰ ਸਿੰਘ ਪਲਾਸੌਰ ਹਾਜ਼ਰ ਸਨ।

# 'ਸਕੂਲ ਆਫਤ ਪ੍ਰਬੰਧਕ ਯੋਜਨਾ' ਵਿਸ਼ੇ 'ਤੇ ਲੱਗਾ ਸੈਮੀਨਾਰ



**ਬਟਾਲਾ, (ਡਾ. ਮਲਵਿੰਦਰ ਸਿੰਘ)**

ਸਥਾਨਕ ਸਿਵਲ ਡਿਫੈਂਸ ਵੱਲੋਂ ਜ਼ਿਲਾ ਕਮਾਂਡਰ ਪੰਜਾਬ ਹੋਮ ਗਾਰਡਜ਼ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਤੇ ਸਟੋਰ ਸੁਪਰਡੈਂਟ, ਸਿਵਲ ਡਿਫੈਂਸ ਬਟਾਲਾ ਦੀ ਅਗਵਾਈ 'ਚ ਵਾਰਡਨ ਸਰਵਿਸ, ਪੋਸਟ ਨੰ. 8 ਵਲੋਂ ਸਕੂਲ ਆਫਤ ਪ੍ਰਬੰਧਕ ਯੋਜਨਾ ਵਿਸ਼ੇ 'ਤੇ ਸੈਮੀਨਾਰ ਐੱਫ. ਐੱਮ. ਮਾਨ ਸਿਲਵਰ ਕਰੀਕ ਸਕੂਲ ਵਿਖੇ ਲਗਾਇਆ ਗਿਆ ਜਿਸ ਵਿਚ ਸਾਰੇ ਅਧਿਆਪਕਾਂ ਨੇ ਹਿੱਸਾ ਲਿਆ।ਇਸੇ ਮੌਕੇ ਸਭ ਤੋਂ ਪਹਿਲਾਂ ਦਸੰਬਰ 1995 'ਚ ਵਾਪਰੇ ਦਰਦਨਾਕ ਤੇ ਭਿਆਨਕ ਅੱਗਜ਼ਨੀ ਹਾਦਸੇ ਵਿਚ ਵਿਛੜ ਗਏ ਸਕੂਲੀ ਬੱਚਿਆਂ ਤੇ ਹੋਰਨਾਂ ਨੂੰ ਯਾਦ ਕੀਤਾ ਤੇ ਸ਼ਰਧਾਂਜਲੀ ਦਿੱਤੀ। ਉਪਰੰਤ ਪੋਸਟ ਵਾਰਡ ਹਰਬਖ਼ਸ਼ ਸਿੰਘ ਵੱਲੋਂ ਸਕੂਲ ਆਫਤ ਪ੍ਰਬੰਧਕ ਯੋਜਨਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਇਹ ਯੋਜਨਾ ਹਰੇਕ ਸਕੂਲ ਲਈ ਕਿਉਂ ਜ਼ਰੂਰੀ ਹੈ।ਉਨ੍ਹਾਂ ਦੱਸਿਆ ਕਿ ਆਫਤ ਕਦੀ ਵੀ ਦੱਸ ਕੇ ਨਹੀਂ ਆਉਂਦੀ। ਜੇਕਰ ਪਹਿਲਾਂ ਤਿਆਰੀ ਕੀਤੀ ਹੋਵੇਗੀ ਭਾਵ ਮੌਕ ਡਰਿਲਾਂ ਕੀਤੀਆਂ ਹੋਣਗੀਆਂ ਤਾਂ ਕਿਸੇ ਵੀ ਨੁਕਸਾਨ ਨੂੰ ਘੱਟ ਜ਼ਰੂਰ ਕੀਤਾ ਜਾ ਸਕਦਾ ਹੈ।ਜੇਕਰ ਅਣਗਹਿਲੀ ਕਾਰਣ ਕੋਈ ਘਟਨਾ ਵਾਪਰ ਜਾਵੇ ਤਾਂ ਤੁਰੰਤ ਸਹਾਇਤਾ ਲਈ 112 ਨੰਬਰ 'ਤੇ ਸੰਪਰਕ ਕਰੋ।ਇਸ ਮੌਕੇ ਪ੍ਰਿੰਸੀਪਲ ਹਰਜਾਪ ਕੌਰ, ਕਪਿਲ ਸ਼ਰਮਾ, ਨੀਲਮ, ਸਪਨਾ, ਸੁਮੀਤ, ਸਿਮਰਨਜੀਤ, ਰੇਨੂੰ, ਅਮਰਦੀਪ, ਰੇਸ਼ਮ, ਸੁਖਵਿੰਦਰ, ਚਰਨਜੀਤ, ਉਪਮਨਦੀਪ ਤੇ ਚਰਨਜੀਤ ਸਿੰਘ ਹਾਜ਼ਰ ਸਨ।

# ਦੋ ਨਸ਼ਾ ਤਸਕਰਾਂ ਖ਼ਿਲਾਫ਼ ਐੱਨ ਡੀ ਪੀ ਐੱਸ ਐਕਟ ਤਹਿਤ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-

ਥਾਣਾ ਤਿੱਬੜ ਦੇ ਏਐੱਸਆਈ ਰਕੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ ਪੁਲ ਔਜਲਾ ਬਾਈਪਾਸ ਹੇਠਾਂ ਤੋਂ ਸੁਖਰਾਜ ਕੁਮਾਰ ਪੁੱਤਰ ਪ੍ਰਕਾਸ਼ ਚੰਦ ਵਾਸੀ ਨਾਰਦਾ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਕਤ ਵਿਅਕਤੀ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿਚੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਇਸੇ ਤਰ੍ਹਾਂ ਥਾਣਾ ਦੀਨਾਨਗਰ ਦੇ ਏਐੱਸਆਈ ਰਮੇਸ਼ ਕੁਮਾਰ ਨੇ ਸਮੇਤ ਪੁਲਸ ਪਾਰਟੀ ਆਰੀਆ ਨਗਰ ਦੀਨਾਨਗਰ ਤੋਂ ਗੌਰਵ ਉਰਫ ਕਾਲਾ ਪੁੱਤਰ ਗੁਰਦੀਪ ਸਿੰਘ ਵਾਸੀ ਪਨਿਆੜ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿਚੋਂ 7.04 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਨੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਅੰਤਰ-ਸਕੂਲ ਹਿੰਦੀ ਅਤੇ ਪੰਜਾਬੀ ਭਾਸ਼ਣ ਮੁਕਾਬਲੇ 'ਚ ਵਿਦਿਆਰਥਣਾਂ ਦਾ ਪਹਿਲਾ ਸਥਾਨ




**ਬਟਾਲਾ (ਤਰਲੋਕ ਬੱਗਾ)**

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਬਲਿਦਾਨ ਦਿਵਸ ਨੂੰ ਸਮਰਪਿਤ ਭਾਰਤ ਵਿਕਾਸ ਪਰਿਸ਼ਦ ਵੱਲੋਂ ਆਯੋਜਿਤ ਪੰਜਾਬੀ ਤੇ ਹਿੰਦੀ ਭਾਸ਼ਣ ਮੁਕਾਬਲਿਆਂ ਵਿੱਚ ਆਰ.ਡੀ. ਖੋਸਲਾ ਡੀ.ਏ.ਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲਾਂ ਸਥਾਨ ਪ੍ਰਾਪਤ ਕੀਤਾ। 7ਵੀਂ ਜਮਾਤ ਦੀ ਵਿਦਿਆਰਥਣ ਮਾਧਵੀ ਸਾਨਨ ਨੇ ਹਿੰਦੀ ਭਾਸ਼ਣ ਸ਼੍ਰੇਣੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ 12ਵੀਂ ਜਮਾਤ ਦੀ ਵਿਦਿਆਰਥਣ ਹਰਨੂਰ ਕੌਰ ਨੇ ਪੰਜਾਬੀ ਭਾਸ਼ਣ ਸ਼੍ਰੇਣੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਦੋਵਾਂ ਵਿਦਿਆਰਥੀਆਂ ਨੇ ਆਪਣੇ ਆਤਮਵਿਸ਼ਵਾਸ, ਡੂੰਘੀ ਸਮਝ, ਸ਼ਕਤੀਸ਼ਾਲੀ ਵਿਚਾਰਾਂ, ਪ੍ਰਭਾਵਸ਼ਾਲੀ ਪੇਸ਼ਕਾਰੀ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਮਹਾਨ ਬਲੀਦਾਨ ਦੇ ਸੰਦੇਸ਼ ਦੀ ਸ਼ਕਤੀਸ਼ਾਲੀ ਪੇਸ਼ਕਾਰੀ ਨਾਲ ਸਾਰਿਆਂ ਨੂੰ ਪ੍ਰਭਾਵਿਤ ਕੀਤਾ।ਇਨ੍ਹਾਂ ਵਿਦਿਆਰਥੀਆਂ ਨੂੰ ਰਾਜ ਪੱਧਰੀ ਮੁਕਾਬਲੇ ਲਈ ਚੁਣਿਆ ਗਿਆ ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ, ਅਤੇ ਪ੍ਰਿੰਸੀਪਲ, ਡਾ. ਬਿੰਦੂ ਭੱਲਾ ਨੇ ਦੋਵਾਂ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਉਨ੍ਹਾਂ ਦੇ ਮਾਰਗਦਰਸ਼ਕ ਅਧਿਆਪਕਾਂ, ਅਨੀਤਾ ਸ਼ਰਮਾ ਅਤੇ ਸੀਮਾ ਸ਼ਰਮਾ ਨੂੰ ਇਸ ਮਾਣਮੱਤੀ ਪ੍ਰਾਪਤੀ ਤੇ ਦਿਲੋਂ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਨੂੰ ਆਤਮਵਿਸ਼ਵਾਸ, ਭਾਸ਼ਾਈ ਮੁਹਾਰਤ ਵਿਕਸਤ ਕਰਨ ਅਤੇ ਦੇਸ਼ ਦੇ ਮਹਾਨ ਪੁਰਸ਼ਾਂ ਦੇ ਆਦਰਸ਼ਾਂ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦੇ ਹਨ ਅਤੇ ਉਨ੍ਹਾਂ ਨੂੰ ਹਿੰਮਤ, ਸੱਚਾਈ ਅਤੇ ਧਾਰਮਿਕਤਾ ਵਰਗੇ ਨੈਤਿਕ ਮੁੱਲਾਂ ਨੂੰ ਪੈਦਾ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ।ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਵਿਦਿਆਰਥੀ ਭਵਿੱਖ ਦੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਵੀ ਇਸੇ ਤਰ੍ਹਾਂ ਵਧੀਆ ਪ੍ਰਦਰਸ਼ਨ ਕਰਨਗੇ।

# ਸੈਲਫ ਡਿਫੈਂਸ ਐਂਡ ਫਿਟਨੈੱਸ ਸੈਂਟਰ ਦਾ ਉਦਘਾਟਨ



**ਖਾਸਾ, (ਸ਼ਸ਼ਪਾਲ ਸਿੰਘ)**

ਬੁੱਧਵਾਰ ਨੂੰ ਮੋਹਨੀ ਪਾਰਕ ਵਿਚ ਸਰੀਰਕ ਫਿਟਨੈੱਸ ਤੇ ਆਤਮ ਰੱਖਿਆ ਲਈ ਗਰਿਪ ਐਂਡ ਗੇਨ ਸੈਲਫ ਡਿਫੈਂਸ ਐਂਡ ਫਿਟਨੈੱਸ ਸੈਂਟਰ ਦਾ ਉਦਘਾਟਨ ਕੀਤਾ ਗਿਆ। ਉਦਘਾਟਨ ਤੋਂ ਪਹਿਲਾਂ ਵਾਹਿਗੁਰੂ ਦੇ ਓਟ-ਆਸਰੇ ਲਈ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਜੂਡੋ ਕੋਚ ਕਰਮਜੀਤ ਸਿੰਘ ਨੇ ਕਿਹਾ ਕਿ ਹਰ ਇਕ ਵਿਅਕਤੀ ਲਈ ਸਰੀਰਕ ਤੰਦਰੁਸਤੀ ਬਹੁਤ ਜ਼ਰੂਰੀ ਹੈ। ਸਰੀਰ ਤਾਂ ਹੀ ਤੰਦਰੁਸਤ ਰਹਿ ਸਕਦਾ ਹੈ ਜੇ ਅਸੀਂ ਰੋਜ਼ਾਨਾ ਯੋਗ ਤੇ ਕਸਰਤ ਕਰਦੇ ਹਾਂ। ਇਸ ਦੇ ਨਾਲ ਹੀ ਵਰਤਮਾਨ ਮਾਹੌਲ ਵਿਚ ਹਰ ਕਿਸੇ ਨੂੰ ਆਤਮ-ਰੱਖਿਆ ਦੇ ਗੁਰ ਵੀ ਆਉਣੇ ਹਨ। ਉਨ੍ਹਾਂ ਕਿਹਾ ਕਿ ਇਸ ਸੈਂਟਰ 'ਚ ਹਰ ਉਮਰ ਵਰਗ ਦੇ ਵਿਅਕਤੀਆਂ ਨੂੰ ਵਾਜਬ ਫੀਸ 'ਤੇ ਮਾਹਰ ਕੋਚਾਂ ਵੱਲੋਂ ਸਰੀਰਿਕ ਫਿਟਨੈਟ, ਯੋਗ, ਕੁਰਾਸ਼, ਜੂਡੋ, ਕੁਸ਼ਤੀ ਤੇ ਰਿਦਮਿਕ ਜਿਮਨਾਸਟਿਕ ਦੀ ਸਿਖਲਾਈ ਦਿੱਤੀ ਜਾਵੇਗੀ। ਇਸ ਮੌਕੇ ਪੰਜਾਬ ਖੇਡ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਗੁਰਲਾਲ ਸਿੰਘ ਰਿਆੜ, ਪੰਜਾਬ ਪੁਲਿਸ ਦੇ ਡੀਐੱਸਪੀ ਰਾਜ ਕੁਮਾਰ (ਕੌਮਾਂਤਰੀ ਜੂਡੋ ਖਿਡਾਰੀ), ਜ਼ਿਲ੍ਹਾ ਜੂਡੋ ਐਸੋਸੀਏਸ਼ਨ ਦੇ ਪ੍ਰਧਾਨ ਸਾਬਕਾ ਇੰਸਪੈਕਟਰ ਹਰਜਿੰਦਰ ਸਿੰਘ ਬਿਜਲੀ (ਕੌਮਾਂਤਰੀ ਜੂਡੋ ਖਿਡਾਰੀ), ਐੱਸ.ਐੱਚ.ਓ. ਸੁਲਤਾਨਵਿੰਡ ਬਲਵਿੰਦਰ ਸਿੰਘ (ਕੌਮਾਂਤਰੀ ਜੂਡੋ ਖਿਡਾਰੀ), ਸਬ ਇੰਸਪੈਕਟਰ ਸ਼ਮਸ਼ੇਰ ਸਿੰਘ (ਕੌਮਾਂਤਰੀ ਜੂਡੋ ਖਿਡਾਰੀ), ਸਾਬਕਾ ਜੂਡੋ ਖਿਡਾਰੀ ਮਨੋਜ ਕੁਮਾਰ, ਬਾਕਸਿੰਗ ਕੋਚ ਜਸਪ੍ਰੀਤ ਸਿੰਘ, ਜਿਮਨਾਸਟਿਕ ਕੋਚ ਨੀਤੂ ਬਾਲਾ, ਫੁੱਟਬਾਲ ਕੋਚ ਦਲਜੀਤ ਸਿੰਘ, ਕੁਸ਼ਤੀ ਕੋਚ ਕਰਨ ਸ਼ਰਮਾ ਤੇ ਸਾਹਿਲ, ਪ੍ਰਗਟ ਸਿੰਘ, ਲਵਰੂਪ ਸਿੰਘ ਭੁੱਲਰ, ਅਜੈ ਸ਼ਰਮਾ, ਬੰਟੀ ਸ਼ਰਮਾ, ਰਾਜੀਵ ਸ਼ਰਮਾ ਆਦਿ ਮੌਜੂਦ ਸਨ।

# ਹੜ੍ਹ ਪੀੜਤ ਪਰਿਵਾਰਾਂ ਨੂੰ 15 ਲੱਖ 80 ਹਜ਼ਾਰ ਰੁਪਏ ਦੀ ਮੁਆਵਜ਼ਾ ਰਾਸ਼ੀ ਵੰਡੀ

**ਗੁਰਦਾਸਪੁਰ, (ਜਨਕ ਮਹਾਜਨ)**

ਮਾਨਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ ਨਗਰ ਅਤੇ ਦਿਲਬਾਗ ਸਿੰਘ ਜੌਹਲ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ



ਗੁਰਦਾਸਪੁਰ ਅਤੇ ਹਰਪ੍ਰੀਤ ਸਿੰਘ ਸੀਜੇਐੱਮ-ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੇ 10 ਬੁਰੀ ਤਰ੍ਹਾਂ ਹੜ੍ਹ ਪ੍ਰਭਾਵਿਤ ਪਰਿਵਾਰ, ਜਿਨ੍ਹਾਂ ਦੇ ਘਰ ਹੜ੍ਹ ਨਾਲ ਬੁਰੀ ਤਰ੍ਹਾਂ ਖਰਾਬ ਹੋ ਗਏ ਸਨ ਅਤੇ ਪਸ਼ੂਆਂ ਦਾ ਨੁਕਸਾਨ ਵੀ ਹੋਇਆ ਸੀ। ਉਕਤ ਪਰਿਵਾਰਾਂ ਲਈ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ ਵੱਲੋਂ 15,80,000 ਰੁਪਏ ਦੀ ਮਦਦ ਲਈ ਮੁਆਵਜ਼ਾ ਰਾਸ਼ੀ ਪ੍ਰਾਪਤ ਹੋਈ ਸੀ ਜੋ ਕਿ ਇਨਾਂ 10 ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਦਫਤਰ ਬੁਲਾ ਕੇ ਵੰਡੀ ਗਈ। ਇਸ ਮੌਕੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਆਰਟੀਜੀਐੱਸ ਰਾਹੀਂ ਪਾਈ ਗਈ। ਇਸ ਮੌਕੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਗੁਰਦਾਸਪੁਰ ਤੋਂ ਇਲਾਵਾ ਜ਼ਿਲ੍ਹਾ ਕਚਹਿਰੀਆਂ ਦੇ ਸਮੂਹ ਜੁਡੀਸ਼ੀਅਲ ਅਫਸਰ ਸਹਿਬਾਨ ਮੌਜੂਦ ਸਨ ਅਤੇ ਸਮੂਹ ਜੁਡੀਸ਼ੀਅਲ ਅਧਿਕਾਰੀਆਂ ਨੇ ਪਰਿਵਾਰਾਂ ਨੂੰ ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਲਈ ਆਪਣੇ ਤੌਰ 'ਤੇ ਇਕੱਠੇ ਕੀਤੇ ਗਏ ਪੈਸੇ ਨੂੰ ਪ੍ਰਭਾਵਿਤ ਪਰਿਵਾਰਾਂ ਨੂੰ ਮੁੜ ਵਸੇਬੇ ਲਈ ਅਤੇ ਜ਼ਿੰਦਗੀ ਨੂੰ ਦੁਬਾਰਾ ਲੀਹ ਤੇ ਲਿਆਉਣ ਲਈ ਵਰਤਣ ਲਈ ਕਿਹਾ।

# ਕੇਂਦਰ ਦੇ ਲੋਕ ਵਿਰੋਧੀ ਕਾਨੂੰਨਾਂ ਖਿਲਾਫ ਵਿਆਪਕ ਲਾਮਬੰਦੀ ਦਾ ਸੱਦਾ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**

ਬਿਜਲੀ ਸੋਧ ਬਿੱਲ 2025 ਨੂੰ ਵਾਪਸ ਕਰਵਾਉਣ ਅਤੇ ਮਜ਼ਦੂਰ ਵਿਰੋਧੀ ਚਾਰ ਕੋਡਾਂ ਨੂੰ ਰੱਦ ਕਰਵਾਉਣ ਲਈ ਲੋਕਾਂ ਦੀ ਵਿਆਪਕ ਲਾਮਬੰਦੀ ਕਰਨ ਹਿੱਤ ਅਜਨਾਲਾ ਵਿਖੇ ਪ੍ਰੋਫੈਸਰ ਮਾਲਿਕ ਸਿੰਘ ਦੀ ਪ੍ਰਧਾਨਗੀ ਹੇਠ ਹੰਗਾਮੀ ਮੀਟਿੰਗ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂ ਅਤੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ ਨੇ ਦੱਸਿਆ ਕਿ ਬਿਜਲੀ ਬਿੱਲ-2025 ਜੇਕਰ ਕਾਨੂੰਨ ਬਣ ਗਿਆ ਤਾਂ ਲੋਕਾਂ ਦੇ ਘਰਾਂ ਵਿੱਚ ਹਨੇਰਾ ਛਾ ਜਾਵੇਗਾ ਮਜ਼ਦੂਰਾਂ ਕਿਸਾਨਾਂ ਤੇ ਛੋਟੇ ਕਾਰਖਾਨੇਦਾਰਾਂ ਨੂੰ ਮਿਲਦੀਆਂ ਬਿਜਲੀ ਸਬਸਿਡੀਆਂ ਬੰਦ ਹੋ ਜਾਣਗੀਆਂ, ਕਰਾਸ ਸਬਸਿਡੀ ਖਤਮ ਹੋਣ ਨਾਲ ਵੱਡੇ ਅਮੀਰ ਕਾਰਪੋਰੇਟ ਘਰਾਣਿਆਂ ਦੀਆਂ ਪ੍ਰਤੀ ਯੂਨਿਟ ਬਿਜਲੀ ਦਰਾਂ ਬਰਾਬਰ ਹੋ ਜਾਣਗੀਆਂ, ਆਮ ਲੋਕਾਂ ਲਈ ਬਿਜਲੀ ਮਹਿੰਗੀ ਹੋ ਜਾਵੇਗੀ।ਖੇਤੀ ਮਾਹਿਰ ਡਾਕਟਰ ਅਜਨਾਲਾ ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਬੀਜ ਬਿੱਲ ਕਾਨੂੰਨ 'ਚ ਬਦਲ ਜਾਂਦਾ ਤਾਂ ਆਮ ਕਿਸਾਨਾਂ ਦੀ ਪਹੁੰਚ ਤੋਂ ਬੀਜ ਦੂਰ ਹੋ ਜਾਵੇਗਾ, ਵਿਦੇਸ਼ੀ ਦਿਓ ਕੱਦ ਬੀਜ ਕੰਪਨੀਆਂ ਨੂੰ ਕੋਈ ਲਾਇਸੰਸ ਲੈਣ ਦੀ ਲੋੜ ਨਹੀਂ ਪਵੇਗੀ, ਉਹ ਕੰਪਨੀਆਂ ਬੀਜ ਮਹਿੰਗੇ ਭਾਅ ਤੇ ਵੇਚਣਗੀਆਂ ਜਿਸ ਨਾਲ ਸਮੁੱਚੀ ਖੇਤੀ ਪ੍ਰਭਾਵਿਤ ਹੋਵੇਗੀ। ਕਿਸਾਨ ਆਗੂ ਡਾਕਟਰ ਸਤਨਾਮ ਸਿੰਘ ਅਜਨਾਲਾ ਨੇ ਅੱਗੇ ਮੀਟਿੰਗ ਰਾਹੀਂ



ਲੋਕਾਂ ਨੂੰ ਜਾਣਕਾਰੀ ਦਿੱਤੀ ਕਿ ਚਾਰ ਲੇਬਰ ਕੋਡ ਲਾਗੂ ਹੋਣ ਨਾਲ ਆਮ ਮਜ਼ਦੂਰਾਂ ਦੀ ਜ਼ਿੰਦਗੀ ਦੁਰਬਲ ਹੋ ਜਾਵੇਗੀ। ਮੀਟਿੰਗ ਵਿੱਚ ਫੈਸਲਾ ਲਿਆ ਕਿ ਜਿਸ ਦਿਨ ਬਿਜਲੀ ਸੋਧ ਬਿੱਲ 2025 ਪਾਰਲੀਮੈਂਟ ਵਿੱਚ ਪੇਸ਼ ਕੀਤਾ ਗਿਆ ਤਾਂ ਅਗਲੇ ਹੀ ਦਿਨ 12 ਵਜੇ ਤੋਂ 3 ਵਜੇ ਸ਼ਾਮ ਤੱਕ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ ਅਤੇ ਬਕਾਇਦਾ ਸੰਘਰਸ਼ ਨੂੰ ਵੱਡੇ ਪੱਧਰ ਤੇ ਜਾਰੀ ਰੱਖਦਿਆਂ 28 ਦਸੰਬਰ ਤੋਂ 5 ਜਨਵਰੀ ਤੱਕ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਇਨ੍ਹਾਂ ਬਿੱਲਾਂ ਖਿਲਾਫ ਵਿਆਪਕ ਜਨਤਕ ਲਾਮਬੰਦੀ ਲਈ ਮੋਟਰਸਾਈਕਲ ਟਰੈਕਟਰ ਮਾਰਚ ਕੀਤੇ ਜਾਣਗੇ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਜਾਰੀ ਕੀਤੀ ਗਈ ਦੁਵਰਕੀ ਲੱਖਾਂ ਦੀ ਗਿਣਤੀ ਵਿੱਚ ਵੰਡੀ ਜਾਵੇਗੀ ਅਤੇ ਸੰਘਰਸ਼ ਹੋਰ ਭਖਾਉਣ ਲਈ 16 ਜਨਵਰੀ 2025 ਨੂੰ ਐਸਈ ਅੰਮ੍ਰਿਤਸਰ ਬਿਜਲੀ ਬੋਰਡਾਂ ਦੇ ਦਫਤਰਾਂ ਸਾਹਮਣੇ ਰੋਹ ਭਰਿਆ ਵਿਸ਼ਾਲ ਧਰਨਾ ਮੁਜ਼ਾਹਰਾ ਕੀਤਾ ਜਾਵੇਗਾ।

# ਰਾਜ ਪੱਧਰੀ ਇੰਟਰ ਡਾਇਟ ਐਥਲੈਟਿਕਸ ਮੀਟ 'ਚ ਗੋਲਡ ਸਮੇਤ ਚਾਰ ਮੈਡਲ ਜਿੱਤੇ

**ਗੁਰਦਾਸਪੁਰ, (ਜਨਕ ਮਹਾਜਨ)**

ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਨ ਗੁਰਦਾਸਪੁਰ ਦੇ ਸਿਖਿਆਰਥੀਆਂ ਨੇ ਬਾਬਾ ਕਾਲਾ ਮਹਿਰ ਸਟੇਡੀਅਮ, ਬਰਨਾਲਾ ਵਿਖੇ ਹੋਈ ਰਾਜ ਪੱਧਰੀ ਇੰਟਰ ਡਾਇਟ ਅਥਲੈਟਿਕਸ ਮੀਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ ਹੈ। ਸੰਸਥਾ ਨੇ ਕੁੱਲ ਇੱਕ ਸੋਨੇ ਅਤੇ ਤਿੰਨ ਕਾਂਸੇ ਦੇ ਮੈਡਲ ਜਿੱਤ ਕੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ। ਡਾਇਟ ਗੁਰਦਾਸਪੁਰ ਤੋਂ ਲੈਕਚਰਾਰ ਸ਼ਸ਼ੀ ਭੂਸ਼ਣ ਅਤੇ ਸਰਿਤਾ ਰਾਣੀ ਨੇ ਦੱਸਿਆ ਕਿ ਐੱਸਸੀਈਆਰਟੀ ਵੱਲੋਂ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਵਿੱਚ ਡਾਇਟ ਗੁਰਦਾਸਪੁਰ ਦੇ 18 ਸਿਖਿਆਰਥੀਆਂ ਨੇ ਕੁੱਲ 9 ਖੇਡਾਂ ਦੇ ਮੁਕਾਬਲਿਆਂ ਵਿੱਚ ਭਾਗ ਲਿਆ। ਜਿੱਥੇ ਮੁੰਡਿਆਂ ਦੀ 800 ਮੀਟਰ ਦੌੜ ਵਿੱਚ ਮਨਦੀਪ ਕੁਮਾਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੋਨ-ਪਦਕ 'ਤੇ ਮੱਲ ਮਾਰੀ, ਉਥੇ ਹੀ ਕੁੜੀਆਂ ਦੀ 800 ਮੀਟਰ ਦੌੜ ਵਿੱਚ ਪਰਮਜੀਤ ਨੇ ਕਾਂਸੇ ਦੇ ਮੈਡਲ ਨੂੰ ਆਪਣੇ ਨਾਮ ਕੀਤਾ। ਕੁੜੀਆਂ ਦੇ ਸ਼ਾਟ-ਪੁੱਟ ਮੁਕਾਬਲੇ ਵਿਚ ਦਿਕਸ਼ਾ ਸ਼ਰਮਾ ਨੇ ਆਪਣੇ ਸਾਨਦਾਰ ਪ੍ਰਦਰਸ਼ਨ ਨਾਲ ਕਾਂਸੇ ਦਾ ਤਮਗਾ ਜਿੱਤਿਆ ਤੇ ਮੁੰਡਿਆਂ ਦੀ ਰਿਲੇਅ ਦੌੜ ਵਿੱਚ ਮਨਦੀਪ ਕੁਮਾਰ, ਜਸ਼ਨਪ੍ਰੀਤ ਸਿੰਘ, ਗੀਤਿਕ ਕੁਮਾਰ ਅਤੇ ਸਚਿਨ ਨੇ ਆਪਸੀ ਤਾਲਮੇਲ ਦੀ ਮਿਸਾਲ ਪੇਸ਼ ਕਰਦੇ ਹੋਏ ਕਾਂਸੇ ਦੇ ਤਮਗੇ ਨੂੰ ਆਪਣੇ ਨਾਂਅ ਕਰ ਕੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ। ਇਨ੍ਹਾਂ ਮੁੱਖ ਪ੍ਰਾਪਤੀਆਂ ਤੋਂ ਇਲਾਵਾ ਕੁੜੀਆਂ ਦੀ ਰੱਸਾ-ਕੱਸੀ ਟੀਮ



ਵਿੱਚ ਆਸ਼ਵੀਨ ਭਾਰਦਵਾਜ, ਨਿਧਿਕਾ, ਲਵਪ੍ਰੀਤ, ਰਜਨੀ, ਪਰਮਜੀਤ, ਦੀਕਸ਼ਾ ਸ਼ਰਮਾ, ਸਿਮਰਜੀਤ ਕੌਰ, ਪਾਇਲ, ਸੁਖਵੰਤ ਕੌਰ ਤੇ ਕੋਮਲਪ੍ਰੀਤ ਕੌਰ ਨੇ ਆਪਣੇ ਜੋਸ਼ ਅਤੇ ਤਾਕਤ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਜੈਵਲਿਨ ਥਰੋਅ ਮੁਕਾਬਲੇ ਵਿੱਚ ਵੀ ਨਰਿੰਦਰ ਕੁਮਾਰ ਅਤੇ ਪਾਇਲ ਨੇ ਬੇਹੱਦ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ। ਸਿਖਿਆਰਥੀਆਂ ਦਾ ਮਨੋਬਲ ਵਧਾਉਣ ਲਈ ਡਾਇਟ ਗੁਰਦਾਸਪੁਰ ਵੱਲੋਂ ਲੈਕਚਰਾਰ ਸ਼ਸ਼ੀ ਭੂਸ਼ਣ ਅਤੇ ਸਰਿਤਾ ਰਾਣੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਉਨ੍ਹਾਂ ਨੇ ਜੇਤੂ ਸਿਖਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਡਾਇਟ ਲੈਕਚਰਾਰ ਨਰੇਸ਼ ਕੁਮਾਰ ਵੀ ਹਾਜ਼ਰ ਸਨ।

# ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਧਾਰਮਿਕ ਮੁਕਾਬਲਿਆਂ 'ਚ ਅੱਵਲ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ (ਧਾਰੀਵਾਲ) ਦੇ ਵਿਦਿਆਰਥੀਆਂ ਨੇ ਧਾਰਮਿਕ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਅੱਵਲ ਰਹੇ ਅਤੇ ਨਗਦ ਇਨਾਮ ਹਾਸਲ ਕੀਤੇ। ਇਸ ਸੰਬੰਧੀ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ, ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਅਤੇ ਪ੍ਰਿੰ. ਸੈਮੂਅਲ ਦਾਸ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਟਾਹਲੀ ਸਾਹਿਬ ਗਾਲ੍ਹੜੀ ਵਿਖੇ ਕਰਵਾਏ ਗਏ ਧਾਰਮਿਕ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਤੋਂ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਦੌਰਾਨ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ ਦੇ ਬੱਚਿਆਂ ਨੇ ਕਵਿਤਾ ਮੁਕਾਬਲਿਆਂ (ਸੀਨੀਅਰ ਵਰਗ) ਵਿੱਚ ਦਿਲਮਨਪ੍ਰੀਤ ਕੌਰ ਕਲਾਸ 7ਵੀਂ ਨੇ ਪਹਿਲਾ ਸਥਾਨ (800 ਰੁਪਏ ਨਗਦ ਇਨਾਮ), ਕਵਿਤਾ ਮੁਕਾਬਲੇ (ਜੂਨੀਅਰ ਵਰਗ) 'ਚ ਤਮਨਪ੍ਰੀਤ ਕੌਰ ਕਲਾਸ 5ਵੀਂ ਦੂਸਰਾ ਸਥਾਨ (600 ਰੁਪਏ ਨਗਦ ਇਨਾਮ), ਭਾਸ਼ਣ ਮੁਕਾਬਲੇ ਵਿੱਚ ਜਪਜੋਤ ਕੌਰ ਕਲਾਸ 6ਵੀਂ ਦੂਸਰਾ ਸਥਾਨ (600 ਰੁਪਏ ਨਗਦ ਇਨਾਮ) ਪ੍ਰਾਪਤ ਕੀਤਾ। ਗੁਰਮਤਿ ਕਵਿਜ (ਸੀਨੀਅਰ ਵਰਗ) ਵਿੱਚ




ਪਰਨੀਤ ਕੌਰ, ਜਸਜੋਤ ਕੌਰ, ਇਸ਼ਮੀਤ ਕੌਰ ਕਲਾਸ 9ਵੀਂ ਨੇ ਦੂਸਰਾ ਸਥਾਨ (1200 ਰੁਪਏ ਇਨਾਮ), ਡਰਾਇੰਗ ਮੁਕਾਬਲੇ (ਸੀਨੀਅਰ ਵਰਗ): ਦਿਲਮਨਪ੍ਰੀਤ ਕੌਰ ਕਲਾਸ 7ਵੀਂ ਦੂਸਰਾ ਸਥਾਨ (600 ਰੁਪਏ ਇਨਾਮ), ਤਰਨਪ੍ਰੀਤ ਕੌਰ ਕਲਾਸ 7ਵੀਂ ਤੀਸਰਾ ਸਥਾਨ (500 ਰੁਪਏ ਇਨਾਮ), ਡਰਾਇੰਗ ਮੁਕਾਬਲੇ (ਜੂਨੀਅਰ ਵਰਗ) ਵਿੱਚ ਮਹਿਤਾਬ ਕੌਰ ਕਲਾਸ ਚੌਥੀ ਪਹਿਲਾ ਸਥਾਨ (800 ਰੁਪਏ ਇਨਾਮ), ਸਰਵਨੂਰ ਸਿੰਘ ਕਲਾਸ ਚੌਥੀ ਤੀਸਰਾ ਸਥਾਨ ਅਤੇ 500 ਰੁਪਏ ਨਕਦ, ਦਿਲਪ੍ਰੀਤ ਕੌਰ 5ਵੀਂ ਵਿਸ਼ੇਸ਼ ਸਨਮਾਨ (200 ਰੁਪਏ ਇਨਾਮ), ਦੁਮਾਲਾ ਮੁਕਾਬਲੇ ਵਿੱਚ ਨਵਨੀਤ ਕੌਰ ਕਲਾਸ 8ਵੀਂ ਦੂਸਰਾ ਸਥਾਨ (600 ਰੁਪਏ ਨਗਦ ਇਨਾਮ), ਅਵਨੀਤ ਕੌਰ 6ਵੀਂ ਤੀਸਰਾ ਸਥਾਨ (500 ਰੁਪਏ ਇਨਾਮ), ਦਸਤਾਰ ਮੁਕਾਬਲੇ ਵਿੱਚ ਗੁਰਜੋਤ ਸਿੰਘ ਕਲਾਸ 8ਵੀਂ ਨੂੰ ਦਸਤਾਰ ਭੇਟ ਕਰਕੇ ਵਿਸ਼ੇਸ਼ ਸਨਮਾਨ, ਕਵੀਸ਼ਰੀ ਮੁਕਾਬਲੇ ਵਿੱਚ ਗੁਰਜੋਤ ਸਿੰਘ, ਕਵਰਜੋਤ ਸਿੰਘ ਨੇ ਵਿਸ਼ੇਸ਼ ਇਨਾਮ ਪ੍ਰਾਪਤ ਕੀਤੇ। ਭਾਈ ਮਾਨ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ਼੍ਰੀ ਦਰਬਾਰ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਦੁਆਰਾ ਜੇਤੂ ਬੱਚਿਆਂ ਨੂੰ ਇਹ ਨਗਦ ਇਨਾਮ ਅਤੇ ਟਰੌਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਜੇਤੂ ਬੱਚਿਆਂ ਦਾ ਸਕੂਲ ਪਹੁੰਚਣ 'ਤੇ ਚੇਅਰਮੈਨ ਸੁਰਜੀਤ ਸਿੰਘ ਨੇ ਹੌਸਲਾ ਅਫ਼ਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੁਕਾਬਲਿਆਂ ਦੀ ਤਿਆਰੀ ਅਧਿਆਪਕ ਕੁਲਵਿੰਦਰ ਕੌਰ ਨੇ ਕਰਵਾਈ। ਇਸ ਮੌਕੇ ਸਮੂਹ ਸਟਾਫ਼ ਹਾਜ਼ਰ ਸੀ।

# ਦਸਮੇਸ਼ ਵਿੱਦਿਅਕ ਸੰਸਥਾਵਾਂ ਵਿਖੇ ਸਾਲਾਨਾ ਪੰਜ ਰੋਜ਼ਾ ਖੇਡ ਸਮਾਗਮ ਧੂਮਧਾਮ ਨਾਲ ਸਮਾਪਤ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਦਸਮੇਸ਼ ਵਿੱਦਿਅਕ ਸੰਸਥਾਵਾਂ ਵਿਖੇ ਖੇਡ ਸਮਾਗਮ ਅਤੇ ਇਨਾਮ ਵੰਡ ਸਮਾਰੋਹ ਦਾ ਆਖਰੀ ਦਿਨ ਦਾ ਆਗਾਜ਼ ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ 350 ਸਾਲਾਂ ਰੂਪ ਦੇ ਵਿੱਚ ਬੈਠ ਕੇ ਸ਼ਬਦ ਗਾਇਨ ਕਰਕੇ ਕੀਤਾ ਗਿਆ।ਵਿਦਿਆਰਥੀਆਂ ਨੇ ਖੇਡ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ।ਆਖਰੀ ਦਿਨ ਦੇ ਖੇਡ ਸਮਾਰੋਹ ਵਿੱਚ ਆਦਿਤਯ ਵਾਰੀਅਰ ਐਸ. ਪੀ. ਇਨਵੈਸਟੀਗੇਸ਼ਨ ਅੰਮ੍ਰਿਤਸਰ ਰੂਰਲ, ਭਾਰਤੀ ਸੈਨਾ ਦੇ ਮੇਜਰ ਸੈਫੂਰ ਰਹਿਮਾਨ ਐੱਸ. ਕੇ. ਅਤੇ ਸ: ਸੁਰਜੀਤ ਸਿੰਘ ਕੰਗ ਚੇਅਰਮੈਨ ਮਾਰਕੀਟ ਕਮੇਟੀ ਰਈਆ ਪ੍ਰਧਾਨ ਨਗਰ ਕੌਂਸਲ ਬਾਬਾ ਬਕਾਲਾ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ।ਇਨ੍ਹਾਂ ਖੇਡ ਸਮਾਗਮਾਂ ਵਿੱਚ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਵਿਖੇ ਚੱਲ ਰਹੇ ਹਾਊਸਾਂ ਵਿੱਚ ਮੁਕਾਬਲੇ ਕਰਵਾਏ ਗਏ।ਇਸ ਵਿੱਚ ਦੋਨਾਂ ਸਕੂਲਾਂ ਦੇ ਨਰਸਰੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਬੱਚਿਆਂ ਨੇ ਅਲੱਗ ਅਲੱਗ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਜਿਸ ਵਿੱਚ 100 ਮੀਟਰ ਦੌੜ, 200 ਮੀਟਰ ਦੌੜ, 400 ਮੀਟਰ ਦੌੜ, 800 ਮੀਟਰ ਦੌੜ, ਰਿਲੇਅ ਦੌੜ, ਰੱਸਾਕੱਸੀ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਦਸਮੇਸ਼ ਪਿਤਾ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਨੂੰ ਸਮਰਪਿਤ ਕੋਰੀਓਗ੍ਰਾਫੀਆਂ ਦੀ ਪੇਸ਼ਕਾਰੀ ਵੀ ਕੀਤੀ।ਸ: ਅਮਨ ਪਾਲ ਸਿੰਘ ਅਤੇ ਪ੍ਰਿੰ. ਮਨਜੀਤ ਕੌਰ ਪੱਡਾ ਵੱਲੋਂ ਕੋਰੀਓਗ੍ਰਾਫੀ ਦੀ ਬਤੌਰ ਜੱਜ ਡਿਊਟੀ ਨਿਭਾਈ ਗਈ ਜੋ ਕਿ ਬੇਹੱਦ ਸਲਾਹੁਣਯੋਗ ਸੀ ਖੇਡ ਸਮਾਗਮ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਓਵਰਆਲ ਟਰਾਫ਼ੀ ਕ੍ਰਮਵਾਰ ਪਹਿਲਾ ਸਥਾਨ ਬਿਆਸ ਹਾਊਸ, ਦੂਸਰਾ ਸਥਾਨ ਰਾਵੀ ਹਾਊਸ ਅਤੇ ਤੀਸਰਾ ਸਥਾਨ ਸਤਲੁਜ ਹਾਊਸ ਨੇ ਹਾਸਿਲ ਕੀਤਾ।ਇਵੇਂ ਹੀ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਵਿੱਚ ਓਵਰਆਲ ਟਰਾਫੀ ਕ੍ਰਮਵਾਰ ਪਹਿਲਾ ਸਥਾਨ ਪੈਸੇਫਿਕ ਹਾਊਸ, ਦੂਸਰਾ ਸਥਾਨ ਐਟਲਾਂਟਿਕ ਹਾਊਸ ਅਤੇ ਤੀਸਰਾ ਸਥਾਨ ਇੰਡੀਅਨ ਹਾਊਸ ਨੇ ਹਾਸਿਲ ਕੀਤਾ।ਸ਼੍ਰੀ ਆਦਿਤਯ ਵਾਰੀਅਰ ਐੱਸ. ਪੀ. ਇਨਵੈਸਟੀਗੇਸ਼ਨ ਅੰਮ੍ਰਿਤਸਰ ਰੂਲਰ ਜੀ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਜੀਵਨ ਵਿੱਚ ਅਸਫਲਤਾਵਾਂ ਤੋਂ ਕਦੇ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ ਸਗੋਂ ਉਨ੍ਹਾਂ ਤੋਂ ਪ੍ਰੇਰਨਾ ਲੈਂਦੇ ਹੋਏ ਜੀਵਨ ਵਿੱਚ ਅੱਗੇ ਵਧਣਾ ਚਾਹੀਦਾ ਹੈ ਅਤੇ ਪੜ੍ਹਾਈ ਦੇ ਨਾਲ ਨਾਲ ਸਾਨੂੰ ਖੇਡਾਂ ਵਿੱਚ ਵੀ ਭਾਗ ਲੈਣਾ



ਚਾਹੀਦਾ ਹੈ।ਭਾਰਤੀ ਸੈਨਾ ਦੇ ਮੇਜਰ ਸੈਫੂਰ ਰਹਿਮਾਨ ਐੱਸ. ਕੇ. ਨੇ ਵੀ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਆਪਣੇ ਮਾਤਾ ਪਿਤਾ ਅਤੇ ਅਧਿਆਪਕ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀ ਮਿਹਨਤ ਅਤੇ ਲਗਨ ਨਾਲ ਹੀ ਅਸੀਂ ਜੀਵਨ ਵਿੱਚ ਉੱਚੀਆਂ ਬੁਲੰਦੀਆਂ ਤੇ ਪਹੁੰਚ ਸਕਦੇ ਹਾਂ ਅਤੇ ਨਾਲ ਹੀ ਉਨ੍ਹਾਂ ਨੇ ਬੱਚਿਆਂ ਨੂੰ ਯੂਨੀਫਾਰਮ ਦੇ ਮਹੱਤਵ ਬਾਰੇ ਜਾਣੂ ਕਰਵਾਇਆ ਤੇ ਦੱਸਿਆ ਕਿ ਯੂਨੀਫਾਰਮ ਸਾਨੂੰ ਅਨੁਸ਼ਾਸਨ ਵਿੱਚ ਰਹਿਣ ਦੀ ਸਿੱਖਿਆ ਦਿੰਦੀ ਹੈ।ਆਏ ਹੋਏ ਮੁੱਖ ਮਹਿਮਾਨਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸੰਸਥਾ ਵੱਲੋਂ ਕੀਤੇ ਗਏ ਇਸ ਸ਼ਲਾਘਾਯੋਗ ਉਪਰਾਲੇ ਦੀ ਪ੍ਰਸ਼ੰਸਾ ਕੀਤੀ।ਦਸਮੇਸ਼ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਅਤੇ ਮੈਨੇਜਰ ਹਰਸ਼ਦੀਪ ਸਿੰਘ ਰੰਧਾਵਾ ਨੇ ਆਏ ਹੋਏ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।ਇਸ ਮੌਕੇ ਸ: ਅਵਤਾਰ ਸਿੰਘ ਬੁੱਟਰ, ਸ: ਕੁਲਬੀਰ ਸਿੰਘ ਮਾਨ, ਸ: ਕੁਲਵੰਤ ਸਿੰਘ ਕੋਹਾੜ, ਬਲਰਾਮ ਬਾਵਾ ਡੀ. ਆਰ, ਪ੍ਰਿੰ: ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰ. ਜਤਿੰਦਰ ਕੁਮਾਰ ਸ਼ਰਮਾ, ਪ੍ਰਿੰ. ਤੇਜਬੀਰ ਸਿੰਘ ਸੋਹਲ, ਪ੍ਰਿੰ. ਗੌਰਵਜੀਤ ਸਿੰਘ, ਬਲਵਿੰਦਰ ਸਿੰਘ ਢਿੱਲੋਂ, ਸੁਖਨਪਾਲ ਸਿੰਘ ਬੱਲ, ਇੰਦਰਜੀਤ ਸਿੰਘ ਢਿੱਲੋਂ, ਜਗਦੀਸ਼ ਸਿੰਘ ਬਮਰਾਹ, ਬਲਜਿੰਦਰ ਸਿੰਘ, ਬਲਜਿੰਦਰ ਸਿੰਘ ਬੱਲੀ, ਗੁਰਪ੍ਰੀਤ ਸਿੰਘ, ਜਤਿੰਦਰਪਾਲ ਸਿੰਘ, ਕੈਪਟਨ ਜੋਗਿੰਦਰ ਸਿੰਘ, ਭੁਪਿੰਦਰ ਸਿੰਘ, ਪ੍ਰਿੰ. ਰੁਚਿਕਾ ਸ਼ਰਮਾ, ਅਮਨਪਾਲ ਸਿੰਘ, ਪ੍ਰਿੰ. ਮਨਜੀਤ ਕੌਰ ਪੱਡਾ, ਸੰਦੀਪ ਕੌਰ, ਹਰਪ੍ਰੀਤ ਕੌਰ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

18-Dec-PAGE-4-Artical.qxd 12/17/2025 10:51 PM Page 1

ਨਵਾਂ ਜ਼ਮਾਨਾ

ਵੀਰਵਾਰ, 18 ਦਸੰਬਰ 2025

# ਕਾਨੂੰਨੀ ਲੁੱਟ

*ਹਾਈਬ੍ਰਿਡ ਐਨਿਊਟੀ ਮਾਡਲ (ਐੱਚ ਏ ਐੱਮ) ਭਾਰਤ ਵਿੱਚ ਸੜਕ ਨਿਰਮਾਣ ਲਈ ਇੱਕ ਜਨਤਕ-ਨਿੱਜੀ ਭਾਗੀਦਾਰੀ (ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ-ਪੀ ਪੀ ਪੀ) ਮਾਡਲ ਹੈ, ਜਿਹੜਾ ਇੰਜੀਨੀਅਰਿੰਗ, ਖਰੀਦ ਤੇ ਨਿਰਮਾਣ (ਈ ਪੀ ਸੀ) ਅਤੇ ਬਣਾਓ-ਸੰਚਾਲਤ-ਹਵਾਲਗੀ (ਬੀ ਓ ਟੀ) ਦਾ ਮਿਸ਼ਰਣ ਹੈ। ਇਸ ਵਿੱਚ ਸਰਕਾਰ ਸ਼ੁਰੂਆਤੀ ਲਾਗਤ ਦਾ 40 ਫੀਸਦੀ ਭੁਗਤਾਨ ਕਰਦੀ ਹੈ ਅਤੇ ਬਾਕੀ 60 ਫੀਸਦੀ ਨਿੱਜੀ ਡਿਵੈਲਪਰ ਖਰਚਦਾ ਹੈ, ਜਿਸ ਨੂੰ ਫਿਰ ਸਰਕਾਰ ਤੋਂ ਤੈਅ ਮਿਆਦ (ਲੱਗਭੱਗ 15-20 ਸਾਲ) ਵਿੱਚ ਸਾਲਾਨਾ (ਐਨਿਊਟੀ) ਦੇ ਰੂਪ ਵਿੱਚ ਭੁਗਤਾਨ ਮਿਲਦਾ ਹੈ। ਸਰਕਾਰ ਦੀ ਸੋਚ ਮੁਤਾਬਕ ਇਸ ਨਾਲ ਡਿਵੈਲਪਰ 'ਤੇ ਵਿੱਤੀ ਬੋਝ ਘੱਟ ਹੁੰਦਾ ਹੈ ਤੇ ਪ੍ਰੋਜੈਕਟ ਤੇਜ਼ੀ ਨਾਲ ਪੂਰੇ ਹੁੰਦੇ ਹਨ। ਇਹ ਮਾਡਲ ਬੀ ਓ ਟੀ ਮਾਡਲ ਦੀ ਤੁਲਨਾ ਵਿੱਚ ਡਿਵੈਲਪਰ ਦੇ ਵਿੱਤੀ ਜੋਖਮ ਘੱਟ ਕਰਦਾ ਹੈ, ਕਿਉਂਕਿ ਉਸ ਨੂੰ ਪੂਰਾ ਧਨ ਜੁਟਾਉਣ ਦੀ ਉਡੀਕ ਨਹੀਂ ਕਰਨੀ ਪੈਂਦੀ ਅਤੇ ਤੁਰੰਤ ਕੰਮ ਸ਼ੁਰੂ ਕਰਨ ਲਈ ਸਰਕਾਰੀ ਪੈਸਾ ਮਿਲ ਜਾਂਦਾ ਹੈ।*

*ਦੇਖਣ ਨੂੰ ਇਹ ਮਾਡਲ ਪ੍ਰੋਜੈਕਟ ਤੇਜ਼ੀ ਨਾਲ ਵਿਕਸਤ ਕਰਨ ਵਾਲਾ ਜਾਪਦਾ ਹੈ, ਪਰ ਕਾਂਗਰਸ ਸਾਂਸਦ ਕੇ ਸੀ ਵੇਣੂਗੋਪਾਲ ਨੇ ਲੋਕ ਸਭਾ ਵਿੱਚ ਜਿਹੜੀ ਕਹਾਣੀ ਸਾਹਮਣੇ ਲਿਆਂਦੀ ਹੈ, ਉਹ ਅੱਖਾਂ ਖੋਲ੍ਹਣ ਵਾਲੀ ਹੈ। ਵੇਣੂਗੋਪਾਲ ਨੇ ਕੇਰਲਾ ਵਿੱਚ ਨੈਸ਼ਨਲ ਹਾਈਵੇਅ ਪ੍ਰੋਜੈਕਟਾਂ ਦੇ ਠੇਕੇ ਦੇਣ ਵਿੱਚ ਅਡਾਨੀ ਗਰੁੱਪ ਨੂੰ ਤਰਜੀਹ ਦੇਣ ਦਾ ਗੰਭੀਰ ਦੋਸ਼ ਲਾਇਆ ਹੈ। ਉਨ੍ਹਾ ਇਸ ਨੂੰ ਹਾਈਵੇਅ ਘੁਟਾਲਾ ਕਰਾਰ ਦਿੰਦਿਆਂ ਕਿਹਾ ਕਿ ਕੇਂਦਰ ਦੇ ਭਾਰੀ-ਭਰਕਮ ਖਰਚ ਨਾਲ ਸੁਰੱਖਿਅਤ ਸੜਕਾਂ ਤੇ ਜਵਾਬਦੇਹ ਸ਼ਾਸਨ ਨਹੀਂ ਬਣ ਰਿਹਾ, ਸਗੋਂ ਜਨਤਕ ਧਨ ਨੂੰ ਚੋਣਵੇਂ ਨਿੱਜੀ ਲਾਭ 'ਚ ਬਦਲਣ ਦੀ ਵਿਵਸਥਾ ਬਣਾਈ ਜਾ ਰਹੀ ਹੈ। ਕੇਰਲਾ ਵਿੱਚ ਕਾਸਰਗੋਡ ਤੋਂ ਕੋਲੰਮ ਤਕ ਨੈਸ਼ਨਲ ਹਾਈਵੇਅ-66 (ਐੱਨ ਐੱਚ-66) ਤੇ ਐੱਨ ਐੱਚ-544 ਲੋਕਾਂ ਦੇ ਸਾਹਮਣੇ ਢਹਿ ਰਹੇ ਹਨ। ਕੁਦਰਤ ਦੀ ਮਾਰ ਕਰਕੇ ਅਜਿਹਾ ਨਹੀਂ ਹੋ ਰਿਹਾ, ਸਗੋਂ ਅਜਿਹੀ ਵਿਵਸਥਾ ਦਾ ਨਤੀਜਾ ਹੈ, ਜਿੱਥੇ ਸੁਰੱਖਿਆ ਤੇ ਵਿਗਿਆਨਕ ਯੋਜਨਾ ਦੀ ਥਾਂ ਰਫਤਾਰ ਤੇ ਮੁਨਾਫੇ ਨੂੰ ਤਰਜੀਹ ਦਿੱਤੀ ਗਈ ਹੈ। ਵੇਣੂਗੋਪਾਲ ਮੁਤਾਬਕ ਐੱਚ ਏ ਐੱਮ ਮਾਡਲ ਤਹਿਤ ਕੁਝ ਸੜਕਾਂ ਦੇ ਠੇਕੇ ਪ੍ਰਤੀ ਕਿੱਲੋਮੀਟਰ 45 ਕਰੋੜ ਰੁਪਏ ਤੱਕ ਦੀ ਉੱਚੀ ਦਰ 'ਤੇ ਦਿੱਤੇ ਗਏ ਹਨ। ਉੱਤਰੀ ਕੇਰਲਾ ਦੇ ਅਜ਼ੀਯੂਰ-ਵੈਂਗਲਮ ਵਿੱਚ ਐੱਨ ਐੱਚ-66 ਦਾ ਠੇਕਾ ਅਡਾਨੀ ਇੰਟਰਪ੍ਰਾਈਜ਼ਿਜ਼ ਨੂੰ 1832 ਕਰੋੜ ਦਾ ਦਿੱਤਾ ਗਿਆ, ਪਰ ਉਸ ਨੇ ਉਸ ਨੂੰ ਅਹਿਮਦਾਬਾਦ ਦੀ ਵਾਗੜ ਇਨਫ੍ਰਾ ਪ੍ਰੋਜੈਕਟਸ ਨੂੰ 971 ਕਰੋੜ ਵਿੱਚ ਸਬ-ਕੰਟ੍ਰੈਕਟ 'ਤੇ ਦੇ ਦਿੱਤਾ। ਯਾਨੀ ਬੋਲੀ ਦੀ ਰਕਮ ਤੋਂ ਅੱਧੇ ਵਿੱਚ। ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ। ਇਸ ਤਰ੍ਹਾਂ ਅਸਲ ਨਿਰਮਾਣ ਲਾਗਤ ਪ੍ਰਤੀ ਕਿੱਲੋਮੀਟਰ 23.7 ਕਰੋੜ ਰੁਪਏ ਬੈਠਦੀ ਹੈ, ਜਦ ਕਿ ਅਡਾਨੀ ਦੀ ਬੋਲੀ 45 ਕਰੋੜ ਰੁਪਏ ਪ੍ਰਤੀ ਕਿੱਲੋਮੀਟਰ ਸੀ। ਇਹ ਲੁੱਟ ਕਾਨੂੰਨੀ ਹੈ, ਕਿਉਂਕਿ ਵਿਵਸਥਾ ਹੀ ਇਸ ਤਰ੍ਹਾਂ ਦੀ ਬਣਾਈ ਗਈ ਹੈ।*

*ਵੇਣੂਗੋਪਾਲ ਨੇ ਕੇਂਦਰ ਦੇ ਰੋਡ ਟਰਾਂਸਪੋਰਟ ਤੇ ਹਾਈਵੇਅ ਮੰਤਰਾਲੇ ਦੇ 2025-26 ਲਈ ਪ੍ਰਸਤਾਵਤ ਕਰੀਬ 2 ਲੱਖ 87 ਕਰੋੜ ਰੁਪਏ ਦੇ ਬੱਜਟ 'ਤੇ ਵੀ ਉਂਗਲ ਚੁੱਕੀ ਹੈ। ਇਸ ਬਜਟ ਵਿੱਚੋਂ ਇੱਕ ਲੱਖ 16 ਕਰੋੜ ਰੁਪਏ ਤੋਂ ਵੱਧ ਸਿਰਫ ਪੁਲਾਂ ਤੇ ਸੜਕਾਂ ਲਈ ਹਨ। ਉਨ੍ਹਾ ਸਵਾਲ ਉਠਾਇਆ ਹੈ ਕਿ ਏਨਾ ਵੱਡਾ ਖਰਚ ਕੀ ਸੁਰੱਖਿਅਤ ਸੜਕਾਂ ਤੇ ਮੁੱਲਵਾਨ ਜਨਤਕ ਧਨ ਦੀ ਯੋਗ ਵਰਤੋਂ ਯਕੀਨੀ ਬਣਾ ਰਿਹਾ ਹੈ ਜਾਂ ਕੁਝ ਚੋਣਵੇਂ ਲੋਕਾਂ ਦੇ ਨਿੱਜੀ ਮੁਨਾਫੇ ਵਿੱਚ ਬਦਲ ਰਿਹਾ ਹੈ। ਭਾਰਤ ਮਾਲਾ ਪ੍ਰੋਜੈਕਟ ਦਾ ਜ਼ਿਕਰ ਕਰਦਿਆਂ ਉਨ੍ਹਾ ਕਿਹਾ ਕਿ 2017 ਵਿੱਚ ਸ਼ੁਰੂ ਕੀਤੀ ਗਈ ਇਹ ਯੋਜਨਾ 2022 ਵਿੱਚ ਪੂਰੀ ਹੋਣੀ ਸੀ। ਇਸ ਦੀ ਅਨੁਮਾਨਤ ਲਾਗਤ 5 ਲੱਖ 35 ਹਜ਼ਾਰ ਕਰੋੜ ਰੁਪਏ ਸੀ, ਪਰ 88 ਫੀਸਦੀ ਰਕਮ ਖਰਚ ਹੋਣ ਦੇ ਬਾਵਜੂਦ ਅੱਠ ਸਾਲਾਂ ਬਾਅਦ ਵੀ ਅੱਧੀਆਂ ਸੜਕਾਂ ਹੀ ਬਣੀਆਂ ਹਨ। ਵੇਣੂਗੋਪਾਲ ਵੱਲੋਂ ਉਠਾਏ ਗਏ ਨੁਕਤੇ ਦਰਸਾਉਂਦੇ ਹਨ ਕਿ ਕੇਂਦਰ ਦੀ ਭਾਜਪਾ ਸਰਕਾਰ ਕਾਰਪੋਰੇਟੀਆਂ ਦੇ ਹਿੱਤਾਂ 'ਚ ਜਨਤਕ ਧਨ ਕਿਵੇਂ ਲੁਟਾ ਰਹੀ ਹੈ।*

# ਨਵੀਆਂ ਤਕਨੀਕਾਂ ਦੇ ਸਮਾਜਿਕ ਪ੍ਰਭਾਵ



ਰਮੇਸ਼ ਰਤਨ

ਲਗਭਗ ਸਾਲ ਕੁ ਪਹਿਲਾਂ ਇਕ ਨਵੀਂ-ਨਵੀਂ ਚੀਨੀ ਕੰਪਨੀ ਦੇ ਬਹੁਤ ਸਸਤੇ ਸਾਫਟਵੇਅਰ ਡੀਪਸੀਕ ਨੇ ਅਮਰੀਕਾ ਦੀ ਸਿਰਮੌਰ ਟੈਕਨਾਲੋਜੀਕਲ ਕੰਪਨੀ ਨਿਵਿਡਿਆ ਨੂੰ ਇੱਕੋ ਝਟਕੇ ਵਿੱਚ 593 ਬਿਲੀਅਨ ਅਤੇ ਕੁੱਲ ਅਮਰੀਕੀ ਕੰਪਨੀਆਂ ਨੂੰ 1000 ਬਿਲੀਅਨ ਡਾਲਰ ਦਾ ਝਟਕਾ ਦੇਂਦੇ ਹੋਏ ਦੁਨੀਆ ਭਰ ਦੀਆਂ ਸ਼ੇਅਰ ਮਾਰਕੀਟਾਂ ਹਿਲਾ ਦਿੱਤੀਆਂ ਸਨ।

ਭਾਰਤ ਦੇ ਆਈ ਟੀ ਮਨਿਸਟਰ ਅਸ਼ਵਨੀ ਵੈਸ਼ਨਵ ਨੇ ਪ੍ਰਵਾਨ ਕਰਦਿਆ ਕਿ ਨਵੇਂ ਮਾਡਲਾਂ ਦੇ ਸਾਹਮਣੇ ਪੁਰਾਣੇ ਸਿਸਟਮਾਂ ਨਾਲ ਟਿਕੇ ਰਹਿਣਾ ਬਹੁਤ ਮੁਸ਼ਕਲ ਹੈ, ਆਈ ਟੀ ਟੈਕਨੋਲੋਜੀ ਵਾਸਤੇ ਨਵੇਂ ਫੰਡ ਦੇ ਇੰਤਜ਼ਾਮ ਕਰਨ ਦੇ ਉਪਾਅ ਕੀਤੇ ਸਨ। ਟੈਕਨੋਲੋਜੀ ਮਾਡਲਾਂ ਦੀ ਰਫਤਾਰ ਵੇਖੋ ਕਿ ਦੋ ਹਫਤਿਆਂ ਵਿੱਚ ਹੀ ਇਸ ਨਵੇਂ ਸਾਫਟਵੇਅਰ ਦੇ ਲਗਭਗ ਇੱਕ ਦਰਜਨ ਤੋਂ ਜਿਆਦਾ ਕਲੋਨ ਤਿਆਰ ਹੋ ਗਏ ਸਨ।

ਟੈਕਨੋਲੋਜੀ ਨੇ ਤਰਕੀਬਾਂ ਸੋਚਣ ਤੇ ਵਿਉਂਤਬੰਦੀ ਕਰਨ ਲਈ ਮਨੁੱਖਾਂ ਨਾਲ ਮੁਕਾਬਲਾ ਤਾਂ 1997 ਵਿੱਚ ਹੀ ਆਈ ਬੀ ਐੱਮ ਦੇ ਪ੍ਰੋਗਰਾਮ ਡੀਪਬਲਿਯੂ ਵੱਲੋਂ ਸ਼ਤਰੰਜ ਦੇ ਵਿਸ਼ਵ ਚੈਂਪੀਅਨ ਗੈਰੀ ਕਸਪਾਰੋਵ ਨੂੰ ਹਰਾ ਕੇ ਜਿੱਤ ਲਿਆ ਸੀ । ਕੁਝ ਸਮੇਂ ਬਾਅਦ ਹੀ ਸਟੋਕਫਿਸ਼-8 ਸਾਫਟਵੇਅਰ ਸ਼ਤਰੰਜ ਦਾ ਖਿਡਾਰੀ ਅਤੇ ਟਿਊਟਰ ਵਜੋਂ ਵੀ ਕੰਮ ਕਰਨ ਲੱਗ ਪਿਆ। ਇਹ ਇੱਕ ਸੈਕਿੰਡ ਵਿੱਚ 7 ਕਰੋੜ ਚਾਲਾਂ ਸੋਚ ਸਕਦਾ ਸੀ। ਇਹ ਪ੍ਰੋਗਰਾਮ ਵੀ ਬਹੁਤ ਦੇਰ ਤੱਕ ਨਹੀਂ ਚੱਲਿਆ । 2017 ਦੇ ਆਉਣ ਤੱਕ ਗੂਗਲ ਦਾ ਨਵਾਂ ਪ੍ਰੋਗਰਾਮ ਅਲਫਾ-ਜ਼ੀਰੋ ਸਾਹਮਣੇ ਆ ਗਿਆ, ਜਿਸ ਦੀ ਰਫਤਾਰ ਤਾਂ ਸਟੋਕਫਿਸ਼ ਨਾਲੋਂ ਬਹੁਤ ਹੀ ਜ਼ਿਆਦਾ ਘੱਟ ਸੀ (80 ਹਜ਼ਾਰ ਕੈਲਕੂਲੇਸ਼ਨਾਂ ਪ੍ਰਤੀ ਸਕਿੰਟ) ਪਰੰਤੂ ਅਲਫਾ-ਜ਼ੀਰੋ ਨੇ ਸਟੋਕਫਿਸ਼-8 ਨੂੰ ਹਰਾ ਦਿੱਤਾ। ਹੈਰਾਨ ਹੋਣ ਦੀ ਜ਼ਰੂਰਤ ਨਹੀ। ਉਸ ਦਾ ਕਾਰਨ ਸੀ, ਪ੍ਰੋਗਰਾਮ ਬਣਾਉਣ ਵਾਲਿਆਂ ਨੇ ਇਸ ਵਿੱਚ ਸਵੈ-ਸਿੱਖਣ ਅਤੇ ਫੈਸਲੇ ਕਰਨ ਵਾਲਾ ਸਾਫਟਵੇਅਰ ਜੋੜ ਦਿੱਤਾ ਸੀ।

ਭਵਿੱਖ ਵਿੱਚ ਟੈਕਨਾਲੋਜੀ ਦੀਆਂ ਕਿਸਮਾਂ ਅਤੇ ਸਪੀਡ ਦਾ ਅੰਦਾਜ਼ਾ ਹੀ ਲੱਗ ਸਕਦਾ ਹੈ। ਨਵੀ ਟੈਕਨੋਲੋਜੀ ਅਤੇ ਸਮਾਜ ਵਿੱਚ ਇਸ ਦੇ ਪ੍ਰਭਾਵ ਬਾਰੇ ਇੱਕ-ਦੂਜੇ ਦੇ ਬਿਲਕੁਲ ਉਲਟ ਵਿਚਾਰ ਹਨ।

ਇਸ ਦੇ ਲਾਹੇਵੰਦ ਇਸਤੇਮਾਲ ਨਾਲ ਰੋਜ਼ਾਨਾ ਜੀਵਨ ਵਿੱਚ ਨਵੀਂਆਂ ਤਕਨੀਕਾਂ ਅਧਾਰਤ ਯੰਤਰ ਲਗਾਤਾਰ ਪੈਰ ਪਸਾਰ ਰਹੇ ਹਨ । ਨਵੀਂਆ ਤਕਨੀਕਾਂ ਆਧਾਰਤ ਬਣਨ ਵਾਲੀਆਂ ਨਵੀਂਆਂ ਵਸਤਾਂ ਦੇ ਨਮੂਨੇ ਸਾਡੇ ਸਾਹਮਣੇ ਹਨ।

ਗੂਗਲ ਵੱਲੋਂ ਬਣਾਏ ਕੰਨਾਂ ਵਿੱਚ ਫਸਾਉਣ ਵਾਲੇ ਪਿਕਸਲ-ਬੱਡਸ ਵਿੱਚ ਇਹ ਸੁਵਿਧਾ ਆ ਗਈ ਹੈ ਕਿ ਕੋਈ ਵੀ ਭਾਸ਼ਾ ਦੀ ਬੋਲੀ ਪਹਿਨਣ ਵਾਲੇ ਦੀ ਭਾਸ਼ਾ ਵਿਚ ਤੁਰੰਤ ਟਰਾਂਸਲੇਟ ਹੋ ਕੇ ਉਸ ਦੇ ਕੰਨ ਵਿੱਚ ਸੁਣੇਗੀ।

ਮੈਟਾ-ਰੈਬੇਨ ਦੀ ਏ ਆਈ ਐਨਕ ਨਾਲ ਜੋ ਵੀ ਪੜ੍ਹੋ, ਉਹ ਨਾਲ ਹੀ ਤੁਹਾਡੀ ਭਾਸ਼ਾ ਵਿੱਚ ਟਰਾਂਸਲੇਟ ਹੋ ਕੇ ਤੁਹਾਨੂੰ ਦਿੱਖ ਸਕਦਾ ਹੈ। ਦੁਨੀਆ ਵਿੱਚ ਭਾਸ਼ਾ ਕਾਰਨ ਬਣੇ ਫ਼ਾਸਲੇ ਮੁੱਕ ਰਹੇ ਹਨ।

ਅੱਜ ਕੱਲ ਸਰੀਰ ਦੀ ਸ਼ੂਗਰ ਨਾਪਣ ਲਈ ਲਾਈਬਰ ਕੰਪਨੀ ਦੀ ਚਿਪ ਮਿਲਦੀ ਹੈ। ਇਸ ਚਿਪ ਲੱਗੇ ਜਿਸਮ ਵਾਲਾ ਇਨਸਾਨ ਅਪਣੀ ਸ਼ੂਗਰ ਦਾ ਲੇਬਲ ਲਗਾਤਾਰਤਾ ਦੇ ਵਿੱਚ ਜਾਂ ਜਦੋਂ ਚਾਹੇ ਮੋਬਾਇਲ ਫੋਨ 'ਤੇ ਵੇਖ ਸਕਦਾ ਹੈ।

ਦੂਜਾ ਮਾੜਾ ਪੱਖ ਵੀ ਹੈ। ਨਵੀਂ ਟੈਕਨੋਲੋਜੀ ਨਾਲ ਜੁੜੀਆਂ ਨਵੀਆਂ ਗੰਭੀਰ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਪਿਛਲੇ ਸਾਲ ਵਰਲਡ ਇਕਨੋਮਿਕ ਫੋਰਮ ਦੀ ਮੀਟਿੰਗ ਵਿੱਚ ਟੈਕਨੋਲੋਜੀ ਕਾਰਨ ਕਲਚਰ ਉੱਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਮਾਮਲਾ ਉਠਾਉਂਦੇ ਹੋਏ ਗ੍ਰੈਮੀ ਅਵਾਰਡ ਜੇਤੂ ਗਾਇਕ ਐਂਜੀਲੀਕ ਕਿਡਜੋ ਨੇ ਆਪਣੀ ਮਿਸਾਲ ਦਿੰਦੇ ਆਖਿਆ ਕਿ ਕੋਰੋਨਾ ਸਮੇਂ ਉਸ ਨੇ ਟੈਕਨੋਲੋਜੀ ਦੀ ਮਦਦ ਨਾਲ ਆਪਣੇ ਗੀਤਾਂ ਦੀ ਨਵੀਂ ਐਲਬਮ ਤਿਆਰ ਕੀਤੀ ਸੀ, ਪ੍ਰੰਤੂ ਚਿੰਤਾ ਹੈ, ਜਿਵੇਂ ਉਸ ਨੇ ਨਵੀਂ ਤਕਨੀਕ ਵਰਤ ਕੇ ਆਪਣੀ ਆਵਾਜ਼ ਨਾਲ ਸੰਗੀਤ ਜੋੜ ਲਿਆ ਸੀ, ਤਾਂ ਸੰਗੀਤ ਨਾਲ ਉਸ ਦੀ ਆਵਾਜ਼ ਨੂੰ ਵੀ ਮੇਲਿਆ ਜਾ ਸਕਦਾ ਹੈ। ਅਜਿਹੀ ਸਥਿਤੀ ਵਿਚ ਆਪਣੇ ਆਪ ਦੇ ਇਨਸਾਨੀ ਹੁਨਰ ਨੂੰ ਕਿਵੇਂ ਬਚਾ ਕੇ ਰੱਖੀਏ ।

ਅੱਜ ਦੇ ਦੌਰ ਵਿੱਚ ਹਰ ਬੰਦੇ ਦੇ ਹੱਥ ਵਿੱਚ ਮੋਬਾਇਲ ਫੋਨ ਹੈ। ਅਸੀਂ ਫੇਸਬੁਕ, ਵਟਸਐਪ, ਇੰਸਟਾਗਰਾਮ ਆਦਿ ਉੱਪਰ ਕਿਸੇ ਕੰਨਟੇਂਟ ਨੂੰ ਪਸੰਦ ਜਾਂ ਨਾ ਪਸੰਦ ਕਰਦੇ ਜਾਂ ਅੱਗੇ ਫਾਰਵਰਡ ਕਰ ਰਹੇ ਹਾਂ। ਇਹ ਸਾਰਾ ਡਾਟਾ ਵੱਡੀਆਂ ਕੰਪਨੀਆਂ ਪਾਸ ਜਮ੍ਹਾਂ ਹੋ ਜਾਂਦਾ ਹੈ। ਇਸ ਨਾਲ ਉਹ ਸਮਾਜ ਦੀ ਪਸੰਦ ਜਾਂ ਨਾ ਪਸੰਦ ਬਾਰੇ ਰੁਚੀ ਨੂੰ ਨਾਪ ਲੈਂਦੇ ਹਨ। ਉਸ ਮੁਤਾਬਕ ਆਰਥਿਕ, ਵਪਾਰਕ, ਰਾਜਨੀਤਕ ਖੇਤਰ ਵਿੱਚ ਆਪਣੇ ਦਾਅਪੇਚ ਬਣਾਉਣ ਦੇ ਯੋਗ ਹੋ ਜਾਂਦੇ ਹਨ।

ਇਨਸਾਨੀ ਸਿਹਤ ਦੀ ਜਾਣਕਾਰੀ ਜਾਂ ਇਲਾਜ ਸੰਬੰਧੀ ਬਾਇਓ ਇੰਜੀਨੀਅਰਿੰਗ ਅਧਾਰਤ ਚਿਪਾਂ ਤਾਂ ਮਨੁੱਖਾਂ ਉਪਰ ਲੱਗ ਹੀ ਰਹੀਆਂ ਹਨ, ਪਰ ਜਦ ਇਹ ਬਾਇਓ ਇਨਫਰਮੇਸ਼ਨ ਟੈਕਨੋਲੋਜੀ ਨਾਲ ਜੁੜ ਗਿਆ ਤਾਂ ਉਹ ਕਦੋਂ ਕੀ ਸੋਚ ਰਹੇ ਹਨ, ਉਸ ਦਾ ਵੀ ਡਾਟਾ ਕੰਪਿਊਟਰਾਂ ਵਿੱਚ ਆ ਜਾਏਗਾ।

ਸੋਸ਼ਲ ਸਕਿਉਰਟੀ ਅਤੇ ਪ੍ਰਾਈਵੇਸੀ ਉੱਤੇ ਹਮਲੇ ਕਰਨ ਵਾਲੇ ਪੈਗਾਸਿਸ ਵਰਗੇ ਸਾਫਟਵੇਅਰਾਂ ਬਾਰੇ ਅਸੀਂ ਸੁਣ ਚੁੱਕੇ ਹਾਂ। ਇਸ ਨਾਲ ਸਾਡੀ ਆਪਣੀ ਸਾਈਬਰ ਅਤੇ ਆਰਥਿਕ ਸਕਿਉਰਟੀ ਖਤਰੇ ਵਿਚ ਆ ਸਕਦੀ ਹੈ । ਸਾਡੀਆਂ ਖੋਜਾਂ, ਵਿਗਿਆਨ ਅਤੇ ਬੌਧਿਕ ਸੰਪਦਾ ਦੀ ਜਸੂਸੀ ਤੇ ਚੋਰੀ ਹੋ ਸਕਦੀ ਹੈ।

ਏ ਆਈ ਜਨਰੇਟਰ ਲਾਰਜ ਲੈਂਗੂਏਜ ਮਾਡਲ ਓਪਨ ਏ ਆਈ ਜਾਂ ਚੈਟ ਜੀ ਪੀ ਟੀ, ਚੈਟਬੋਟ ਅਜਿਹੇ ਕੰਟੈਂਟ ਜਾਂ ਰੀਲ ਬਣਾ ਸਕਦੇ ਹਨ, ਜੋ ਬੁਨਿਆਦੀ ਤੌਰ 'ਤੇ ਨਕਲੀ ਹੁੰਦੇ ਹੋਏ ਵੀ ਬੰਦੇ ਦੀ ਅਸਲੀ ਆਵਾਜ਼ ਅਤੇ ਉਸ ਦੇ ਚਿਹਰੇ ਦੇ ਹਾਵ-ਭਾਵ ਦੀ ਨਕਲ ਕਰ ਸਕਦੇ ਹਨ।

ਇਸ ਦੇ ਬੇਰੋਕ ਇਸਤੇਮਾਲ ਕਰਨ ਨਾਲ ਸਮਾਜ ਵਿੱਚ ਕੁਝ ਵੀ ਸੱਚ-ਝੂਠ ਫੈਲਾਇਆ ਜਾ ਸਕਦਾ ਹੈ ।2022 ਤੋਂ ਅੱਜ ਤਕ ਓਪਨ ਏ ਆਈ ਦੇ ਇਸਤੇਮਾਲ ਨਾਲ ਕਰੋੜਾਂ ਦੀ ਗਿਣਤੀ ਵਿੱਚ ਅਜਿਹੀਆਂ ਰੀਲਾਂ ਤਿਆਰ ਹੋ ਚੁੱਕੀਆਂ ਹਨ, ਜੋ ਵੇਖਣ ਨੂੰ ਬਿਲਕੁਲ ਸੱਚ ਲੱਗਦੀਆਂ ਹਨ ਅਤੇ ਉਹਨਾਂ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਵੀ ਕੁਦਰਤੀ ਲੱਗਦੀ ਹੈ।

ਸਮਾਜ ਅਤੇ ਡੈਮੋਕਰੇਸੀ ਦੀਆ ਚੂਲਾਂ ਹਿਲਾਉਣ ਵਾਲੇ ਇਸ ਦੇ ਪ੍ਰਭਾਵ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ । ਨਕਲੀ ਅਤੇ ਝੂਠੀਆਂ ਅਫਵਾਹਾਂ ਫੈਲਾਉਣ ਵਾਲੇ ਸਾਫਟਵੇਅਰ ਨਾਲ ਵਿਅਕਤੀਆਂ ਤੇ ਸਰਕਾਰਾਂ ਨੂੰ ਬਲੈਕਮੇਲ ਕੀਤਾ ਜਾ ਸਕਦਾ ਹੈ। ਨਵੀ ਟੈਕਨੋਲੋਜੀ ਨਾਲ ਜਨਰੇਟ ਕੀਤੀਆਂ ਝੂਠੀਆਂ ਫਿਲਮਾਂ ਦਾ ਸਮਾਜ 'ਤੇ ਪੈਣ ਵਾਲਾ ਪ੍ਰਭਾਵ ਬਹੁਤ ਹੀ ਭਿਆਨਕ ਹੁੰਦਾ ਹੈ। ਅਨੇਕ ਵਿਦਵਾਨ ਨਵੀਂ ਟੈਕਨੋਲੋਜੀ ਦੀ ਨੁਕਸਾਨਦੇਹ ਸ਼ਕਤੀ ਕਾਰਨ ਡੈਮੋਕ੍ਰੇਸੀ ਦੇ ਬਚੇ ਰਹਿਣ ਬਾਰੇ ਖਦਸ਼ੇ ਪ੍ਰਗਟ ਕਰ ਰਹੇ ਹਨ।

ਯੂ ਐੱਨ ਓ ਦਾ ਸੈਕਟਰੀ ਜਨਰਲ ਐਂਟੋਨੀਓ ਬੁਟਰਸ ਵੀ ਡੈਮੋਕਰੇਸੀ ਦੇ ਇੰਟਰਨੈਸ਼ਨਲ ਦਿਵਸ 15 ਸਤੰਬਰ 2024 ਤੋਂ ਇਸ ਖਤਰੇ ਪ੍ਰਤੀ ਸਾਵਧਾਨ ਕਰ ਰਿਹਾ ਹੈ। ਉਸ ਦੇ ਸਾਰੇ ਭਾਸ਼ਣ ਦਾ ਬੁਨਿਆਦੀ ਨੁਕਤਾ ਹੀ ਨਵੀਂ ਟੈਕਨੋਲੋਜੀ ਤੋਂ ਸਾਡੇ ਪ੍ਰਗਟਾਵੇ, ਸਿਵਲ ਲਿਬਰਟੀ, ਰੂਲ ਆਫ ਲਾਅ ਅਤੇ ਸੰਸਥਾਵਾਂ ਉਪਰ ਪੈਣ ਵਾਲੇ ਪ੍ਰਭਾਵਾਂ ਤੋ ਬਚਾਉਂਦੇ ਹੋਏ ਮਨੁੱਖੀ ਅਧਿਕਾਰਾਂ ਦੀ ਰਾਖੀ ਤੇ ਵਿਕਾਸ ਬਾਰੇ ਸੀ ।

ਸੰਸਾਰ ਭਰ ਵਿੱਚ ਮਨੁੱਖੀ ਅਧਿਕਾਰ ਅਤੇ ਕਦਰਾਂ-ਕੀਮਤਾਂ ਇਸ ਹਮਲੇ ਦਾ ਸ਼ਿਕਾਰ ਹੋ ਰਹੀਆਂ ਹਨ। ਪ੍ਰਗਟਾਵੇ ਦੀ ਆਜ਼ਾਦੀ ਦੇ ਪਰ ਕੁਤਰੇ ਜਾ ਰਹੇ ਹਨ। ਸਮਾਜ ਦੀ ਭਲਾਈ ਵਾਲੇ ਖੇਤਰ 'ਤੇ ਲਗਾਤਾਰ ਕੈਂਚੀ ਚੱਲ ਰਹੀ ਹੈ। ਲੋਕਾਂ ਦਰਮਿਆਨ ਬੇਵਿਸ਼ਵਾਸੀ ਵਧ ਰਹੀ ਹੈ ਅਤੇ ਨਾਲ ਹੀ ਸਮਾਜੀ ਧਰੁਵੀਕਰਨ ਵੀ ਵਧਦਾ ਜਾ ਰਿਹਾ ਹੈ।

ਇਹ ਵੀ ਸੱਚ ਹੈ ਕਿ ਏ ਆਈ ਦੇ ਨਾਲ ਅਸੀਂ ਆਪਣੇ ਵਿਚਾਰਾਂ ਨੂੰ ਤੇਜ਼ੀ ਨਾਲ ਫੈਲਾ ਸਕਦੇ ਹਾਂ। ਆਮ ਲੋਕਾਂ ਦੀ ਭਾਗੀਦਾਰੀ ਨੂੰ ਵਧਾ ਸਕਦੇ ਹਾਂ। ਇਹ ਸਾਡੀ ਵਿਦਿਆ ਦੇ ਸਿਸਟਮ ਦੇ ਵਿੱਚ ਵੀ ਬਹੁਤ ਤੇਜ਼ੀ ਲਿਆ ਸਕਦਾ ਹੈ ਅਤੇ ਡੈਮੋਕਰੇਸੀ ਨੂੰ ਮਜ਼ਬੂਤ ਕਰ ਸਕਦਾ ਹੈ।

ਦਸੰਬਰ 2024 ਨੂੰ ਬੈਲਗਰੇਡ ਵਿੱਚ ਗਲੋਬਲ ਪਾਰਟਨਰਸ਼ਿਪ ਆਨ ਆਰਟੀਫਿਸ਼ੀਅਲ ਇੰਟੈਲੀਜੈਂਸ ਦੇਸ਼ਾਂ ਦੇ ਮਨਿਸਟਰਾਂ ਦੀ ਮੀਟਿੰਗ ਹੋਈ। ਮੀਟਿੰਗ ਵਲੋਂ ਪੇਸ਼ ਕੀਤੀਆਂ ਗਈਆਂ ਤਜਵੀਜ਼ਾ ਨੂੰ ਯੂ ਐਨ ਓ ਨੇ ਵੀ ਆਪਣੇ ਚਾਰਟਰ ਵਿੱਚ ਸ਼ਾਮਲ ਕਰ ਲਿਆ ਹੈ।

ਉਮੀਦ ਹੈ ਕਿ ਨਵੀਂ ਪੀੜ੍ਹੀ ਆਪਣੀਆਂ ਸਮੱਸਿਆਵਾਂ ਦੇ ਹੱਲ ਖੋਜ ਲਵੇਗੀ । ਡੀਪਸੀਕ ਸਾਫਟਵੇਅਰ ਉਸ ਦੀ ਹੀ ਇੱਕ ਝਲਕ ਸੀ । ਛੋਟੀਆਂ-ਛੋਟੀਆਂ ਫਰਮਾਂ ਵੀ ਅਜਿਹੀਆਂ ਤਕਨੀਕਾਂ ਪੈਦਾ ਕਰ ਸਕਦੀਆਂ ਹਨ ਕਿ ਉਹ ਦੁਨੀਆ ਭਰ ਵਿੱਚ ਜਾਲ ਵਿਛਾਈ ਬੈਠੀਆਂ ਵੱਡੀਆਂ ਫਰਮਾਂ ਦੀਆਂ ਤਕਨੀਕਾਂ ਦੀ ਕਾਟ ਕਰਦਿਆਂ ਟੈਕਨੋਲੋਜੀ ਸਾਮਰਾਜ ਦਾ ਮੁਕਾਬਲਾ ਕਰਦੇ ਮਨੁੱਖਤਾ ਨੂੰ ਬਚਾ ਸਕਦੀਆਂ ਹਨ।

ਸਮਾਜਿਕ ਪੱਖ ਤੋਂ ਲੋਕਤੰਤਰ, ਨਿਆਂ ਅਤੇ ਬਰਾਬਰੀ ਦੇ ਅਸੂਲ, ਨਾਗਰਿਕਾਂ ਦੀ ਆਜ਼ਾਦੀ ਆਦਿ ਦਰਪੇਸ਼ ਮਾਮਲਿਆਂ ਨੂੰ ਨਜਿੱਠਣ ਵਾਲੇ ਨਵੀਂ ਕਿਸਮ ਦੇ ਸਮਾਜਿਕ ਨਿਜ਼ਾਮ ਨੂੰ ਸਿਰਜਣ ਤੇ ਸਥਾਪਤ ਕਰਨ ਲਈ ਸਾਨੂੰ ਆਪਣੇ ਮਨਾਂ ਅੰਦਰਲੇ ਸੰਸਕਾਰਾਂ ਨੂੰ ਸਮੇਂ ਦੇ ਮੁਤਾਬਕ ਨਵਿਆਉਣ ਦੇ ਨਾਲ-ਨਾਲ ਆਪਣੀਆਂ ਸੰਸਥਾਵਾਂ ਨੂੰ ਵੀ ਅੱਜ ਦੀ ਟੈਕਨੋਲੋਜੀ ਨੂੰ ਵਰਤਣਯੋਗ ਬਣਾਉਣ ਲਈ ਢਾਲਣਾ ਹੀ ਪੈਣਾ ਹੈ ।

**# ਸੰਪਰਕ : 98142-73870**

# ਧੁੰਦ ਦਾ ਕਹਿਰ ਅਤੇ ਵਾਪਰ ਰਹੇ ਸੜਕ ਹਾਦਸੇ

ਜਸਵਿੰਦਰ ਪਾਲ ਸ਼ਰਮਾ

ਸਰਦੀਆਂ ਦੇ ਮੌਸਮ ਦੀ ਆਮਦ ਨਾਲ ਹੀ ਪੰਜਾਬ ਸਮੇਤ ਉੱਤਰੀ ਭਾਰਤ ਦੇ ਕਈ ਇਲਾਕਿਆਂ ਵਿੱਚ ਧੁੰਦ ਇੱਕ ਗੰਭੀਰ ਸਮੱਸਿਆ ਬਣ ਕੇ ਸਾਹਮਣੇ ਆਉਂਦੀ ਹੈ। ਸਵੇਰੇ ਅਤੇ ਦੇਰ ਸ਼ਾਮ ਪੈਂਦੀ ਗਾੜ੍ਹੀ ਧੁੰਦ ਜਿੱਥੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਤ ਕਰਦੀ ਹੈ, ਉੱਥੇ ਹੀ ਇਹ ਸੜਕੀ ਹਾਦਸਿਆਂ ਦਾ ਮੁੱਖ ਕਾਰਨ ਵੀ ਬਣ ਰਹੀ ਹੈ। ਹਰ ਸਾਲ ਧੁੰਦ ਦੇ ਦਿਨਾਂ ਵਿੱਚ ਹਾਦਸਿਆਂ ਦੀ ਗਿਣਤੀ ਅਚਾਨਕ ਵਧ ਜਾਣਾ ਇਹ ਸਾਬਤ ਕਰਦਾ ਹੈ ਕਿ ਅਸੀਂ ਅਜੇ ਵੀ ਇਸ ਖ਼ਤਰੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ।

ਧੁੰਦ ਕਾਰਨ ਦ੍ਰਿਸ਼ਟੀ ਬਹੁਤ ਸੀਮਿਤ ਹੋ ਜਾਂਦੀ ਹੈ । ਕਈ ਵਾਰ ਤਾਂ ਕੁਝ ਮੀਟਰ ਦੂਰ ਤੱਕ ਵੀ ਸਾਫ਼ ਨਹੀਂ ਦਿਸਦਾ ।ਅਜਿਹੇ ਵਿੱਚ ਵਾਹਨ ਚਾਲਕਾਂ ਲਈ ਸੜਕ 'ਤੇ ਅੱਗੇ-ਪਿੱਛੇ ਚੱਲ ਰਹੇ ਵਾਹਨਾਂ, ਮੋੜਾਂ, ਖੱਡਿਆਂ ਜਾਂ ਅਚਾਨਕ ਆਉਣ ਵਾਲੇ ਪੈਦਲ ਯਾਤਰੀਆਂ ਨੂੰ ਦੇਖਣਾ ਮੁਸ਼ਕਲ ਹੋ ਜਾਂਦਾ ਹੈ। ਇਸ ਅਸਪੱਸ਼ਟਤਾ ਵਿੱਚ ਜੇ ਰਫ਼ਤਾਰ ਵੱਧ ਹੋਵੇ ਜਾਂ ਧਿਆਨ ਭਟਕਿਆ ਹੋਵੇ, ਤਾਂ ਹਾਦਸਾ ਹੋਣਾ ਲੱਗਭੱਗ ਨਿਸਚਿਤ ਬਣ ਜਾਂਦਾ ਹੈ।

ਅਕਸਰ ਦੇਖਿਆ ਗਿਆ ਹੈ ਕਿ ਧੁੰਦ ਵਿੱਚ ਵੀ ਕਈ ਡਰਾਈਵਰ ਆਮ ਦਿਨਾਂ ਵਾਂਗ ਤੇਜ਼ ਗਤੀ ਨਾਲ ਵਾਹਨ ਚਲਾਉਂਦੇ ਹਨ। ਓਵਰਟੇਕ ਕਰਨ ਦੀ ਗਲਤ ਆਦਤ, ਸੜਕ ਦੇ ਨਿਯਮਾਂ ਦੀ ਉਲੰਘਣਾ ਅਤੇ ਫ਼ਾਗ ਲਾਈਟਾਂ ਦੀ ਅਣਵਰਤੋਂ ਹਾਦਸਿਆਂ ਨੂੰ ਹੋਰ ਭਿਆਨਕ ਬਣਾ ਦਿੰਦੀ ਹੈ। ਦੋ ਪਹੀਆ ਵਾਹਨ ਚਾਲਕ ਬਿਨਾਂ ਹੈਲਮਟ ਅਤੇ ਬਿਨਾਂ ਰਿਫ਼ਲੈਕਟਿਵ ਕੱਪੜਿਆਂ ਦੇ ਸੜਕਾਂ 'ਤੇ ਨਜ਼ਰ ਆਉਂਦੇ ਹਨ, ਜਿਸ ਕਾਰਨ ਧੁੰਦ ਵਿੱਚ ਉਹ ਹੋਰ ਵਾਹਨਾਂ ਨੂੰ ਦਿਸਦੇ ਹੀ ਨਹੀਂ।

ਧੁੰਦ ਦਾ ਕਹਿਰ ਸਿਰਫ਼ ਹਾਈਵੇਅਜ਼ ਤੱਕ ਸੀਮਿਤ ਨਹੀਂ। ਪਿੰਡਾਂ ਨੂੰ ਜਾਣ ਵਾਲੀਆਂ ਲਿੰਕ ਸੜਕਾਂ, ਕੱਚੀਆਂ ਸੜਕਾਂ ਅਤੇ ਤੰਗ ਰਸਤੇ ਵੀ ਇਸ ਦੌਰਾਨ ਬਹੁਤ ਖ਼ਤਰਨਾਕ ਹੋ ਜਾਂਦੇ ਹਨ। ਕਈ ਥਾਵਾਂ 'ਤੇ ਸੜਕਾਂ ਦੀ ਢੁਕਵੀਂ ਲਾਈਟਿੰਗ ਨਹੀਂ ਹੁੰਦੀ ਅਤੇ ਨਾ ਹੀ ਚੇਤਾਵਨੀ ਬੋਰਡ ਲੱਗੇ ਹੁੰਦੇ ਹਨ । ਨਤੀਜੇ ਵਜੋਂ ਧੁੰਦ ਵਿੱਚ ਵਾਹਨ ਅਕਸਰ ਸੜਕ ਤੋਂ ਹੇਠਾਂ ਉੱਤਰ ਜਾਂਦੇ ਹਨ ਜਾਂ ਆਪਸ ਵਿੱਚ ਟਕਰਾਅ ਜਾਂਦੇ ਹਨ।

ਇਹ ਵੀ ਇੱਕ ਕੜਵਾ ਸੱਚ ਹੈ ਕਿ ਧੁੰਦ ਕਾਰਨ ਵਾਪਰਨ ਵਾਲੇ ਬਹੁਤ ਸਾਰੇ ਹਾਦਸੇ ਸਿਰਫ਼ ਇਤਫ਼ਾਕ ਨਹੀਂ ਹੁੰਦੇ, ਸਗੋਂ ਮਨੁੱਖੀ ਲਾਪਰਵਾਹੀ ਦਾ ਨਤੀਜਾ ਹੁੰਦੇ ਹਨ। ਜੇਕਰ ਡਰਾਈਵਰ ਸਾਵਧਾਨੀ ਵਰਤਣ, ਰਫ਼ਤਾਰ ਘੱਟ ਰੱਖਣ ਅਤੇ ਧੁੰਦ ਦੇ ਅਨੁਕੂਲ ਡਰਾਈਵਿੰਗ ਤਰੀਕੇ ਅਪਣਾਉਣ, ਤਾਂ ਕਈ ਕੀਮਤੀ ਜਾਨਾਂ ਬਚ ਸਕਦੀਆਂ ਹਨ। ਧੁੰਦ ਵਿੱਚ ਹਾਰਨ ਦੀ ਸੰਯਮਿਤ ਵਰਤੋਂ, ਵਾਹਨਾਂ ਦਰਮਿਆਨ ਢੁਕਵਾਂ ਫ਼ਾਸਲਾ ਅਤੇ ਅਚਾਨਕ ਬ੍ਰੇਕ ਨਾ ਲਗਾਉਣਾ ਬਹੁਤ ਜ਼ਰੂਰੀ ਹੈ।

ਇਸ ਸੰਦਰਭ ਵਿੱਚ ਪ੍ਰਸ਼ਾਸਨ ਦੀ ਭੂਮਿਕਾ ਵੀ ਬਹੁਤ ਅਹਿਮ ਹੈ। ਸਰਕਾਰ ਅਤੇ ਟ੍ਰੈਫ਼ਿਕ ਪੁਲਸ ਨੂੰ ਚਾਹੀਦਾ ਹੈ ਕਿ ਧੁੰਦ ਦੇ ਮੌਸਮ ਦੌਰਾਨ ਖ਼ਾਸ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ। ਹਾਈਵੇਅਜ਼ ਅਤੇ ਮੁੱਖ ਸੜਕਾਂ 'ਤੇ ਰਿਫ਼ਲੈਕਟਿਵ ਸਾਈਨ ਬੋਰਡ, ਸਪੀਡ ਲਿਮਟ ਦਰਸਾਉਂਦੇ ਚਿੰਨ੍ਹ ਅਤੇ ਧੁੰਦ ਸੰਬੰਧੀ ਚੇਤਾਵਨੀ ਸੂਚਕ ਲਗਾਏ ਜਾਣ। ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਵੀ ਸਮੇਂ ਦੀ ਲੋੜ ਹੈ।

ਸਕੂਲਾਂ, ਕਾਲਜਾਂ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਵੀ ਲੋਕਾਂ ਨੂੰ ਧੁੰਦ ਵਿੱਚ ਸੁਰੱਖਿਅਤ ਯਾਤਰਾ ਬਾਰੇ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ। ਖ਼ਾਸ ਕਰਕੇ ਨੌਜਵਾਨਾਂ ਵਿੱਚ ਇਹ ਸਮਝ ਪੈਦਾ ਕਰਨ ਦੀ ਲੋੜ ਹੈ ਕਿ ਗੱਡੀ ਤੇਜ਼ ਚਲਾਉਣਾ ਬਹਾਦਰੀ ਨਹੀਂ, ਸਗੋਂ ਬੇਸਮਝੀ ਹੈ। ਇੱਕ ਛੋਟੀ ਜਿਹੀ ਲਾਪਰਵਾਹੀ ਪੂਰੇ ਪਰਿਵਾਰ ਦੀ ਖ਼ੁਸ਼ੀ ਛੀਨ ਸਕਦੀ ਹੈ।

ਅੰਤ ਵਿੱਚ ਇਹ ਕਹਿਣਾ ਉਚਿੱਤ ਹੋਵੇਗਾ ਕਿ ਧੁੰਦ ਕੁਦਰਤ ਦਾ ਇੱਕ ਹਿੱਸਾ ਹੈ, ਜਿਸ ਨੂੰ ਅਸੀਂ ਰੋਕ ਨਹੀਂ ਸਕਦੇ, ਪਰ ਉਸ ਨਾਲ ਸੁਰੱਖਿਅਤ ਢੰਗ ਨਾਲ ਨਜਿੱਠ ਸਕਦੇ ਹਾਂ। ਸਾਵਧਾਨੀ, ਧੀਰਜ ਅਤੇ ਜ਼ਿੰਮੇਵਾਰੀ ਨਾਲ ਵਾਹਨ ਚਲਾਉਣਾ ਹੀ ਇਸ ਸਮੱਸਿਆ ਦਾ ਸਭ ਤੋਂ ਵੱਡਾ ਹੱਲ ਹੈ। ਜਦੋਂ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਸਮਝੇਗਾ, ਤਦ ਹੀ ਧੁੰਦ ਦਾ ਇਹ ਕਹਿਰ ਘੱਟ ਹੋਵੇਗਾ ਅਤੇ ਸੜਕਾਂ 'ਤੇ ਜਾਨਾਂ ਬਚ ਸਕਣਗੀਆਂ। ਜਾਨ ਹੈ ਤਾਂ ਜਹਾਨ ਹੈ, ਇਸ ਸੋਚ ਨੂੰ ਅਪਣਾ ਕੇ ਹੀ ਅਸੀਂ ਧੁੰਦ ਵਿੱਚ ਵੀ ਸੁਰੱਖਿਅਤ ਯਾਤਰਾ ਕਰ ਸਕਦੇ ਹਾਂ।

## ਅੰਤਰ-ਰਾਸ਼ਟਰੀ ਪਰਵਾਸ ਦਿਵਸ 'ਤੇ ਵਿਸ਼ੇਸ਼

# ਮਨੁੱਖੀ ਜੀਵਨ ਦਾ ਬਦਲਦਾ ਹੋਇਆ ਰੁਝਾਨ

ਜਸਵਿੰਦਰ ਸਿੰਘ ਰੁਪਾਲ

ਸ਼ੁਰੂ ਤੋਂ ਹੀ ਪਰਵਾਸ ਮਨੁੱਖੀ ਇਤਿਹਾਸ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ। ਸਧਾਰਨ ਸ਼ਬਦਾਂ ਵਿੱਚ ਰੋਜ਼ੀ-ਰੋਟੀ, ਚੰਗੇ ਭਵਿੱਖ ਜਾਂ ਸੁਰੱਖਿਆ ਦੀ ਭਾਲ ਵਿੱਚ ਆਪਣੀ ਜਨਮ ਭੂਮੀ ਨੂੰ ਛੱਡ ਕੇ ਕਿਸੇ ਦੂਜੇ ਦੇਸ਼ ਜਾਂ ਪ੍ਰਦੇਸ਼ ਵਿੱਚ ਜਾ ਕੇ ਵਸਣ ਨੂੰ ਪਰਵਾਸ ਕਿਹਾ ਜਾਂਦਾ ਹੈ। ? ਬੇਰੁਜ਼ਗਾਰੀ ਅਤੇ ਘੱਟ ਆਮਦਨ ਪਰਵਾਸ ਦਾ ਸਭ ਤੋਂ ਵੱਡਾ ਕਾਰਨ ਹੈ। ਚੰਗੀ ਕਮਾਈ ਅਤੇ ਆਰਥਿਕ ਖੁਸ਼ਹਾਲੀ ਲਈ ਲੋਕ ਵਿਕਸਤ ਦੇਸ਼ਾਂ (ਜਿਵੇਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ) ਵੱਲ ਰੁਖ ਕਰਦੇ ਹਨ। ਵਿਦਿਆਰਥੀ ਵਧੀਆ ਪੜ੍ਹਾਈ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਡਿਗਰੀਆਂ ਹਾਸਲ ਕਰਨ ਲਈ ਵਿਦੇਸ਼ ਜਾਂਦੇ ਹਨ। ਵਿਦੇਸ਼ਾਂ ਵਿੱਚ ਮਿਲਣ ਵਾਲੀਆਂ ਬਿਹਤਰ ਸਿਹਤ ਸਹੂਲਤਾਂ, ਸਾਫ਼ ਵਾਤਾਵਰਣ ਅਤੇ ਕਾਨੂੰਨ ਵਿਵਸਥਾ ਵੀ ਲੋਕਾਂ ਨੂੰ ਆਕਰਸ਼ਿਤ ਕਰਦੀ ਹੈ। ਕਈ ਵਾਰ ਦੇਸ਼ ਦੇ ਅੰਦਰੂਨੀ ਹਾਲਾਤ ਜਾਂ ਅਸੁਰੱਖਿਆ ਦੀ ਭਾਵਨਾ ਵੀ ਲੋਕਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕਰ ਦਿੰਦੀ ਹੈ।

**ਪੰਜਾਬ ਅਤੇ ਪਰਵਾਸ** - ਪੰਜਾਬੀਆਂ ਦਾ ਪਰਵਾਸ ਨਾਲ ਗੂੜ੍ਹਾ ਰਿਸ਼ਤਾ ਹੈ। ਪੰਜਾਬੀ ਸੁਭਾਅ ਤੋਂ ਹੀ ਉੱਦਮੀ ਅਤੇ ਜੋਖਮ ਲੈਣ ਵਾਲੇ ਹੁੰਦੇ ਹਨ, ਪਰ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਵਿੱਚ ਪਰਵਾਸ ਇੱਕ ਹੜ੍ਹ ਵਾਂਗ ਆਇਆ ਹੈ। ਹਰ ਸਾਲ ਲੱਖਾਂ ਨੌਜਵਾਨ ਸਟੱਡੀ ਵੀਜ਼ਾ ਦੇ ਰਾਹੀਂ ਵਿਦੇਸ਼ ਜਾ ਰਹੇ ਹਨ, ਇਸ ਨੂੰ ਬ੍ਰੇਨ ਡਰੇਨ (Brain Drain) ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ ਕਿ ਸਾਡੀ ਬੁੱਧੀਜੀਵੀ ਅਤੇ ਮਿਹਨਤੀ ਨੌਜਵਾਨ ਪੀੜ੍ਹੀ ਆਪਣਾ ਹੁਨਰ ਦੂਜੇ ਦੇਸ਼ਾਂ ਨੂੰ ਦੇ ਰਹੀ ਹੈ। ਖਾਸ ਤੌਰ 'ਤੇ ਜਦੋਂ ਪੰਜਾਬ ਦੀ ਗੱਲ ਆਉਂਦੀ ਹੈ ਤਾਂ ਉਪਰੋਕਤ ਕਾਰਨਾਂ ਦੇ ਨਾਲ-ਨਾਲ ਕੁਝ ਹੋਰ ਕਾਰਨ ਵੀ ਹਨ, ਭਾਵੇਂ ਇਹ ਗੌਣ ਹੋਣ, ਭਾਵੇਂ ਛੋਟੇ, ਪਰ ਇਹਨਾਂ ਦਾ ਕੁਝ ਮਹੱਤਵ ਜ਼ਰੂਰ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਵਿਦੇਸ਼ ਜਾਣਾ ਇੱਕ ਸਟੇਟਸ ਸਿੰਬਲ ਵੀ ਬਣ ਗਿਆ ਹੈ। ਕੁਝ ਆਰਥਿਕ ਤੌਰ 'ਤੇ ਚੰਗੇ ਪਰਵਾਰਾਂ ਦੇ ਨੌਜਵਾਨ ਲੜਕੇ-ਲੜਕੀਆਂ ਸਿਰਫ ਬਾਹਰ ਵਾਲੇ ਅਖਵਾਉਣ ਲਈ ਵੀ ਵਿਦੇਸ਼ਾਂ ਦਾ ਰੁਖ਼ ਕਰਦੇ ਹਨ। ਦੂਜਾ ਕਾਰਨ ਹੈ ਪੰਜਾਬੀ ਨੌਜਵਾਨਾਂ ਵੱਲੋਂ ਵਧੀਆ ਨੌਕਰੀ ਦੀ ਇੱਛਾ ਵਧੀਆ ਤਨਖਾਹ ਅਤੇ ਸਤਿਕਾਰ ਵਾਲੀ । ਪੰਜਾਬ ਵਿੱਚ ਸਰਕਾਰੀ ਅਤੇ ਨਿੱਜੀ ਖੇਤਰ ਦੋਹਾਂ ਦਾ ਬੁਰਾ ਹਾਲ ਹੈ। ਸਰਕਾਰੀ ਨੌਕਰੀਆਂ ਨਿਕਲਦੀਆਂ ਹੀ ਨਹੀਂ, ਜੇ ਕਦੀ ਨਿਕਲਣ ਵੀ ਤਾਂ ਉੱਥੇ ਰਿਸ਼ਵਤ ਅਤੇ ਸਿਫਾਰਸ਼ ਅਸਲੀ ਹੱਕਦਾਰ ਨੂੰ ਪਿੱਛੇ ਧੱਕ ਦਿੰਦੀਆਂ ਹਨ। ਨਿੱਜੀ ਖੇਤਰ ਵਿੱਚ ਕੰਮ ਜ਼ਿਆਦਾ ਕਰਵਾਉਂਦੇ ਹਨ । ਹੱਥੀਂ ਕਿਰਤ ਤੋਂ ਹੁਣ ਪੰਜਾਬੀ ਕਿਨਾਰਾ ਕਰਨ ਲੱਗੇ ਹਨ। । ਇਹ ਜਾਣਦਿਆਂ ਹੋਇਆਂ ਕਿ ਬਾਹਰਲੇ ਦੇਸ਼ਾਂ ਵਿੱਚ ਕਿਰਤ ਦੀ ਕਿਸਮ ਵਿਅਕਤੀ ਦਾ ਸਟੇਟਸ ਨਹੀਂ ਬਣਾਉਂਦੀ।ਚੰਗੇ ਰਿਸ਼ਤੇ ਦੀ ਤਾਂਘ ਵੀ ਪੰਜਾਬੀ ਨੌਜਵਾਨਾਂ ਨੂੰ ਪਰਵਾਸੀ ਬਣਾ ਦਿੰਦੀ ਹੈ। ਬਾਹਰਲਾ ਮੁੰਡਾ ਹੋਵੇ ਤਾਂ ਘੱਟ ਜ਼ਮੀਨ, ਵੱਧ ਉਮਰ, ਘੱਟ ਪੜ੍ਹਾਈ ਆਦਿ ਸਭ ਕੁਝ ਢਕਿਆ ਜਾਂਦਾ ਹੈ। ਲੜਕੀ ਨੂੰ ਆਇਲੈਟਸ ਬੈਂਡ ਲੈਣ 'ਤੇ ਬਾਹਰ ਭੇਜਣ ਦਾ ਖਰਚਾ ਵੀ ਮੁੰਡੇ ਵਾਲੇ ਕਰ ਦਿੰਦੇ ਹਨ। ਦੋਹਾਂ ਧਿਰਾਂ ਦੀ ਲੋੜ ਇੱਕ-ਦੂਜੇ ਤੋਂ ਪੂਰੀ ਹੋ ਜਾਂਦੀ ਹੈ। ਲੜਕੀ ਵਾਲੇ ਖਰਚ ਤੋਂ ਬਚ ਜਾਂਦੇ ਹਨ, ਅਗਲਿਆਂ ਦਾ ਮੁੰਡਾ ਬਾਹਰ ਨਿਕਲ ਜਾਂਦਾ ਹੈ।

ਪਰਵਾਸ ਦੇ ਸਕਾਰਾਤਮਕ ਪੱਖ : ਪਰਵਾਸੀਆਂ ਵੱਲੋਂ ਭੇਜਿਆ ਗਿਆ ਪੈਸਾ ਨਾ ਸਿਰਫ਼ ਉਨ੍ਹਾਂ ਦੇ ਪਰਵਾਰਾਂ ਦੀ ਹਾਲਤ ਸੁਧਾਰਦਾ ਹੈ, ਸਗੋਂ ਦੇਸ਼ ਦੀ ਆਰਥਿਕਤਾ ਵਿੱਚ ਵੀ ਯੋਗਦਾਨ ਪਾਉਂਦਾ ਹੈ। ਜਦੋਂ ਲੋਕ ਦੂਜੇ ਦੇਸ਼ਾਂ ਵਿੱਚ ਜਾਂਦੇ ਹਨ, ਤਾਂ ਉਹ ਆਪਣਾ ਸੱਭਿਆਚਾਰ, ਖਾਣਾ ਅਤੇ ਭਾਸ਼ਾ ਵੀ ਨਾਲ ਲੈ ਕੇ ਜਾਂਦੇ ਹਨ, ਜਿਸ ਨਾਲ ਪੰਜਾਬੀ ਸੱਭਿਆਚਾਰ ਦਾ ਵਿਸ਼ਵ ਪੱਧਰ 'ਤੇ ਪਸਾਰ ਹੋਇਆ ਹੈ। ਵਿਦੇਸ਼ਾਂ ਤੋਂ ਵਾਪਸ ਆਉਣ ਵਾਲੇ ਲੋਕ ਆਪਣੇ ਨਾਲ ਨਵੀਂ ਸੋਚ ਅਤੇ ਤਕਨੀਕ ਲੈ ਕੇ ਆਉਂਦੇ ਹਨ । ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਬਾਹਰਲੇ ਦੇਸ਼ 'ਚ ਕੁਝ ਸਮਾਂ ਰਹਿਣ ਤੋਂ ਬਾਅਦ ਧਾਰਮਿਕ ਕੱਟੜਤਾ, ਜਾਤੀਵਾਦ ਆਦਿ ਵਰਗੀਆਂ ਸੌੜੀਆਂ ਬਿਰਤੀਆਂ ਤੋਂ ਕੁਝ ਛੁਟਕਾਰਾ ਮਿਲਦਾ ਹੈ। ਵੱਖ ਵੱਖ ਨਸਲਾਂ ਦੇ ਸੱਭਿਆਚਾਰਾਂ ਦੇ ਲੋਕਾਂ ਵਿੱਚ ਵਿਚਰਨ ਨਾਲ ਧਰਮ ਨਿਰਪੱਖਤਾ ਆਉਂਦੀ ਹੈ। ਇਨਸਾਨੀਅਤ ਦਾ ਭਾਵ ਵੀ ਵਧਦਾ ਹੈ। ਇਹ ਬਹੁਤ ਵਧੀਆ ਤਬਦੀਲੀ ਹੈ।

**ਪਰਵਾਸ ਦੇ ਨਕਾਰਾਤਮਕ ਪੱਖ:** ਸਿਰਫ ਵਿਛੋੜਾ ਹੀ ਇੱਕਲਾ ਦਰਦ ਨਹੀਂ ਹੈ। ਜਿਉ ਜਿਉ ਪਰਵਾਸ ਦਾ ਸਮਾਂ ਵਧਦਾ ਜਾਂਦਾ ਹੈ, ਰਿਸ਼ਤਿਆਂ ਵਿੱਚ ਦੂਰੀ ਵਧਣ ਲੱਗਦੀ ਹੈ। ਪਰਵਾਸ ਕਾਰਨ ਪਰਵਾਰ ਟੁੱਟ ਰਹੇ ਹਨ। ਮਾਪੇ ਪਿੱਛੇ ਇਕੱਲੇ ਰਹਿ ਜਾਂਦੇ ਹਨ ਅਤੇ ਆਪਣੀ ਔਲਾਦ ਦੀ ਉਡੀਕ ਵਿੱਚ ਬਿਰਧ ਹੋ ਜਾਂਦੇ ਹਨ । ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦਾ ਸਾਹਮਣਾ ਕਰਦੇ ਹਨ। ਦੂਜੀ ਜਾਂ ਤੀਜੀ ਪੀੜ੍ਹੀ, ਜੋ ਵਿਦੇਸ਼ਾਂ ਵਿੱਚ ਜੰਮਦੀ ਹੈ, ਉਹ ਆਪਣੀ ਮਾਂ ਬੋਲੀ ਅਤੇ ਵਿਰਸੇ ਤੋਂ ਟੁੱਟ ਜਾਂਦੀ ਹੈ। ਵਿਦੇਸ਼ਾਂ ਵਿੱਚ ਜਾ ਕੇ ਸੈੱਟ ਹੋਣਾ ਆਸਾਨ ਨਹੀਂ । ਉੱਥੇ ਭਾਰੀ ਕੰਮ, ਮੌਸਮ ਦੀ ਤਬਦੀਲੀ, ਇਕੱਲਤਾ ਨੌਜਵਾਨਾਂ ਵਿੱਚ ਡਿਪਰੈਸ਼ਨ ਦਾ ਕਾਰਨ ਬਣਦੀ ਹੈ । ਪੜ੍ਹਾਈ ਦੇ ਨਾਂਅ 'ਤੇ ਅਰਬਾਂ ਰੁਪਏ ਹਰ ਸਾਲ ਪੰਜਾਬ ਤੋਂ ਬਾਹਰ ਜਾ ਰਹੇ ਹਨ, ਜਿਸ ਨਾਲ ਸੂਬੇ ਦੀ ਆਰਥਿਕਤਾ ਕਮਜ਼ੋਰ ਪੈ ਰਹੀ ਹੈ।

**ਪੰਜਾਬ ਬਨਾਮ ਵਿਦੇਸ਼**:-ਇਹ ਰੁਝਾਨ ਮੁੱਖ ਤੌਰ 'ਤੇ ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਹੈ, ਜੋ ਪੜ੍ਹਾਈ ਅਤੇ ਰੁਜ਼ਗਾਰ ਲਈ ਵਿਦੇਸ਼ ਜਾ ਰਹੇ ਹਨ। ਵਿਦੇਸ਼ ਮੰਤਰਾਲੇ ਅਤੇ ਵੱਖ-ਵੱਖ ਸਰਵੇਖਣਾਂ ਦੇ ਅਨੁਮਾਨਾਂ ਅਨੁਸਾਰ 2016 ਤੋਂ 2021 ਦਰਮਿਆਨ ਪੰਜਾਬ ਅਤੇ ਚੰਡੀਗੜ੍ਹ ਤੋਂ ਲਗਭਗ 9.84 ਲੱਖ ਲੋਕ ਵਿਦੇਸ਼ ਗਏ। ਇਹਨਾਂ ਵਿੱਚੋਂ ਲਗਭਗ 3.79 ਲੱਖ ਵਿਦਿਆਰਥੀ ਸਨ ਅਤੇ 6 ਲੱਖ ਵਰਕਰ ਸਨ। ਪੰਜਾਬੀਆਂ ਦੀ ਪਹਿਲੀ ਪਸੰਦ ਕੈਨੇਡਾ ਰਹੀ ਹੈ। ਇਸ ਤੋਂ ਇਲਾਵਾ ਆਸਟ੍ਰੇਲੀਆ, ਯੂ ਕੇ ਅਮਰੀਕਾ ਅਤੇ ਦੁਬਈ ਵੀ ਮੁੱਖ ਟਿਕਾਣੇ ਹਨ। ਇੱਕ ਰਿਪੋਰਟ ਮੁਤਾਬਕ, ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚੋਂ ਇੱਕ ਵੱਡਾ ਹਿੱਸਾ ਪੰਜਾਬ ਤੋਂ ਹੁੰਦਾ ਹੈ। 2022 ਵਿੱਚ ਸਿਰਫ਼ ਕੈਨੇਡਾ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ 1.36 ਲੱਖ ਦੇ ਕਰੀਬ ਦੱਸੀ ਗਈ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਦੇ ਇੱਕ ਅਧਿਐਨ ਮੁਤਾਬਕ ਪੰਜਾਬ ਦੇ ਪਿੰਡਾਂ ਵਿੱਚੋਂ ਹਰ ਸਾਲ ਹਜ਼ਾਰਾਂ ਨੌਜਵਾਨ ਵਿਦੇਸ਼ ਜਾ ਰਹੇ ਹਨ। ਅੰਦਾਜ਼ਨ 13-15 ਫੀਸਦੀ ਪੇਂਡੂ ਘਰਾਂ ਵਿੱਚੋਂ ਘੱਟੋ-ਘੱਟ ਇੱਕ ਜੀਅ ਵਿਦੇਸ਼ ਵਿੱਚ ਹੈ।

**ਪੰਜਾਬ ਬਨਾਮ ਦੂਜੇ ਸੂਬੇ**:- ਇਸ ਨੂੰ ਉਲਟਾ ਪਰਵਾਸ ਵੀ ਕਿਹਾ ਜਾਂਦਾ ਹੈ। ਜਿੱਥੇ ਪੰਜਾਬੀ ਨੌਜਵਾਨ ਬਾਹਰ ਜਾ ਰਹੇ ਹਨ, ਉੱਥੇ ਹੀ ਦੂਜੇ ਸੂਬਿਆਂ ਦੇ ਮਜ਼ਦੂਰ ਪੰਜਾਬ ਆ ਰਹੇ ਹਨ। ਪੁਰਾਣੇ ਅੰਕੜਿਆਂ (2011 ਦੀ ਮਰਦਮਸ਼ੁਮਾਰੀ) ਅਤੇ ਹਾਲੀਆ ਅਨੁਮਾਨਾਂ ਮੁਤਾਬਕ ਪੰਜਾਬ ਵਿੱਚ ਦੂਜੇ ਸੂਬਿਆਂ ਤੋਂ ਆਏ ਪ੍ਰਵਾਸੀਆਂ ਦੀ ਗਿਣਤੀ 25 ਲੱਖ (2.5 ਮਿਲੀਅਨ) ਤੋਂ ਵੱਧ ਹੋਣ ਦਾ ਅਨੁਮਾਨ ਹੈ। ਇਹ ਪਰਵਾਸੀ ਮੁੱਖ ਤੌਰ 'ਤੇ ਬਿਹਾਰ, ਉੱਤਰ ਪ੍ਰਦੇਸ਼ , ਝਾਰਖੰਡ ਅਤੇ ਪੱਛਮੀ ਬੰਗਾਲ ਤੋਂ ਆਉਂਦੇ ਹਨ। ਲੁਧਿਆਣਾ ਵਰਗੇ ਉਦਯੋਗਿਕ ਸ਼ਹਿਰਾਂ ਵਿੱਚ ਪ੍ਰਵਾਸੀ ਆਬਾਦੀ ਬਹੁਤ ਜ਼ਿਆਦਾ ਹੈ। ਕਈ ਰਿਪੋਰਟਾਂ ਅਨੁਸਾਰ ਲੁਧਿਆਣਾ ਦੀ ਕੁੱਲ ਵਰਕਫੋਰਸ ਦਾ 50 ਫੀਸਦੀ ਤੋਂ 70 ਫੀਸਦੀ ਹਿੱਸਾ ਪ੍ਰਵਾਸੀ ਮਜ਼ਦੂਰਾਂ ਦਾ ਹੈ। ਪੰਜਾਬ ਦੀ ਖੇਤੀ (ਝੋਨਾ ਲਵਾਈ) ਅਤੇ ਉਸਾਰੀ ਦਾ ਕੰਮ ਲਗਭਗ ਪੂਰੀ ਤਰ੍ਹਾਂ ਪ੍ਰਵਾਸੀ ਮਜ਼ਦੂਰਾਂ 'ਤੇ ਨਿਰਭਰ ਹੋ ਚੁੱਕਾ ਹੈ।

**ਚੰਗੇ ਪ੍ਰਭਾਵ** :- ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਆਪਣੀ ਕਮਾਈ ਦਾ ਵੱਡਾ ਹਿੱਸਾ ਪੰਜਾਬ ਭੇਜਦੇ ਹਨ। ਇਸ ਨਾਲ ਬਹੁਤ ਸਾਰੇ ਪਰਵਾਰਾਂ ਦਾ ਜੀਵਨ ਪੱਧਰ ਉੱਚਾ ਹੋਇਆ ਹੈ ਅਤੇ ਗਰੀਬੀ ਘਟੀ ਹੈ। ਐੱਨ ਆਰ ਆਈ ਭਰਾਵਾਂ ਨੇ ਪੰਜਾਬ ਦੇ ਪਿੰਡਾਂ ਵਿੱਚ ਖੇਡ ਸਟੇਡੀਅਮ, ਸਕੂਲ, ਹਸਪਤਾਲ, ਗੇਟ ਅਤੇ ਧਾਰਮਿਕ ਸਥਾਨ ਬਣਵਾਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ।

**ਮਾੜੇ ਪ੍ਰਭਾਵ** :-ਪੰਜਾਬ ਦਾ ਸਭ ਤੋਂ ਵੱਡਾ ਨੁਕਸਾਨ ਬੌਧਿਕ ਹਿਜਰਤ ਹੈ। ਪੜ੍ਹੇ-ਲਿਖੇ, ਹੁਸ਼ਿਆਰ ਅਤੇ ਕਾਬਲ ਨੌਜਵਾਨ ਵਿਦੇਸ਼ ਜਾ ਰਹੇ ਹਨ, ਜਿਸ ਕਾਰਨ ਪੰਜਾਬ ਵਿੱਚ ਯੋਗ ਲੀਡਰਸ਼ਿਪ ਅਤੇ ਹੁਨਰ ਦੀ ਕਮੀ ਹੋ ਰਹੀ ਹੈ । ਪਹਿਲਾਂ ਲੋਕ ਪੈਸਾ ਕਮਾਉਣ ਜਾਂਦੇ ਸਨ, ਪਰ ਹੁਣ ਸਟੱਡੀ ਵੀਜ਼ਾ ਦੇ ਨਾਂਅ 'ਤੇ ਅਰਬਾਂ ਰੁਪਏ ਫੀਸਾਂ ਦੇ ਰੂਪ ਵਿੱਚ ਪੰਜਾਬ ਤੋਂ ਬਾਹਰ ਜਾ ਰਹੇ ਹਨ । ਮਾਪੇ ਜ਼ਮੀਨਾਂ ਵੇਚ ਕੇ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ। ਜਦੋਂ ਕਾਰੋਬਾਰੀ ਅਤੇ ਉੱਦਮੀ ਵਿਅਕਤੀ ਵੀ ਆਪਣੇ ਬੱਚਿਆਂ ਨੂੰ ਬਾਹਰ ਭੇਜ ਦਿੰਦੇ ਹਨ, ਤਾਂ ਪਿੱਛੇ ਉਹਨਾਂ ਦੇ ਉੱਦਮ ਨੂੰ ਵੱਡਾ ਝਟਕਾ ਲੱਗਦਾ ਹੈ । ਉਸ ਦੇ ਘਾਟੇ ਵਿਚ ਜਾਣ ਅਤੇ ਹੌਲੀ-ਹੌਲੀ ਖਤਮ ਹੋਣ ਦੇ ਚਾਂਸ ਵੱਧ ਜਾਂਦੇ ਹਨ। ਪਿੱਛੇ ਰਹਿ ਗਏ ਬਜ਼ੁਰਗ ਮਾਪੇ ਇਕੱਲਤਾ ਦਾ ਸੰਤਾਪ ਭੋਗ ਰਹੇ ਹਨ। ਪਿੰਡਾਂ ਵਿੱਚ ਵੱਡੀਆਂ ਕੋਠੀਆਂ ਖਾਲੀ ਪਈਆਂ ਹਨ ਅਤੇ ਸਾਂਭ-ਸੰਭਾਲ ਕਰਨ ਵਾਲਾ ਕੋਈ ਨਹੀਂ ਹਨ । ਪਤੀ-ਪਤਨੀ ਵਿਚੋਂ ਇੱਕ ਵਿਦੇਸ਼ ਗਿਆ ਹੋਵੇ ਤਾਂ ਆਪਸੀ ਤਣਾਅ ਵਧ ਜਾਂਦਾ ਹੈ। ਕਈ ਵਾਰੀ ਸ਼ੱਕ ਕਈ ਵਾਰੀ ਸੱਚ ਇਹਨਾਂ ਰਿਸ਼ਤਿਆਂ ਵਿਚ ਦਰਾਰ ਪੈਦਾ ਕਰਦੇ ਹਨ।

**ਉਲਟ ਪਰਵਾਸ ਦਾ ਪ੍ਰਭਾਵ**:- ਪੰਜਾਬੀ ਨੌਜਵਾਨ ਖੇਤੀ ਅਤੇ ਮਜ਼ਦੂਰੀ ਦੇ ਕੰਮ ਛੱਡ ਕੇ ਵਿਦੇਸ਼ ਜਾ ਰਹੇ ਹਨ, ਇਸ ਲਈ ਉੱਤਰ ਪ੍ਰਦੇਸ਼, ਬਿਹਾਰ ਅਤੇ ਹੋਰ ਰਾਜਾਂ ਤੋਂ ਵੱਡੀ ਗਿਣਤੀ ਵਿੱਚ ਲੋਕ ਪੰਜਾਬ ਆ ਰਹੇ ਹਨ। ਇਹ ਪਰਵਾਸੀ ਮਜ਼ਦੂਰ ਪੰਜਾਬ ਦੀ ਖੇਤੀਬਾੜੀ ਅਤੇ ਇੰਡਸਟਰੀ ਲਈ ਰੀੜ੍ਹ ਦੀ ਹੱਡੀ ਬਣ ਗਏ ਹਨ । ਉਨ੍ਹਾਂ ਤੋਂ ਬਿਨਾਂ ਕੰਮ ਚਲਾਉਣਾ ਮੁਸ਼ਕਲ ਹੈ । ਇਸ ਨਾਲ ਪੰਜਾਬ ਦੀ ਡੈਮੋਗ੍ਰਾਫੀ (ਵਸੋਂ ਦਾ ਢਾਂਚਾ) ਬਦਲ ਰਹੀ ਹੈ । ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਉੱਤੇ ਹਿੰਦੀ ਭਾਸ਼ਾ ਦਾ ਪ੍ਰਭਾਵ ਵਧ ਰਿਹਾ ਹੈ । ਲੁਧਿਆਣਾ ਅਤੇ ਜਲੰਧਰ ਵਰਗੇ ਸ਼ਹਿਰਾਂ ਵਿੱਚ ਇਹ ਬਦਲਾਅ ਸਾਫ਼ ਦੇਖਣ ਨੂੰ ਮਿਲਦਾ ਹੈ । ਇਹ ਨੁਕਸਾਨ ਬਹੁਤ ਵੱਡਾ ਹੈ।ਪਰਵਾਸੀ ਕਿਰਤੀਆਂ ਦੀ ਵੱਡੀ ਗਿਣਤੀ ਕਾਰਨ ਕਈ ਖੇਤਰਾਂ ਵਿੱਚ ਸਮਾਜਿਕ ਤਣਾਅ ਵਧਦਾ ਹੈ। ਕੁਝ ਰਿਪੋਰਟਾਂ ਅਨੁਸਾਰ ਇਸ ਨਾਲ ਨਸ਼ਿਆਂ ਦੀ ਸਮੱਸਿਆ ਅਤੇ ਅਪਰਾਧ ਵੀ ਵਧੇ। ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਵਸਣ ਵਾਲੇ ਇਹਨਾਂ ਕਿਰਤੀਆਂ ਲਈ ਸਿਹਤ ਅਤੇ ਸਫਾਈ ਦੀਆਂ ਮੁਢਲੀਆਂ ਸਹੂਲਤਾਂ ਦੀ ਕਮੀ ਕਾਰਨ ਚਣੌਤੀਆ ਪੈਦਾ ਹੁੰਦੀਆਂ ਹਨ, ਹਾਲਾਂਕਿ ਖੇਤੀ ਵਿੱਚ ਸਥਾਨਕ ਮਜ਼ਦੂਰਾਂ ਦੀ ਕਮੀ ਹੈ, ਪਰ ਕੁਝ ਖੇਤਰਾਂ ਵਿਚ ਘੱਟ ਉਜਰਤਾਂ 'ਤੇ ਕੰਮ ਕਰਨ ਦੀ ਪ੍ਰਵਿਰਤੀ ਸਥਾਨਕ ਮਜ਼ਦੂਰਾਂ ਲਈ ਮੁਕਾਬਲਾ ਪੈਦਾ ਕਰਦੀ ਹੈ । ਵਧਦੀ ਆਬਾਦੀ ਕਾਰਨ ਪਾਣੀ, ਬਿਜਲੀ ਅਤੇ ਰਿਹਾਇਸ਼ ਵਰਗੇ ਸਰੋਤਾਂ 'ਤੇ ਦਬਾਅ ਵੱਧਦਾ ਹੈ।

ਅੰਤਰਰਾਸ਼ਟਰੀ ਪਰਵਾਸ ਦਿਵਸ ਸਾਨੂੰ ਸੰਸਾਰ ਵਿੱਚ ਲੱਖਾਂ ਪਰਵਾਸੀਆਂ ਦੇ ਅਣਮੁੱਲੇ ਯੋਗਦਾਨ ਬਾਰੇ ਚਾਨਣਾ ਪਾਉਂਦਾ ਹੈ। ਇਸ ਦਿਵਸ ਬਾਰੇ ਜਾਨਣ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਮਾਈਗ੍ਰੇਸ਼ਨ ਏਜੰਸੀ ਦੀ ਪਰਵਾਸੀ ਦੀ ਪਰਿਭਾਸ਼ਾ ਦੇਖ ਲਈਏ। ਇਸ ਪਰਿਭਾਸ਼ਾ ਅਨੁਸਾਰ ਪਰਵਾਸੀ ਇੱਕ ਅਜਿਹਾ ਵਿਅਕਤੀ ਹੈ, ਜਿਹੜਾ ਆਪਣੀ ਰਿਹਾਇਸ਼ ਛੱਡ ਕੇ ਅੰਤਰਰਾਸ਼ਟਰੀ ਬਾਰਡਰ ਪਾਰ ਕਰ ਕੇ ਜਾਂ ਆਪਣੇ ਦੇਸ਼ ਵਿੱਚ ਹੀ ਕਿਸੇ ਦੂਸਰੇ ਸੂਬੇ ਵਿੱਚ ਜਾਂਦਾ ਹੈ —1. ਉਸ ਦੀ ਕਾਨੂੰਨੀ ਸਥਿਤੀ ਕੋਈ ਵੀ ਹੋਵੇ 2. ਭਾਵੇ ਉਸਦਾ ਪਰਵਾਸ ਇੱਛੁਤ ਹੋਵੇ ਜਾਂ ਅਣਇੱਛਤ 3. ਪਰਵਾਸ ਦੇ ਕਾਰਨ ਕੁਝ ਵੀ ਹੋਣ 4. ਉਸ ਦੀ ਠਹਿਰ ਜਿੰਨੇ ਮਰਜ਼ੀ ਸਮੇਂ ਦੀ ਹੋਵੇ।

ਅੰਤਰਰਾਸ਼ਟਰੀ ਪਰਵਾਸ ਦਿਵਸ ਵਧ ਰਹੇ ਗੁੰਝਲਦਾਰ ਢਾਂਚੇ ਬਾਰੇ ਵਿਚਾਰ ਕਰਨ ਦਾ ਦਿਨ ਵੀ ਹੈ, ਜਿਸ ਦਾ ਅਸਰ ਪਰਵਾਸ ਵਿੱਚ ਨਿਕਲਦਾ ਹੈ। ਵਿਵਾਦ, ਵਾਤਾਵਰਣ ਨਾਲ ਸੰਬੰਧਤ ਸੰਕਟ, ਆਰਥਿਕ ਦਬਾਅ ਲੱਖਾਂ ਲੋਕਾਂ ਨੂੰ ਚੰਗੇ ਮੌਕਿਆਂ ਦੀ ਭਾਲ ਵਿਚ ਅਤੇ ਸੁਰੱਖਿਆ ਲਈ ਪਰਵਾਸੀ ਬਣਾਉਂਦਾ ਹੈ। ਪਿਛਲੇ ਸਾਲਾਂ ਵਿੱਚ ਅਸੀਂ ਰਿਕਾਰਡ ਤੋੜ ਪਰਵਾਸ ਦੇਖਿਆ ਹੈ ਅਤੇ ਬਹੁਤ ਸਾਰੇ ਯਾਤਰੀਆਂ ਦੀ ਪਰਵਾਸ ਦੌਰਾਨ ਮੌਤ ਵੀ ਹੋਈ ਹੈ। ਇਹਨਾਂ ਸੰਕਟਾਂ ਦੇ ਬਾਵਜੂਦ ਸ਼ਾਂਤੀ, ਤਰੱਕੀ ਅਤੇ ਚੰਗੀ ਉਮੀਦ ਦੀਆਂ ਕਹਾਣੀਆਂ ਵੀ ਹਨ। ਅੰਤਰਰਾਸ਼ਟਰੀ ਪਰਵਾਸ ਦਿਵਸ ਹਰ ਸਾਲ 18 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਹਮੇਸ਼ਾ ਪਰਵਾਸੀਆਂ ਦੇ ਯੋਗਦਾਨ ਨੂੰ ਉਜਾਗਰ ਕਰਨ ,ਉਹਨਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਅਤੇ ਸੁਰੱਖਿਅਤ ਵਿਵਸਥਿਤ ਅਤੇ ਨਿਯਮਤ ਪਰਵਾਸ ਨੂੰ ਉਤਸ਼ਾਹਤ ਕਰਨ 'ਤੇ ਕੇਂਦਰਤ ਹੁੰਦਾ ਹੈ।

**ਇਸ ਦਿਵਸ ਦਾ ਇਤਿਹਾਸ** :- 18 ਦਸੰਬਰ 1990 ਨੂੰ ਸੰਯੁਕਤ ਰਾਸ਼ਟਰ ਮਹਾਂ ਸਭਾ ਨੇ ਸਾਰੇ ਪਰਵਾਸੀ ਮਜ਼ਦੂਰਾਂ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਬਾਰੇ ਅੰਤਰਰਾਸ਼ਟਰੀ ਕਨਵੈਨਸ਼ਨ ਨੂੰ ਅਪਣਾਇਆ ਸੀ। ਇਹ ਇੱਕ ਬਹੁਤ ਹੀ ਮਹੱਤਵਪੂਰਨ ਮੀਲ ਪੱਥਰ ਸੀ। ਦੁਨੀਆ ਵਿੱਚ ਪਰਵਾਸੀਆਂ ਦੀ ਵਧ ਰਹੀ ਗਿਣਤੀ ਅਤੇ ਉਹਨਾਂ ਦੇ ਮਹੱਤਵ ਨੂੰ ਦੇਖਦੇ ਹੋਏ ਸੰਯੁਕਤ ਰਾਸ਼ਟਰ ਮਹਾਂ ਸਭਾ ਨੇ 4 ਦਸੰਬਰ 2000 ਦੇ ਮਤੇ ਰਾਹੀਂ ਹਰ ਸਾਲ 18 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਪਰਵਾਸ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ।

**ਮਹੱਤਵ** :- ਪਰਵਾਸੀਆਂ ਦੇ ਯੋਗਦਾਨ ਨੂੰ ਮਾਨਤਾ :- ਇਹ ਦਿਨ ਦੁਨੀਆ ਭਰ ਦੇ ਪਰਵਾਸੀਆਂ ਦੁਆਰਾ ਮੇਜ਼ਬਾਨ ਅਤੇ ਆਪਣੇ ਮੂਲ ਦੇਸ਼ਾਂ ਦੀ ਆਰਥਿਕਤਾ, ਸੱਭਿਆਚਾਰ ਅਤੇ ਸਮਾਜ ਵਿੱਚ ਪਾਏ ਗਏ ਅਨਮੋਲ ਯੋਗਦਾਨ ਨੂੰ ਉਜਾਗਰ ਕਰਦਾ ਹੈ।

**ਅਧਿਕਾਰਾਂ ਦੀ ਸੁਰੱਖਿਆ** :- ਇਸ ਦਾ ਮੁੱਖ ਮਕਸਦ ਪਰਵਾਸੀਆਂ ਖਾਸ ਕਰਕੇ ਪਰਵਾਸੀ ਮਜ਼ਦੂਰਾਂ ਦੇ ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਆਜ਼ਾਦੀਆਂ ਦੀ ਰੱਖਿਆ 'ਤੇ ਜ਼ੋਰ ਦੇਣਾ ਹੈ, ਜਿਹਨਾਂ ਨੂੰ ਅਕਸਰ ਵਿਤਕਰੇ ਅਤੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਸੰਖੇਪ ਵਿੱਚ ਇਹ ਦਿਨ ਪਰਵਾਸੀਆਂ ਦੀ ਲਚਕਤਾ ਹਿੰਮਤ ਅਤੇ ਉਹਨਾਂ ਦੇ ਸਕਾਰਾਤਮਕ ਪ੍ਰਭਾਵ ਨੂੰ ਸਵੀਕਾਰ ਕਰਨ ਅਤੇ ਉਹਨਾਂ ਦੇ ਅਧਿਕਾਰਾਂ ਦੀ ਹਮਾਇਤ ਕਰਨ ਲਈ ਇਕ ਵਿਸ਼ਵਵਿਆਪੀ ਮੌਕਾ ਪ੍ਰਦਾਨ ਕਰਦਾ ਹੈ।

**# ਸੰਪਰਕ : 98147-15796**

CMYK

# ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਪੈਨਸ਼ਨਰ ਦਿਵਸ ਮਨਾਇਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**- ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਅਗਵਾਈ ਹੇਠ ਅੱਜ ਪੰਜਾਬ ਰੋਡਵੇਜ਼ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ, ਜਨ ਸਿਹਤ ਐਂਡ ਅਲਾਈਡ ਪੈਨਸ਼ਨਰ ਐਸੋਸੀਏਸ਼ਨ ਅਤੇ ਕੋਅਪ੍ਰੇਟਿਵ ਰਿਟਾਇਰੀਜ਼ ਵੈਲਫੇਅਰ ਐਸੋਸੀਏਸ਼ਨ ਸਮੇਤ ਐਕਸਾਈਜ਼ ਐਂਡ ਟੈਕਸਟੇਸ਼ਨ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਸਾਂਝੇ ਤੌਰ 'ਤੇ ਸਥਾਨਕ ਮਲੋਟ ਰੋਡ ਸਥਿਤ ਤਾਜ ਪੈਲੇਸ ਵਿਖੇ ਪੈਨਸ਼ਨਰ ਦਿਵਸ ਮਨਾਇਆ ਗਿਆ। ਇਸ ਸਬੰਧੀ ਕੀਤੇ ਗਏ ਸਮਾਰੋਹ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਚੌ. ਦੌਲਤ ਰਾਮ ਸਿੰਘ, ਬਲਦੇਵ ਸਿੰਘ ਬੇਦੀ, ਹਰਦੇਵ ਸਿੰਘ, ਬਲਵੰਤ ਸਿੰਘ ਅਟਵਾਲ, ਮੇਜਰ ਸਿੰਘ ਚੌਂਤਰਾ, ਗੁਰਬਚਨ ਸਿੰਘ ਅਤੇ ਕੁਲਵਿੰਦਰ ਸਿੰਘ ਮਲੋਟ ਆਦਿ ਸ਼ਾਮਲ ਸਨ। ਸਟੇਟ ਬੈਂਕ ਆਫ ਇੰਡੀਆ ਦੇ ਰੀਜਨਲ ਮੈਨੇਜਰ ਨਵੀਨ ਕੁਮਾਰ ਪਟਿਆਲ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ, ਜਦੋਂ ਕਿ ਸਟੇਟ ਬੈਂਕ ਆਫ ਇੰਡੀਆ ਦੇ ਚੀਫ ਮੈਨੇਜਰ ਅਵਤਾਰ ਸਿੰਘ ਜੱਗਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਹਰਪ੍ਰੀਤ ਸਿੰਘ, ਅਰਜਨ ਕੁਮਾਰ, ਰਮੇਸ਼ ਚੌਧਰੀ, ਸੁਨੀਲ ਕੁਮਾਰ ਅਤੇ ਮਹੇਸ਼ ਸ਼ਰਮਾ (ਸਾਰੇ ਬੈਂਕ ਮੈਨੇਜਰ ਅਤੇ ਅਧਿਕਾਰੀ) ਵੀ ਉਚੇਚੇ ਤੌਰ 'ਤੇ ਮੌਜੂਦ ਸਨ। ਜ਼ਿਲ੍ਹਾ ਸਿੱਖਿਆ ਅਫਸਰ (ਸ.ਅ.) ਜਸਪਾਲ ਮੋਂਗਾ ਅਤੇ ਜ਼ਿਲ੍ਹਾ ਖਜ਼ਾਨਾ ਅਫਸਰ ਹਰਵਿੰਦਰ ਸਿੰਘ ਵੀ ਇਸ ਮੌਕੇ ਖਾਸ ਤੌਰ 'ਤੇ ਸ਼ਾਮਲ ਹੋਏ। ਸਮਾਰੋਹ ਦੀ ਸ਼ੁਰੂਆਤ ਇਕਬਾਲ ਸਿੰਘ ਨੇ ਧਾਰਮਿਕ ਸ਼ਬਦ ਗਾ ਕੇ ਕੀਤੀ। ਮਨਮੋਹਨ ਸਿੰਘ ਕਾਲੜਾ ਨੇ ਐਸੋਸੀਏਸ਼ਨ ਦੀ ਵਿੱਤੀ ਰਿਪੋਰਟ ਅਤੇ ਸਾਲ ਭਰ ਦਾ ਲੇਖਾ ਜੋਖਾ ਹਾਊਸ ਸਾਹਮਣੇ ਪੇਸ਼ ਕੀਤਾ ਜੋ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਸਮਾਰੋਹ ਦੌਰਾਨ ਗੁਰਟੇਕ ਸਿੰਘ ਬਰਾੜ, ਨਛੱਤਰ ਸਿੰਘ ਜੈਤੋ, ਜਸਵੰਤ ਸਿੰਘ ਬਰਾੜ, ਨਛੱਤਰ ਸਿੰਘ ਮਧੀਰ ਅਤੇ ਜਗਦੀਸ਼ ਰਾਏ ਢੋਸੀਵਾਲ ਸਮੇਤ ਬੁਲਾਰਿਆਂ ਨੇ ਜਥੇਬੰਦੀ ਦੀ ਮਹਾਨਤਾ, ਪੈਨਸ਼ਨਰ ਮੰਗਾਂ ਅਤੇ ਪੈਨਸ਼ਨਰ ਸੰਘਰਸ਼ਾਂ ਬਾਰੇ ਚਾਨਣਾ ਪਾਇਆ। ਸਟੇਜ ਸਕੱਤਰ ਦੀ ਭੂਮਿਕਾ ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਨੇ ਨਿਭਾਈ। ਅੱਜ ਦੇ ਪੈਨਸ਼ਨਰ ਦਿਵਸ ਮੌਕੇ ਅੱਸੀ ਸਾਲਾਂ ਵਾਲੇ ਸੁਪਰ ਸੀਨੀਅਰ ਪੈਨਸ਼ਨਰਜ਼ ਅਮੀ ਚੰਦ, ਅਬਨਾਸ਼ ਰਾਣੀ, ਅਮਰਜੀਤ ਕੌਰ, ਬਰਜਿੰਦਰ ਸਿੰਘ ਖੋਖਰ, ਦਲੀਪ ਸਿੰਘ, ਦਰਸ਼ਨ ਕੌਰ,



ਗੁਰਚੇਤ ਸਿੰਘ ਬਰਾੜ, ਗੁਰਦੀਪ ਕੌਰ, ਹਰਨੇਕ ਸਿੰਘ, ਨਾਇਬ ਸਿੰਘ, ਪ੍ਰੀਤਮ ਸਿੰਘ, ਪੂਰਨ ਸਿੰਘ, ਵੇਦ ਪ੍ਰਕਾਸ਼, ਬੋਹੜ ਸਿੰਘ, ਸਤਪਾਲ ਸਿੰਘ, ਸੰਤੋਸ਼ ਕੁਮਾਰੀ, ਅਜੀਤ ਸਿੰਘ ਬਰਾੜ, ਕਰਨੈਲ ਸਿੰਘ, ਮੰਗਲ ਸਿੰਘ ਬਰਾੜ ਅਤੇ ਨਛੱਤਰ ਸਿੰਘ ਖੀਵਾ ਆਦਿ ਨੂੰ ਮੁੱਖ ਮਹਿਮਾਨ ਅਤੇ ਹੋਰਨਾਂ ਵੱਲੋਂ ਸਨਮਾਨਤ ਕੀਤਾ ਗਿਆ।ਸਮਾਰੋਹ ਦੌਰਾਨ ਗੋਲਡ ਮੈਡਲਿਸਟ ਰੈਸਲਰ ਵੀਰਪਾਲ ਕੌਰ ਨੂੰ ਐਸੋਸੀਏਸ਼ਨ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਮਾਰੋਹ ਦੌਰਾਨ ਜਪੁਜੀ ਸਾਹਿਬ ਕੰਠ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਤਾ ਸਵਾ ਲੱਖ ਰੁਪਏ ਇਨਾਮ ਜੇਤੂ ਅੰਮ੍ਰਿਤਪਾਲ ਕੌਰ ਨੂੰ ਵੀ ਸਨਮਾਨਤ ਕੀਤਾ ਗਿਆ। ਸਮਾਰੋਹ ਦੌਰਾਨ ਇੰਦਰ ਸਿੰਘ ਅਤੇ ਜੋਗਿੰਦਰ ਸਿੰਘ ਨੇ ਵਧੀਆ ਗੀਤ ਗਾ ਕੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰਧਾਨ ਕਰਮਜੀਤ ਸ਼ਰਮਾ ਨੇ ਸਮੂਹ ਪੈਨਸ਼ਨਰਾਂ ਨੂੰ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸੇਵਾ ਮੁਕਤ ਕਰਮਚਾਰੀਆਂ ਦੀਆਂ ਮੰਗਾਂ ਲਈ ਸੁਹਿਰਦ ਨਹੀਂ ਹੈ। ਸ਼ਰਮਾ ਨੇ ਸੁਪਰ ਸੀਨੀਅਰ ਪੈਨਸ਼ਨਰਾਂ ਨੂੰ ਲੋਈਆਂ ਦੇਣ ਲਈ ਸਟੇਟ ਬੈਂਕ ਆਫ ਇੰਡੀਆ ਦਾ ਸ਼ੁਕਰੀਆ ਅਦਾ ਕੀਤਾ। ਸਮਾਰੋਹ ਦੇ ਅੰਤ ਵਿੱਚ ਬਲਦੇਵ ਸਿੰਘ ਬੇਦੀ ਨੇ ਸਭਨਾਂ ਦਾ ਧੰਨਵਾਦ ਕੀਤਾ। ਸਮਾਰੋਹ ਦੌਰਾਨ ਚੌ. ਬਲਬੀਰ ਸਿੰਘ, ਪ੍ਰਸ਼ੋਤਮ ਲਾਲ, ਦਰਸ਼ਨ ਸਿੰਘ ਕਪੂਰ, ਸੁੰਦਰ ਸਿੰਘ ਡਿਪਟੀ, ਕੁਲਦੀਪ ਸਿੰਘ ਬਰਾੜ, ਬਲਜੀਤ ਸਿੰਘ ਕੋਅਪ੍ਰੇਟਿਵ, ਪ੍ਰਿੰ. ਕਰਤਾਰ ਸਿੰਘ ਬੇਰੀ, ਕਰਨੈਲ ਸਿੰਘ ਬਰਾੜ, ਜੋਗਾ ਸਿੰਘ, ਸੁਖਮੰਦਰ ਸਿੰਘ ਬੇਦੀ, ਕਰਨੈਲ ਲੁਹਾਰਾ, ਇੰਦਰਪਾਲ ਸਿੰਘ ਸੰਧੂ, ਸੁਰਿੰਤਰਜੀਤ, ਸ਼ਾਮ ਲਾਲ, ਦਰਸ਼ਨ ਲਾਲ ਅਰੋੜਾ, ਤਰਸੇਮ ਸਿੰਘ ਘਾਰੂ, ਕਰਮਜੀਤ ਸਮਾਘ, ਹੋਰ ਸੇਵਾ ਮੁਕਤ ਕਰਮਚਾਰੀ ਅਤੇ ਫੈਮਲੀ ਪੈਨਸ਼ਨਰ ਮੌਜੂਦ ਸਨ।

# 48ਵੇਂ ਸਾਲਾਨਾ ਜੀ ਐੱਸ ਬੈਂਸ ਆਲ ਇੰਡੀਆ ਹਾਕੀ ਟੂਰਨਾਮੈਂਟ ਦੇ ਤੀਜੇ ਦਿਨ ਤਿੰਨ ਮੈਚ ਖੇਡੇ

**ਨਾਭਾ (ਵਰਿੰਦਰ ਵਰਮਾ)**- 48ਵੇਂ ਸਾਲਾਨਾ ਜੀ.ਐਸ. ਬੈਂਸ ਆਲ ਇੰਡੀਆ ਹਾਕੀ ਟੂਰਨਾਮੈਂਟ ਦੇ ਤੀਜੇ ਦਿਨ ਤਿੰਨ ਮੈਚ ਖੇਡੇ ਗਏ। ਪਹਿਲਾ ਮੈਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਵੈਸਟ ਸੈਂਟਰ ਰੇਲਵੇ ਜਬਲਪੁਰ ਵਿਚਕਾਰ ਖੇਡਿਆ ਗਿਆ। ਪਹਿਲੇ ਤਿੰਨ ਅੱਧ ਤੱਕ ਪੰਜਾਬੀ ਯੂਨੀਵਰਸਿਟੀ 1-0 ਨਾਲ ਅੱਗੇ ਸੀ।ਮੈਚ ਦੇ 55ਵੇਂ ਮਿੰਟ ਵਿੱਚ ਰੇਲਵੇ ਦੇ ਖਿਡਾਰੀ ਮੁਹੰਮਦ ਸਦੀਕ ਨੇ ਗੋਲ ਕਰਕੇ ਮੈਚ ਬਰਾਬਰ ਕਰ ਦਿੱਤਾ। ਮੈਚ 1-1 ਨਾਲ ਬਰਾਬਰ ਰਿਹਾ। ਦੂਜਾ ਮੈਚ ਆਰਮੀ ਇਲੈਵਨ ਅਤੇ ਲਵਲੀ ਯੂਨੀਵਰਸਿਟੀ ਜਲੰਧਰ ਵਿਚਕਾਰ ਖੇਡਿਆ ਗਿਆ। ਪਹਿਲੇ ਅੱਧ ਦੇ ਅੰਤ ਵਿੱਚ ਆਰਮੀ ਇਲੈਵਨ 2-0 ਨਾਲ ਅੱਗੇ ਸੀ। ਦੂਜੇ ਅੱਧ ਦੇ ਅੰਤ ਤੱਕ ਦੋਵੇਂ ਟੀਮਾਂ 2-2 ਨਾਲ ਬਰਾਬਰ ਸਨ। ਇਸ ਦੌਰਾਨ, ਲਵਲੀ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਦਿਖਾਇਆ ਅਤੇ ਦੋ ਹੋਰ ਗੋਲ ਕੀਤੇ। ਹਰਸੁਖਪ੍ਰੀਤ ਸਿੰਘ ਨੇ 17ਵੇਂ ਮਿੰਟ ਵਿੱਚ, ਸਾਹਿਲ ਨੇ 18ਵੇਂ ਮਿੰਟ ਵਿੱਚ, ਜਸਪਾਲ ਸਿੰਘ ਨੇ 52ਵੇਂ ਮਿੰਟ ਵਿੱਚ ਅਤੇ ਹਰਮਨਜੀਤ ਸਿੰਘ ਨੇ 58ਵੇਂ ਮਿੰਟ ਵਿੱਚ ਗੋਲ ਕਰਕੇ ਆਪਣੀ ਟੀਮ ਨੂੰ 4-2 ਨਾਲ ਜਿੱਤ ਦਿਵਾਈ। ਟੂਰਨਾਮੈਂਟ ਦਾ ਤੀਜਾ ਮੈਚ ਏਐਸਸੀ ਜਲੰਧਰ ਅਤੇ ਹਿਮਾਚਲ ਇਲੈਵਨ



ਵਿਚਕਾਰ ਖੇਡਿਆ ਗਿਆ। ਇਹ ਮੈਚ 2-2 ਤੇ ਬਰਾਬਰ ਰਿਹਾ।ਇਸ ਮੈਚ ਦੇ ਮੁੱਖ ਮਹਿਮਾਨ ਹਰੀ ਸਿੰਘ ਪ੍ਰੀਤ ਐਗਰੋ ਇੰਡਸਟਰੀ ਦੇ ਐਮਡੀ ਨੇ ਟੂਰਨਾਮੈਂਟ ਕਮੇਟੀ ਨੂੰ ਇਕ ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਲਿਬਰਲ ਸੋਸਾਇਟੀ ਦੇ ਪ੍ਰਧਾਨ ਗੁਰਕਰਨ ਸਿੰਘ ਬੈਂਸ ਨੇ ਇਸ ਲਈ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ। ਇਸ ਜਾਣਕਾਰੀ ਦਾ ਖੁਲਾਸਾ ਕਰਦਿਆਂ ਟੂਰਨਾਮੈਂਟ ਕਮੇਟੀ ਦੇ ਪ੍ਰੈਸ ਸਕੱਤਰ ਗੁਰਿੰਦਰ ਸਿੰਘ ਸੋਢੀ ਨੇ ਕਿਹਾ ਕਿ ਵੀਰਵਾਰ ਨੂੰ ਚੌਥੇ ਦਿਨ ਚਾਰ ਮੁਫ਼ਤ ਕੁਆਰਟਰ ਮੈਚ ਖੇਡੇ ਜਾਣਗੇ। ਪਹਿਲਾ ਮੈਚ ਆਰਮੀ ਇਲੈਵਨ ਅਤੇ ਐਮ ਐਸ ਕੇ ਹਾਕੀ ਅਕੈਡਮੀ ਜਰਖੜ ਵਿਚਕਾਰ ਖੇਡਿਆ ਜਾਵੇਗਾ। ਦੂਜਾ ਮੈਚ ਈ ਐਮ ਈ ਜਲੰਧਰ ਅਤੇ ਸਾਈ ਇੰਫਾਲ ਵਿਚਕਾਰ ਖੇਡਿਆ ਜਾਵੇਗਾ। ਤੀਜਾ ਮੈਚ ਪੱਛਮੀ ਕੇਂਦਰੀ ਰੇਲਵੇ ਜਬਲਪੁਰ ਅਤੇ ਚੰਡੀਗੜ੍ਹ ਇਲੈਵਨ ਵਿਚਕਾਰ ਖੇਡਿਆ ਜਾਵੇਗਾ। ਇਸੇ ਤਰ੍ਹਾਂ ਚੌਥਾ ਮੈਚ ਏ ਐਸ ਸੀ ਜਲੰਧਰ ਅਤੇ ਉੱਤਰੀ ਰੇਲਵੇ ਨਵੀਂ ਦਿੱਲੀ ਵਿਚਕਾਰ ਖੇਡਿਆ ਜਾਵੇਗਾ।ਇਸ ਮੌਕੇ ਗੁਰਜੀਤ ਸਿੰਘ ਬੈਂਸ, ਅਜੇ ਸਿੰਘ ਭੂਰੀਆ ਜੁਆਇੰਟ ਸਕੱਤਰ, ਜਤਿੰਦਰ ਸਿੰਘ ਦਾਖੀ, ਦਲਵੀਰ ਸਿੰਘ ਭੰਗੂ, ਹਰਦੀਪ ਸਿੰਘ, ਅਸ਼ੋਕ ਬਾਂਸਲ, ਹਰਪਾਲ ਸਿੰਘ ਲਾਡੀ ਐਮ ਡੀ ਏ ਐਸ ਕੰਬਾਇਨ, ਕਰਮਜੀਤ ਸਿੰਘ ਅਲੌਹਰਾਂ, ਵਰਿੰਦਰ ਸਿੰਘ ਗੋਲਡੀ, ਸੁਭਾਸ਼ ਬਾਂਸਲ, ਨਰਿੰਦਰ ਬਾਂਸਲ ਹਾਜ਼ਰ ਸਨ।

# ਗੀਤਾ ਭਵਨ ਟਰੱਸਟ ਸੁਸਾਇਟੀ ਵੱਲੋਂ ਨਵੇਂ ਸਾਲ 'ਤੇ ਮੁਫ਼ਤ ਯਾਤਰਾ

**ਮੋਗਾ (ਇਕਬਾਲ ਸਿੰਘ ਖਹਿਰਾ)**- ਗੀਤਾ ਭਵਨ ਟਰੱਸਟ ਸੋਸਾਇਟੀ ਮੋਗਾ ਨਵੇਂ ਸਾਲ ਦੇ ਸ਼ੁੱਭ ਮੌਕੇ 'ਤੇ ਸ਼ਰਧਾਲੂਆਂ ਲਈ ਮੁਫ਼ਤ ਇੱਕ ਸ਼ਾਨਦਾਰ, ਅਧਿਆਤਮਿਕ ਅਤੇ ਸ਼ਰਧਾਪੂਰਨ ਧਾਰਮਿਕ ਯਾਤਰਾ ਦਾ ਆਯੋਜਨ ਕਰ ਰਹੀ ਹੈ। ਇਹ ਮੁਫ਼ਤ ਵਿਸ਼ੇਸ਼ ਯਾਤਰਾ 30 ਦਸੰਬਰ ਦੀ ਸ਼ਾਮ ਨੂੰ ਗੀਤਾ ਭਵਨ ਕੈਂਪਸ ਤੋਂ ਹਰਿਦੁਆਰ ਲਈ ਰਵਾਨਾ ਹੋਵੇਗੀ।



ਇਸ ਯਾਤਰਾ ਦਾ ਉਦੇਸ਼ ਮਾਤਾ ਗੰਗਾ ਦੇ ਪਵਿੱਤਰ ਕੰਢੇ 'ਤੇ ਸ਼ਰਧਾ, ਅਧਿਆਤਮਿਕ ਅਭਿਆਸ ਅਤੇ ਅਧਿਆਤਮਿਕ ਜਾਗਰੂਕਤਾ ਨਾਲ ਨਵੇਂ ਸਾਲ ਦਾ ਸਵਾਗਤ ਕਰਨਾ ਹੈ। ਇਸ ਦਾ ਖੁਲਾਸਾ ਕਰਦਿਆਂ ਗੀਤਾ ਭਵਨ ਟਰੱਸਟ ਦੇ ਪ੍ਰਧਾਨ ਐਡਵੋਕੇਟ ਸੁਨੀਲ ਗਰਗ ਨੇ ਦੱਸਿਆ ਕਿ 31 ਦਸੰਬਰ ਦੀ ਸ਼ਾਮ ਨੂੰ ਹਰਿਦੁਆਰ ਪਹੁੰਚਣ 'ਤੇ, ਗੰਗਾ ਦੇ ਕੰਢੇ ਸਥਿਤ ਪਵਨ ਧਾਮ ਆਸ਼ਰਮ ਵਿਖੇ ਸੁੰਦਰਕਾਂਡ ਦਾ ਇੱਕ ਸ਼ਾਨਦਾਰ ਅਤੇ ਭਾਵੁਕ ਪਾਠ ਕੀਤਾ ਜਾਵੇਗਾ। ਟਰੱਸਟ ਦੇ ਪ੍ਰਧਾਨ ਸੁਨੀਲ ਗਰਗ ਨੇ ਅੱਗੇ ਦੱਸਿਆ ਕਿ 1 ਜਨਵਰੀ ਨੂੰ ਗੰਗਾ ਵਿੱਚ ਇਸ਼ਨਾਨ ਕਰਨ ਤੋਂ ਬਾਅਦ, ਇੱਕ ਯੱਗ, ਹਵਨ ਅਤੇ ਨਵੇਂ ਸਾਲ ਦਾ ਜਸ਼ਨ ਮਨਾਇਆ ਜਾਵੇਗਾ, ਜਿੱਥੇ ਸ਼ਰਧਾਲੂ ਵਿਸ਼ਵ ਭਲਾਈ, ਸ਼ਾਂਤੀ, ਖੁਸ਼ੀ ਅਤੇ ਖੁਸ਼ਹਾਲੀ ਲਈ ਮਹਾਦੇਵ ਅੱਗੇ ਪ੍ਰਾਰਥਨਾ ਕਰਨਗੇ। ਗੀਤਾ ਭਵਨ ਟਰੱਸਟ ਸੋਸਾਇਟੀ ਵੱਲੋਂ ਯਾਤਰਾ ਦੌਰਾਨ ਸ਼ਰਧਾਲੂਆਂ ਦੀ ਆਵਾਜਾਈ, ਰਿਹਾਇਸ਼ ਅਤੇ ਸਾਤਵਿਕ ਭੋਜਨ ਦੇ ਸਾਰੇ ਪ੍ਰਬੰਧ ਕੀਤੇ ਗਏ ਹਨ। ਹਰਿਦੁਆਰ ਪਹੁੰਚਣ 'ਤੇ ਸਾਰੇ ਸ਼ਰਧਾਲੂਆਂ ਦਾ ਸਵਾਗਤ ਟਰੱਸਟ ਦੇ ਜਨਰਲ ਸਕੱਤਰ ਅੰਸ਼ੁਲ ਸ਼੍ਰੀਕੁੰਜ ਦੁਆਰਾ ਪਵਨ ਧਾਮ ਆਸ਼ਰਮ ਦੇ ਵਿਹੜੇ ਵਿੱਚ ਕੀਤਾ ਜਾਵੇਗਾ।ਇਸ ਮੌਕੇ ਸੀਨੀਅਰ ਉਪ ਪ੍ਰਧਾਨ ਰਵਿੰਦਰ ਸੂਦ ਨੇ ਦੱਸਿਆ ਕਿ ਟਰੱਸਟੀਆਂ ਦੀ ਇੱਕ ਮੀਟਿੰਗ 31 ਦਸੰਬਰ ਦੀ ਸ਼ਾਮ ਨੂੰ ਪਵਨ ਧਾਮ ਹਰਿਦੁਆਰ ਵਿਖੇ ਵੀ ਹੋਵੇਗੀ, ਜਿੱਥੇ ਮੋਗਾ ਵਿੱਚ ਹੋਣ ਵਾਲੇ ਸ਼ਿਵਰਾਤਰੀ ਕਥਾ ਸੰਮੇਲਨ ਬਾਰੇ ਚਰਚਾ ਕੀਤੀ ਜਾਵੇਗੀ।ਇਸ ਮੌਕੇ ਪ੍ਰਧਾਨ ਐਡਵੋਕੇਟ ਸੁਨੀਲ ਗਰਗ, ਜਨਰਲ ਸਕੱਤਰ ਅੰਸ਼ੁਲ ਸ਼੍ਰੀਕੁੰਜ, ਸੀਨੀਅਰ ਉਪ ਪ੍ਰਧਾਨ ਰਵਿੰਦਰ ਸੂਦ, ਡਾ. ਭਰਤ ਅਗਰਵਾਲ, ਸੰਯੁਕਤ ਸਕੱਤਰ ਸੁਰੇਂਦਰ ਗੋਇਲ, ਖਜ਼ਾਨਚੀ ਯੋਗੇਸ਼ ਗਰਗ, ਮਨਵਿੰਦਰ ਸਿੰਘ ਸੱਗੂ, ਕੇ.ਐਨ. ਗੁਪਤਾ ਅਤੇ ਹੋਰ ਮੈਂਬਰ ਮੌਜੂਦ ਸਨ।

# ਕੁੱਟਮਾਰ ਦੇ ਮਾਮਲੇ 'ਚ ਛੇ ਵਿਅਕਤੀਆਂ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਵੋਟਾਂ ਦੌਰਾਨ ਪਿੰਡ ਤਰਖਾਣ ਮਾਜਰਾ ਵਿਖੇ ਕਾਂਗਰਸ ਪਾਰਟੀ ਦੇ ਬੂਥ ਤੇ ਬੈਠੇ ਵਿਅਕਤੀ ਦੀ ਕੀਤੀ ਗਈ ਕਥਿਤ ਕੁੱਟਮਾਰ ਦੇ ਮਾਮਲੇ ਵਿੱਚ ਇੱਕ ਸਾਬਕਾ ਕਾਂਗਰਸੀ ਆਗੂ ਦੇ ਪੁੱਤਰ ਸਮੇਤ ਛੇ ਵਿਅਕਤੀਆਂ ਨੂੰ ਪੁਲਸ ਵੱਲੋਂ ਮੁਕੱਦਮੇ 'ਚ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਸਿਕੰਦਰ ਸਿੰਘ ਵਾਸੀ ਪਿੰਡ ਤਰਖਾਣ ਮਾਜਰਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਾਏ ਸਨ ਕਿ ਵੋਟਾਂ ਵਾਲੇ ਦਿਨ ਸ਼ਾਮ ਕਰੀਬ 4.15 ਵਜੇ ਉਹ ਜਦੋਂ ਪਿੰਡ ਤਰਖਾਣ ਮਾਜਰਾ ਦੇ ਗੁਰਦੁਆਰਾ ਸਾਹਿਬ ਨਜ਼ਦੀਕ ਲੱਗੇ ਕਾਂਗਰਸ ਪਾਰਟੀ ਦੇ ਬੂਥ 'ਤੇ ਬੈਠਾ ਸੀ ਤਾਂ ਪਿੰਡ ਮਲਕਪੁਰ ਦੇ ਸਾਬਕਾ ਕਾਂਗਰਸੀ ਆਗੂ ਸਰਬਜੀਤ ਸਿੰਘ ਮੱਖਣ ਦੇ ਪੁੱਤਰ ਰਮਨਦੀਪ ਸਿੰਘ ਰੰਮੀ, ਲਾਲੀ ਤੇ ਪਿੰਡ ਤਰਖਾਣ ਮਾਜਰਾ ਦੇ ਵਸਨੀਕ ਸਰਪੰਚ ਮਨਜਿੰਦਰ ਸਿੰਘ, ਜਤਿੰਦਰ ਸਿੰਘ, ਗੁਲਜ਼ਾਰ ਸਿੰਘ, ਸਾਗਰ ਤੇ ਉਨ੍ਹਾਂ ਦੇ ਨਾਲ ਆਏ 10 /12 ਨਾਮਲੂਮ ਵਿਅਕਤੀਆਂ ਨੇ ਪਾਰਟੀਬਾਜ਼ੀ ਦੇ ਚੱਲਦਿਆਂ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਬੀ.ਐਨ.ਐਸ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੀਤੇ ਗਏ ਮੁਕੱਦਮੇ ਵਿੱਚ ਉਪਰੋਕਤ ਵਿਅਕਤੀਆਂ ਨੂੰ ਨਾਮਜ਼ਦ ਕਰਕੇ ਥਾਣਾ ਸਰਹਿੰਦ ਦੀ ਪੁਲਿਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

# ਪੀ ਜੀ ਆਈ ਦੇ ਥੈਲੇਸੀਮਿਕ ਚੈਰੀਟੇਬਲ ਟਰੱਸਟ ਵੱਲੋਂ ਖੂਨਦਾਨ ਕੈਂਪ

**ਸਮਰਾਲਾ, (ਸੁਰਜੀਤ ਸਿੰਘ)** ਪੀਜੀਆਈ ਦੇ ਟ੍ਰਾਂਸਫਿਊਜ਼ਨ ਮੈਡੀਸਨ ਵਿਭਾਗ ਵੱਲੋਂ ਗੰਭੀਰ ਬਿਮਾਰੀਆਂ ਤੇ ਥੈਲੇਸੀਮੀਆ ਪੀੜਤ



ਮਰੀਜ਼ਾਂ ਨੂੰ ਸਮਰਪਤ ਰਹਿਮਤ ਫਾਊਂਡੇਸ਼ਨ ਦੇ ਸਹਿਯੋਗ ਨਾਲ ਸ਼ਹੀਦੀ ਜੋੜਮੇਲ ਦੀ ਯਾਦ ਵਿੱਚ 323ਵਾਂ ਖੂਨਦਾਨ ਕੈਂਪ ਆਯੋਜਤ ਕੀਤਾ ਗਿਆ। ਥੈਲੇਸੀਮੀਆ ਬਾਰੇ ਜਾਗਰੂਕਤਾ ਲਈ ਇੱਕ ਵਿਸ਼ੇਸ਼ ਡੈਸਕ ਵੀ ਲਾਇਆ ਗਿਆ।ਇਸ ਮੌਕੇ ਹਰਪ੍ਰੀਤ ਕੌਰ ਬਾਬਲਾ ਮੇਅਰ ਨਗਰ ਨਿਗਮ ਚੰਡੀਗੜ੍ਹ ਸਮੇਤ ਸ਼ਹਿਰ ਦੀਆਂ ਕਈ ਪ੍ਰਸਿੱਧ ਸ਼ਖਸੀਅਤਾਂ ਨੇ ਕੈਂਪ ਦਾ ਦੌਰਾ ਕਰਕੇ ਖੂਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਵੱਲੋਂ ਖੂਨਦਾਨੀਆਂ ਨੂੰ ਤੋਹਫ਼ੇ ਅਤੇ ਬੈਜ ਵੀ ਵੰਡੇ ਗਏ। ਇਸ ਕੈਂਪ ਦੌਰਾਨ ਕੁੱਲ 82 ਸਵੈਇੱਛਿਕ ਖੂਨਦਾਨੀਆਂ ਨੇ ਖੂਨ ਦਾਨ ਕੀਤਾ। ਕੈਂਪ ਟ੍ਰਾਂਸਫਿਊਜ਼ਨ ਮੈਡੀਸਨ ਵਿਭਾਗ, ਪੀਜੀਆਈ ਦੇ ਮੁਖੀ ਪ੍ਰੋ. (ਡਾ.) ਰੱਤੀ ਰਾਮ ਸ਼ਰਮਾ ਦੀ ਅਗਵਾਈ ਤੇ ਡਾ. ਪੁਨੀਤ ਕੌਰ ਦੀ ਦੇਖ-ਰੇਖ ਹੇਠ ਉਨ੍ਹਾਂ ਦੀ ਟੀਮ ਦੇ ਸਹਿਯੋਗ ਨਾਲ ਸਫ਼ਲਤਾਪੂਰਵਕ ਸੰਪੰਨ ਹੋਇਆ। ਪ੍ਰੋ. (ਡਾ.) ਰੱਤੀ ਰਾਮ ਸ਼ਰਮਾ, ਮੁਖੀ, ਟ੍ਰਾਂਸਫਿਊਜ਼ਨ ਮੈਡੀਸਨ ਵਿਭਾਗ, ਪੀਜੀਆਈ ਤੇ ਟਰੱਸਟ ਦੇ ਮੈਂਬਰ ਸਕੱਤਰ ਰਾਜਿੰਦਰ ਕਲਰਾ ਨੇ ਸਵੈਇੱਛਿਕ ਖੂਨਦਾਨ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਥੈਲੇਸੀਮੀਆ ਪੀੜਤ ਮਰੀਜ਼ਾਂ ਨੂੰ ਹਰ 15-20 ਦਿਨਾਂ ਵਿੱਚ ਨਿਯਮਤ ਖੂਨ ਦੀ ਲੋੜ ਹੁੰਦੀ ਹੈ ਅਤੇ ਖੂਨਦਾਨ ਰਾਹੀਂ ਅਨੇਕਾਂ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

# ਆਸ਼ਾ ਵਰਕਰਾਂ ਦੀਆਂ ਰੁਕੀਆਂ ਤਨਖਾਹਾਂ ਜਲਦ ਨਾ ਪਾਈਆਂ ਤਾਂ ਵਿੱਢਿਆ ਜਾਵੇਗਾ ਤਿੱਖਾ ਸੰਘਰਸ਼ : ਦੀਦਾਰੇਵਾਲਾ

**ਮੋਗਾ (ਇਕਬਾਲ ਸਿੰਘ ਖਹਿਰਾ)**- ਬਲਾਕ ਠੱਠੀ ਭਾਈ ਦੀਆਂ ਆਸ਼ਾ ਵਰਕਰਾਂ ਦੀ ਜੋ ਮਈ ਤੋਂ ਲੈ ਕੇ ਤਨਖਾਹ ਰਹਿਦੀ ਹੈ



ਉਹ ਜਲਦੀ ਪਾਈ ਜਾਵੇ, ਆਸ਼ਾ ਵਰਕਰਾਂ ਲਈ ਡਲਿਵਰੀ ਲੈ ਕੇ ਆਉਦੀਆਂ ਹਨ ਉਨ੍ਹਾਂ ਨੂੰ ਰੈਸਟ ਰੂਮ ਦਿੱਤਾ ਜਾਵੇ, ਜੋ ਮਾਨ ਸਰਕਾਰ ਵਲੋਂ ਵਾਅਦਾ ਕੀਤਾ ਸੀ, 2500 ਨੂੰ ਦੁੱਗਣਾ ਕੀਤਾ ਜਾਵੇ, ਆਸ਼ਾ ਫੈਸਿਲੀਟੇਟਰ ਭੈਣਾਂ ਦੇ ਟੂਰ ਮਨੀ ਵਿੱਚ ਵਾਧਾ ਕੀਤਾ ਜਾਵੇ, ਜੇ ਸਾਡੀਆਂ ਤਨਖਾਹਾਂ ਜਲਦ ਨਾ ਪਾਈਆਂ ਗਈਆਂ ਤਾਂ, 21 ਤਰੀਕ ਨੂੰ ਸਾਰੇ ਜ਼ਿਲ੍ਹੇ 'ਚ ਆਸ਼ਾ ਵਰਕਰ ਫੈਸਿਲੀਟੇਟਰਜ਼ ਆਪਣਾ ਕੰਮ ਬੰਦ ਕਰਕੇ ਮੋਗੇ ਸਿਵਲ ਹਸਪਤਾਲ ਵਿੱਚ ਬੈਠਣਗੀਆਂ ਤੇ ਰੋਸ ਰੈਲੀ ਕਰਨਗੀਆਂ। ਫ੍ਰੀ ਵਿੱਚ ਆਸ਼ਾ ਵਰਕਰ ਫੈਸਿਲੀਟੇਟਰਜ਼ ਸਰਕਾਰ ਦਾ ਕੰਮ ਨਹੀਂ ਕਰਨਗੀਆਂ। ਇਸ ਮੌਕੇ ਆਸ਼ਾ ਵਰਕਰ ਫੈਸਿਲੀਟੇਟਰ ਵਰਕਰਾਂ ਵੱਲੋਂ ਚੇਤਾਵਨੀ ਦਿੱਤੀ ਗਈ ਕਿ ਜੇਕਰ ਉਨ੍ਹਾਂ ਦੀਆਂ ਤਨਖਾਹਾਂ ਜਲਦ ਨਾ ਪਾਈਆਂ ਗਈਆਂ ਤਾਂ ਉਨ੍ਹਾਂ ਵੱਲੋਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੀਟਿੰਗ 'ਚ ਮੀਤ ਪ੍ਰਧਾਨ ਪਰਮਜੀਤ ਸਮਾਧ, ਬਲਜੀਤ ਕੌਰ ਕੋਟ ਈਸੇ ਖਾਂ, ਮਨਪ੍ਰੀਤ ਕੌਰ ਕੋਟ ਈਸੇ ਖਾਂ, ਸਰਬਜੀਤ ਕੌਰ ਚੜਿੱਕ, ਜਸਵਿੰਦਰ ਕੌਰ ਢੁੱਡੀਕੇ, ਮਨਦੀਪ ਕੌਰ ਡਰੋਲੀ ਭਾਈ, ਕਮਲਜੀਤ ਕੌਰ ਡਰੋਲੀ ਭਾਈ, ਸੰਦੀਪ, ਮੋਗਾ, ਰਮਨ, ਪ੍ਰਿਆ, ਕੋਮਲ, ਕਮਲ, ਨੀਲਮ, ਕਰਮਜੀਤ, ਮੋਗਾ, ਸੁਖੀ, ਸੁਖਾਨੰਦ, ਹਰਜਿੰਦਰ ਮਾਣੂਕੇ, ਅਨੀਤਾ, ਬਬਲਜੀਤ, ਪਜੋਲਾ ਗਰੁੱਪ ਜ਼ਿੰਦਾਬਾਦ ਹਾਜ਼ਰ ਸਨ।

# ਕੈਮਿਸ਼ਟ ਐਸੋਸੀਏਸ਼ਨ ਦੀ ਚੋਣ, ਰਾਕੇਸ਼ ਕੁਮਾਰ ਪ੍ਰਧਾਨ ਬਣੇ



**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)** ਕੈਮਿਸ਼ਟ ਐਸੋਸੀਏਸ਼ਨ ਦੀ ਮੀਟਿੰਗ ਚੇਅਰਮੈਨ ਕੁਲਭੂਸ਼ਨ ਗਰਗ ਦੀ ਅਗਵਾਈ ਹੇਠ ਹੋਈ।ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਕੀਤੀ ਗਈ ਚੋਣ 'ਚ ਰਾਕੇਸ਼ ਕੁਮਾਰ ਨੂੰ ਸਰਬਸੰਮਤੀ ਨਾਲ ਐਸੋਸੀਏਸ਼ਨ ਦਾ ਪ੍ਰਧਾਨ ਅਤੇ ਵਿਨੋਦ ਕੁਮਾਰ ਹੈਪੀ ਨੂੰ ਜਨਰਲ ਸਕੱਤਰ ਚੁਣਿਆ ਗਿਆ। ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਸਾਥੀਆਂ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਐਸੋਸੀਏਸ਼ਨ ਦੇ ਸਮੁੱਚੇ ਸਾਥੀਆਂ ਦੇ ਸਹਿਯੋਗ ਨਾਲ ਕੈਮਿਸ਼ਟ ਭਰਾਵਾਂ ਦੀਆਂ ਮੁਸ਼ਕਲਾਂ ਨੂੰ ਹਲ ਕਰਵਾਉਣ ਲਈ ਯਤਨਸ਼ੀਲ ਰਹਿਣਗੇ।ਹੋਰਨਾਂ 'ਚ ਹੰਸ ਰਾਜ, ਵਿਜੈ ਕਾਂਸਲ, ਰਵਿੰਦਰ ਗਰਗ, ਜਸਵੀਰ ਸਿੰਘ ਮਾਨ, ਰਣਧੀਰ ਸਿੰਘ ਧੀਰਾ, ਬਲਰਾਜ ਬਾਂਸਲ, ਅਸ਼ਵਨੀ ਕੁਮਾਰ ਤੇ ਅਜੈ ਕਾਂਸਲ ਆਦਿ ਵੀ ਮੌਜੂਦ ਸਨ।

# ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ 22 ਤੋਂ ਚੰਡੀਗੜ੍ਹ ਪੱਕੇ ਧਰਨੇ 'ਤੇ ਜਾਣਗੇ

**ਚੌਂਕੀਮਾਨ (ਇੰਜੀ ਬਲਬੀਰ ਸਿੰਘ ਮਾਨ)**- ਸੂਬਾ ਕਮੇਟੀ ਮੈਂਬਰਾਂ ਦੀ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਜੇਕਰ ਪੰਜਾਬ ਸਰਕਾਰ ਨੇ ਉਨ੍ਹਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਪੂਰਾ ਨਹੀਂ ਕੀਤਾ ਤਾਂ ਉਹ ਮੁੱਖ ਦਫ਼ਤਰ ਤਕਨੀਕੀ ਸਿੱਖਿਆ ਵਿਭਾਗ ਪੰਜਾਬ ਵਿਖੇ ਪੱਕਾ ਧਰਨਾ ਲਗਾਉਣਗੇ। ਇਸੇ ਦੇ ਚਲਦਿਆਂ ਹੁਣ ਜਥੇਬੰਦੀ ਨੇ ਫੈਸਲਾ ਕੀਤਾ ਹੈ, ਕਿ ਉਹ ਸੰਸਥਾਵਾਂ ਦਾ ਕੰਮ ਜਿਸ ਵਿੱਚ (ਟ੍ਰੇਨਿੰਗ ਦਾ ਕੰਮ, ਸਾਰੇ ਪੋਰਟਲਾਂ ਦਾ ਕੰਮ, ਵੈਰੀਫਿਕੇਸ਼ਨਾਂ ਦਾ ਕੰਮ, ਦਫਤਰੀ ਕੰਮ, ਈ ਐਮ ਸੀ ਐਪ ਦਾ ਕੰਮ ) ਬਿਲਕੁੱਲ ਠੱਪ ਕਰਕੇ 22 ਦਸੰਬਰ ਤੋਂ ਪੰਜਾਬ ਸਰਕਾਰ ਵਿਰੁੱਧ ਪੱਕਾ ਧਰਨਾ ਸ਼ੁਰੂ ਕਰਨਗੇ। ਜਥੇਬੰਦੀ ਦੇ ਆਗੂਆ ਨੇ ਦੱਸਿਆ ਕਿ ਉਹਨਾਂ ਨੇ ਇਸ ਤੋਂ ਪਹਿਲਾਂ ਜ਼ਿਮਨੀ ਚੋਣਾਂ ਦੌਰਾਨ ਤਰਨ ਤਾਰਨ ਵਿਖੇ ਪੱਕਾ ਮੋਰਚਾ ਲਗਾਇਆ ਸੀ ਜਿਸ ਵਿੱਚ ਤਕਨੀਕੀ ਸਿੱਖਿਆ ਮੰਤਰੀ, ਵਿੱਤ ਮੰਤਰੀ ਨਾਲ ਪੈਨਲ ਮੀਟਿੰਗਾਂ ਕੀਤੀਆਂ ਅਤੇ ਦੋਵਾਂ ਮੰਤਰੀਆਂ ਨੇ ਜਲਦੀ ਮੰਗਾਂ 20 ਦਸੰਬਰ ਤੱਕ ਪੂਰੀਆਂ ਕਰਨ ਬਾਰੇ ਕਿਹਾ ਸੀ ਅਤੇ ਮੰਤਰੀ ਵਰਿੰਦਰ ਕੁਮਾਰ ਗੋਇਲ ਨੇ ਆਪ ਧਰਨੇ ਵਿੱਚ ਹਾਜ਼ਰ ਹੋ ਕਿ ਕਿਹਾ ਸੀ ਕਿ ਮੈਂ ਬਹੁਤ ਜਲਦੀ ਸੀ ਐਮ ਸਾਹਿਬ ਨਾਲ ਮਿਲ ਕੇ ਤੁਹਾਡੇ ਮਸਲੇ ਹੱਲ ਕਰਵਾਵਾਂਗਾ। ਪ੍ਰੰਤੂ ਸਰਕਾਰ ਦੇ ਪਿਛਲੇ 3.5 ਸਾਲਾਂ ਤੋਂ ਲਾਰੇ ਹੀ ਮਿਲ ਰਹੇ ਹਨ। ਆਗੂਆਂ ਨੇ ਦੱਸਿਆ ਕਿ



ਅਸੀਂ ਪਿਛਲੇ 15-16 ਸਾਲਾਂ ਤੋਂ ਪੰਜਾਬ ਦੀਆਂ ਸਰਕਾਰੀ ਆਈ ਟੀ ਆਈਜ਼ ਵਿੱਚ ਗਰੁੱਪ ਬੀ ਕਰਾਫਟ ਇੰਸਟਰਕਟਰ ਵਜੋਂ ਬਿਨਾਂ ਕਿਸੇ ਸਰਕਾਰੀ ਸਹੂਲਤਾਂ ਤੋਂ ਠੇਕੇ ਉੱਪਰ ਸਿਰਫ਼ 15000 ਪ੍ਰਤੀ ਮਹੀਨਾ ਉੱਪਰ ਆਪਣਾ ਸ਼ੋਸ਼ਣ ਕਰਵਾ ਰਹੇ ਹਾਂ। ਸਾਡੀ ਭਰਤੀ ਵਿਭਾਗ ਵੱਲੋਂ ਸਮੇਂ ਸਮੇਂ ਉੱਪਰ ਜਾਰੀ ਹਦਾਇਤਾਂ ਰਾਹੀਂ ਪਾਰਦਰਸ਼ੀ ਢੰਗ ਨਾਲ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ, ਰੋਜ਼ਗਾਰ ਦਫ਼ਤਰਾਂ ਰਾਹੀਂ ਕੀਤੀ ਗਈ ਹੈ। ਅਸੀਂ ਡੀ ਜੀ ਟੀ ਭਾਰਤ ਸਰਕਾਰ ਵੱਲੋਂ ਮੰਗੀਆਂ ਜਾਂਦੀਆਂ ਸਾਰੀਆਂ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹਾਂ। ਪ੍ਰੰਤੂ ਫਿਰ ਵੀ ਸਾਡੇ ਨਾਲ ਪੰਜਾਬ ਸਰਕਾਰ ਸ਼ਰੇਆਮ ਧੱਕਾ ਕਰ ਰਹੀ ਹੈ।ਅਸੀਂ ਇਸ ਸਰਕਾਰ ਵਿੱਚ ਪਿਛਲੇ 3.5 ਸਾਲਾਂ ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਗੱਲਬਾਤ ਰਾਹੀਂ ਕੋਈ ਹੱਲ ਨਿਕਲੇ, ਇਸੇ ਦੇ ਚੱਲਦਿਆਂ ਬਹੁਤ ਵਾਰ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਹੋਰ ਕੈਬਨਿਟ ਮੰਤਰੀਆਂ ਨੂੰ ਮਿਲ ਚੁੱਕੇ ਹਾਂ ਪ੍ਰੰਤੂ ਇਹਨਾਂ ਵਿੱਚੋਂ ਕਿਸੇ ਨੇ ਵੀ ਸਾਡੀ ਗੱਲ ਉੱਪਰ ਧਿਆਨ ਨਹੀਂ ਦਿੱਤਾ। ਹਰ ਵਾਰ ਲਾਰੇ ਹੀ ਮਿਲੇ ਹਨ। ਇਸ ਤੋਂ ਇਲਾਵਾ ਉਹ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰੀ ਕੋਠੀ ਦੇ 50-60 ਚੱਕਰ ਲਗਾ ਚੁੱਕੇ ਹਾਂ ਪ੍ਰੰਤੂ ਉਹਨਾਂ ਵੱਲੋਂ ਅੱਜ ਤੱਕ ਇੱਕ ਮਿੰਟ ਦਾ ਵੀ ਸਮਾਂ ਨਹੀਂ ਦਿੱਤਾ ਗਿਆ। ਹੁਣ ਜੱਥੇਬੰਦੀ ਨੇ ਮਜਬੂਰ ਹੋ ਕੇ ਮੰਗਾਂ ਪੂਰੀਆਂ ਹੋਣ ਤੱਕ ਪੰਜਾਬ ਸਰਕਾਰ ਵਿਰੁੱਧ ਖੁੱਲ੍ਹ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਬਾਕੀ ਕੈਬਨਿਟ ਮੰਤਰੀਆਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਵੀ ਕੀਤਾ ਜਾਵੇਗਾ।

# ਸਿਹਤ ਵਿਭਾਗ ਨੇ ਸਰਦੀ ਤੋਂ ਬਚਾਅ ਲਈ ਜਾਰੀ ਕੀਤੀ ਐਡਵਾਇਜ਼ਰੀ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਸਿਹਤ ਵਿਭਾਗ ਪੰਜਾਬ ਵੱਲੋਂ ਠੰਡ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਦੀ ਦੇ ਮੌਸਮ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਐਡਵਾਈਜਰੀ ਜਾਰੀ ਕੀਤੀ ਗਈ। ਸਿਵਲ ਸਰਜਨ ਡਾ. ਅਮਰਜੀਤ ਕੌਰ ਨੇ ਕਿਹਾ ਕਿ ਸਰਦੀ ਨਾਲ ਬਜ਼ੁਰਗਾਂ, ਬੱਚਿਆਂ ਤੇ ਗਰਭਵਤੀ ਔਰਤਾਂ ਤੇ ਵੱਧ ਪ੍ਰਭਾਵ ਪੈਂਦਾ ਹੈ। ਇਸ ਲਈ ਉਨ੍ਹਾਂ ਦੀ ਖਾਸ ਦੇਖਭਾਲ ਕਰਨ ਦੀ ਲੋੜ ਹੈ। ਠੰਡ ਤੇ ਧੁੰਦ ਵਿੱਚ



ਬਜ਼ੁਰਗਾਂ ਅਤੇ ਦਿਲ ਦੇ ਰੋਗੀਆਂ ਨੂੰ ਸਵੇਰੇ ਜਾਂ ਦੇਰ ਸ਼ਾਮ ਘਰ ਤੋਂ ਬਾਹਰ ਨਿਕਲਣ ਜਾਂ ਸੈਰ ਕਰਨ ਤੋਂ ਬਚਣਾ ਚਾਹੀਦਾ ਹੈ। ਇਸ ਮੌਸਮ ਵਿੱਚ ਛੋਟੇ ਬੱਚਿਆਂ ਨੂੰ ਨਮੂਨੀਆ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ ਉਹਨਾਂ ਨੂੰ ਠੰਡ ਕਾਰਨ ਉਲਟੀ ਅਤੇ ਦਸਤ ਵੀ ਲੱਗ ਸਕਦੇ ਹਨ। ਇਸ ਲਈ ਛੋਟੇ ਬੱਚਿਆਂ ਨੂੰ ਪੂਰੇ ਸਰੀਰ ਨੂੰ ਢੱਕਣ ਵਾਲੇ ਕੱਪੜੇ ਪਾਓ ਨਾਲ ਹੀ ਬੱਚਿਆਂ ਨੂੰ ਸਿਰ ਢੱਕਣ ਲਈ ਟੋਪੀ, ਹੱਥਾਂ ਅਤੇ ਪੈਰਾਂ ਵਿੱਚ ਦਸਤਾਨੇ ਅਤੇ ਜੁਰਾਬਾਂ ਪਾਓ। ਬੱਚਿਆਂ ਨੂੰ ਨੰਗੇ ਪੈਰ ਨਾ ਚੱਲਣ ਦਿਓ।

# ਸਿੱਖਿਆ ਵਿਭਾਗ ਨੇ ਹੋਣਹਾਰ ਵਿਦਿਆਰਥੀਆਂ ਨੂੰ ਟੂਰ 'ਤੇ ਭੇਜਿਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਹੋਰ ਮਜ਼ਬੂਤੀ ਦਿੰਦਿਆਂ ਰਾਸ਼ਟਰੀ ਆਵਿਸ਼ਕਾਰ ਅਭਿਆਨ ਦੇ ਤਹਿਤ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਵੱਖ-ਵੱਖ ਬਲਾਕਾਂ ਤੋਂ ਚੁਣੇ ਗਏ 65 ਹੋਣਹਾਰ ਵਿਦਿਆਰਥੀਆਂ ਨੂੰ ਜੈਪੁਰ-ਆਗਰਾ ਲਈ ਵਿਦਿਅਕ ਟੂਰ 'ਤੇ ਭੇਜਿਆ ਗਿਆ। ਇਹ ਟੂਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਮੁਨੀਲਾ ਅਰੋੜਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ ਦੀ ਅਗਵਾਈ ਹੇਠ ਰਵਾਨਾ ਕੀਤਾ ਗਿਆ। ਇਸ ਟੂਰ ਦਾ



ਸਮੁੱਚਾ ਖਰਚਾ ਸਕੂਲ ਸਿੱਖਿਆ ਵਿਭਾਗ ਵੱਲੋਂ ਕੀਤਾ ਜਾ ਰਿਹਾ ਹੈ। ਟੂਰ ਨੂੰ ਰਵਾਨਾ ਕਰਨ ਮੌਕੇ ਮੁਨੀਲਾ ਅਰੋੜਾ ਨੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਅਜਿਹੇ ਵਿਦਿਅਕ ਟੂਰ ਵਿਦਿਆਰਥੀਆਂ ਦੇ ਗਿਆਨ, ਦ੍ਰਿਸ਼ਟੀਕੋਣ ਅਤੇ ਅਨੁਭਵ ਵਿਚ ਵਾਧਾ ਕਰਦੇ ਹਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਨਿਖਾਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨੋਡਲ ਇੰਚਾਰਜ ਸੰਜੀਵ ਟੰਡਨ ਪ੍ਰਿੰਸੀਪਲ ਨੇ ਦੱਸਿਆ ਕਿ ਇਹ ਵਿਦਿਅਕ ਟੂਰ 15 ਦਸੰਬਰ ਤੋਂ 20 ਦਸੰਬਰ ਤੱਕ ਆਯੋਜਿਤ ਕੀਤਾ ਗਿਆ ਹੈ। ਵਿਦਿਆਰਥੀਆਂ ਦੀ ਦੇਖ ਭਾਲ ਅਤੇ ਮਾਰਗ ਦਰਸ਼ਨ ਲਈ ਲੈਕਚਰਾਰ ਪ੍ਰਦੀਪ ਕੌਰ, ਕਿਰਨਦੀਪ ਕੌਰ, ਉਜਵਲ ਕੁਮਾਰ, ਹਰਵਿੰਦਰ ਸਿੰਘ ਅਤੇ ਅਵਤਾਰ ਸਿੰਘ ਨਾਲ ਰਹਿਣਗੇ। ਵਿੱਦਿਅਕ ਟੂਰ ਨੂੰ ਰਵਾਨਾ ਕਰਨ ਸਮੇਂ ਸੰਜੀਵ ਟੰਡਨ ਪ੍ਰਿੰਸੀਪਲ, ਗੁਰਪ੍ਰੀਤ ਸਿੰਘ, ਦਿਨੇਸ਼ ਚੌਹਾਨ, ਬਲਰਾਜ ਸਿੰਘ ਅਤੇ ਮਨੋਜ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਟਰੈਵਲ ਏਜੰਟ ਵੱਲੋਂ ਦੋ ਗਰੀਬ ਕਿਸਾਨਾਂ ਨਾਲ ਠੱਗੀ ਦਾ ਮਾਮਲਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਟਰੈਵਲ ਏਜੰਟ ਵੱਲੋਂ ਦੋ ਗ਼ਰੀਬ ਕਿਸਾਨਾਂ ਦੇ ਨਾਲ ਲੱਖਾਂ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ, ਇਸ ਨੂੰ ਲੈ ਕੇ ਕਿਸਾਨ ਜਥੇਬੰਦੀ ਉਗਰਾਹਾਂ ਜਿਨ੍ਹਾਂ ਕਿਸਾਨਾਂ ਨਾਲ ਠੱਗੀ ਵੱਜੀ ਹੈ, ਉਨ੍ਹਾਂ ਦੀ ਮੱਦਦ ਲਈ ਖੜ ਗਈ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੁਨਾਮ ਬਲਾਕ ਦੇ ਪ੍ਰਧਾਨ ਜਸਵੰਤ ਤੋਲਾਵਾਲ ਤੇ ਦਿੜ੍ਹਬਾ ਬਲਾਕ ਦੇ ਪ੍ਰਧਾਨ ਹਰਜੀਤ ਸਿੰਘ ਮਹਿਲਾ ਚੌਕ ਨੇ ਕਿਹਾ ਕਿ ਸੁਨਾਮ ਦੇ ਠੱਗ ਏਜੰਟ ਹੁਣ ਸੁਨਾਮ ਜਾਖਲ ਰੋਡ ਨੇੜੇ ਟਰੱਕ ਯੂਨੀਅਨ ਨੇ ਦੋ ਗ਼ਰੀਬ ਕਿਸਾਨਾਂ ਨਾਲ ਲਗਭਗ 85 ਲੱਖ ਦੀ ਠੱਗੀ ਮਾਰੀ ਹੈ।ਉਨ੍ਹਾਂ ਦੱਸਿਆ ਕਿ ਕਿਸਾਨ ਹਰਦੀਪ ਸਿੰਘ ਤੇ ਬਲਕਾਰ ਸਿੰਘ ਉੱਭਿਆ ਨੇ ਦੋ ਕਿੱਲੇ ਜ਼ਮੀਨ ਵੇਚ ਕੇ ਠੱਗ ਏਜੰਟ ਨੂੰ 41 ਲੱਖ ਰੁਪਏ ਦਿੱਤੇ ਤੇ ਕਿਸਾਨ ਗਗਨਦੀਪ ਬਲਵਿੰਦਰ ਸਿੰਘ ਜਖੇਪਲ ਨੇ 55 ਲੱਖ ਰੁਪਏ ਦਿੱਤੇ ਅਤੇ ਗਗਨਦੀਪ ਨੇ ਆਪਣੀ ਡੇਢ ਕਿੱਲਾ ਵੇਚ ਕੇ ਦਿੱਤੀ ਆਪ ਬੇਜ਼ਮੀਨਾ ਬਣ ਗਿਆ। ਗਗਨਦੀਪ ਸਿੰਘ ਜਖੇਪਲ ਨੂੰ ਅਮੀਰਕਾ ਦਾ ਲਾਰਾ ਲਾ ਕੇ ਲਗਭਗ ਸੱਤ ਅੱਠ ਮਹੀਨੇ ਪਨਾਮਾ ਕੋਲੰਬੀਆ ਐਮਾਜ਼ੌਨ ਦੇ ਜੰਗਲਾਂ 'ਚ ਘੁਮਾਇਆ ਤੇ ਵਾਪਸ ਭੇਜ ਦਿੱਤਾ। 18 ਦਸੰਬਰ ਨੂੰ ਉਕਤ ਏਜੰਟ ਦੇ ਘਰ ਅੱਗੇ ਧਰਨਾ ਦਿੱਤਾ ਜਾਵੇਗਾ।

# ਜ਼ੀਰਾ ਦੇ ਉਪਿੰਦਰ ਸਿੰਘ ਸੰਧੂ ਨੂੰ ਡਾ. ਰਤਨ ਲਾਲ ਰਿਜਨਰੇਟਿਵ ਖੇਤੀਬਾੜੀ ਐਵਾਰਡ

**ਜ਼ੀਰਾ (ਨਰਿੰਦਰ ਅਨੇਜਾ)**- ਪਿੰਡ ਮਲਸੀਆਂ ਕਲਾਂ ਦੇ ਬਲਦੇਵ ਸਿੰਘ ਸੰਧੂ ਦੇ ਸਪੁੱਤਰ ਪੀ ਏ ਯੂ ਦੇ ਭੂਮੀ ਵਿਗਿਆਨ ਵਿਭਾਗ ਦੇ ਵਿਗਿਆਨੀ ਡਾ. ਉਪਿੰਦਰ ਸਿੰਘ ਸੰਧੂ ਨੂੰ ਨੌਜਵਾਨ ਵਿਗਿਆਨੀਆਂ ਦੇ ਵਰਗ ਵਿੱਚ ਭੋਪਾਲ ਵਿਖੇ ਹੋਈ ਇੰਟਰਨੈਸ਼ਨਲ ਕਾਨਫਰੰਸ ਦੌਰਾਨ ਡਾ. ਰਤਨ ਲਾਲ ਰੀਜਨਰੇਟਿਵ ਖੇਤੀਬਾੜੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਹ ਐਵਾਰਡ ਉਨ੍ਹਾਂ ਨੂੰ ਵਿਸ਼ਵ ਭੂਮੀ ਦਿਵਸ 'ਤੇ ਭੋਪਾਲ ਵਿਖੇ ਆਯੋਜਿਤ ਭੂਮੀ ਵਿਗਿਆਨ ਬਾਰੇ ਭਾਰਤੀ ਸੰਸਥਾਨ ਵੱਲੋਂ ਕਰਵਾਏ ਸਮਾਗਮ ਦੌਰਾਨ ਪ੍ਰਦਾਨ ਕੀਤਾ ਗਿਆ।ਉਨ੍ਹਾਂ ਨੂੰ ਇਸ ਦਿਨ ਦੇ ਮੌਕੇ 'ਤੇ ਡਾ. ਸਤਿਆਵਰਤ ਚਤੁਰਵੇਦੀ, ਡਾ. ਅਸ਼ ਮੋਹੰਤੀ, ਡਾ. ਅਮਰਜੀਤ ਮਹਿਤਾ ਅਤੇ ਹੋਰ ਡਾ. ਰਤਨ ਲਾਲ ਮੈਮੋਰੀਅਲ ਫਾਊਂਡੇਸ਼ਨ ਦੇ ਨੁਮਾਇੰਦਿਆਂ ਵੱਲੋਂ ਸਨਮਾਨਤ ਕੀਤਾ ਗਿਆ। ਇਸ ਇਨਾਮ ਵਿੱਚ ਭਾਰਤ ਸਰਕਾਰ ਵੱਲੋਂ ਜੇਤੂ ਵਿਗਿਆਨੀ ਡਾ. ਰਤਨ ਲਾਲ ਦੇ ਨਾਂ 'ਤੇ ਰੀਜਨਰੇਟਿਵ ਖੇਤੀਬਾੜੀ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਲਈ ਦਿੱਤਾ ਜਾਂਦਾ ਹੈ।ਡਾ. ਉਪਿੰਦਰ ਸਿੰਘ ਨੇ ਹੁਣ ਤੱਕ ਭੂਮੀ ਵਿਗਿਆਨ ਦੇ ਖੇਤਰ




ਵਿੱਚ ਮਿੱਟੀ ਸੰਭਾਲ ਤਕਨਾਲੋਜੀਆਂ ਅਤੇ ਫਸਲਾਂ ਦੀ ਸੰਭਾਲ ਬਾਰੇ ਬਹੁਤ ਅਹਿਮ ਕੰਮ ਕੀਤਾ ਹੈ। ਉਨ੍ਹਾਂ ਨੂੰ 2023 ਵਿੱਚ ਭੂਮੀ ਵਿਗਿਆਨ ਐਵਾਰਡ ਨਾਲ ਵੀ ਨਿਵਾਜਿਆ ਗਿਆ ਸੀ। ਉਹਨਾਂ ਨੂੰ ਇਹ ਅਵਾਰਡ ਮਿਲਣ ਤੇ ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ। ਹੈ। ਇਹ ਖਬਰ ਮਿਲਣ ਤੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਨਵੀਨ ਕੁਮਾਰ ਸਚਦੇਵਾ, ਬਾਜ਼ ਸਿੰਘ ਭੁੱਲਰ, ਗੁਰਮੀਤ ਸਿੰਘ ਸੰਧੂ, ਗੁਰਪਾਲ ਜੀਰਵੀ, ਗੁਰਪ੍ਰੀਤ ਸਿੰਘ ਨੇ ਉਹਨਾਂ ਦੇ ਪਿਤਾ ਬਲਦੇਵ ਸਿੰਘ ਸੰਧੂ ਸਾਬਕਾ ਪ੍ਰਧਾਨ ਗੌਰਮਿੰਟ ਸਕੂਲ ਟੀਚਰ ਟੀਚਰਜ਼ ਯੂਨੀਅਨ ਨੂੰ ਵਧਾਈ ਦਿੱਤੀ ਅਤੇ ਉਹਨਾਂ ਕਿਹਾ ਕਿ ਇਹ ਬੱਚਾ ਜ਼ੀਰਾ ਦੇ ਜੀਵਨ ਮੱਲ ਸਕੂਲ ਵਿੱਚੋਂ ਪੜ੍ਹ ਕੇ ਗਿਆ ਹੈ ਅਤੇ ਇਸ ਬੱਚੇ ਨੇ ਜ਼ੀਰੇ ਦਾ ਨਾਂ ਪੂਰੇ ਦੇਸ਼ ਵਿੱਚ ਰੋਸ਼ਨ ਕੀਤਾ ਹੈ।ਇਸ ਮੌਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ, ਨਿਰਦੇਸ਼ਕ ਖੋਜ ਡਾ. ਅਮਰਜੀਤ ਸਿੰਘ ਢੱਟ, ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ, ਭੂਮੀ ਵਿਭਾਗ ਦੇ ਮੁਖੀ ਡਾ. ਰਾਜੀਵ ਸਿੱਕਾ ਨੇ ਡਾ. ਉਪਿੰਦਰ ਸਿੰਘ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ।

# ਖੇਤੀਬਾੜੀ ਟਿਊਬਵੈੱਲ ਕੁਨੈਕਸ਼ਨ ਦੇਣ ਦੇ ਡਿਮਾਂਡ ਨੋਟਿਸ ਦੀ ਮਿਆਦ 'ਚ ਵਾਧਾ ਕਰਨ ਦਾ ਭਰੋਸਾ

**ਪਟਿਆਲਾ (ਰਾਜਿੰਦਰ ਥਿੰਦ)** ਖੇਤੀਬਾੜੀ ਟਿਊਬਵੈੱਲ ਕੁਨੈਕਸ਼ਨ ਪੀੜਤ ਕਿਸਾਨ ਐਕਸ਼ਨ ਕਮੇਟੀ, ਦੀ ਮੀਟਿੰਗ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ: ਦੇ ਮੁੱਖ ਦਫਤਰ ਦੇ ਲਿਖਤੀ ਸੱਦੇ 'ਤੇ ਕਾਨਫਰੰਸ ਰੂਮ ਵਿੱਚ ਹੋਈ। ਮੀਟਿੰਗ ਵਿੱਚ ਪ੍ਰਸ਼ਾਸ਼ਨ ਵੱਲੋਂ ਇੰਜਨੀਅਰਿੰਗ ਦਵਿੰਦਰ ਪਾਲ ਸਿੰਘ ਡਾਇਰੈਕਟਰ (ਵੰਡ) ਚੀਫ ਇੰਜੀਨੀਅਰ ਡੀ ਕੇ ਗੌਤਮ ਨਿਗਰਾਨ ਇੰਜਨੀਅਰ ਦਵਿੰਦਰ ਕੁਮਾਰ, ਰਣਦੀਪ ਸਿੰਘ ਉੱਪ ਸਕੱਤਰ ਭਲਾਈ ਵਿੰਗ ਹਾਜਰ ਹੋਏ।ਕਮੇਟੀ ਵੱਲੋਂ ਗੁਰਜੀਤ ਸਿੰਘ ਖੀਵਾ ਮੀਹਾਂ ਸਿੰਘ ਵਾਲਾ ਕਨਵੀਨਰ, ਅਜੈਬ ਸਿੰਘ ਬੱਛੋਆਨਾ ਡਾਕਟਰ ਕੁਲਦੀਪ ਸਿੰਘ ਬੱਛੋਆਨਾ, ਗੁਰਦੀਪ ਸਿੰਘ ਅਕਬਰਪੁਰ ਖੁਡਾਲ, ਜਮਹੂਰੀ ਕਿਸਾਨ ਸਭਾ ਦੇ ਆਗੂ ਦਸੌਂਦਾ ਸਿੰਘ ਬਹਾਦਰਪੁਰ, ਸਤਨਾਮ ਸਿੰਘ ਖੁਡਾਲ ਕਲਾਂ ਸ਼ਾਮਲ ਹੋਏ। ਮੀਟਿੰਗ ਸਮੇਂ ਮੰਗ ਪੱਤਰ ਦਿੱਤਾ ਗਿਆ ਤੇ ਮੰਗਾਂ ਤੇ ਵਿਚਾਰ ਕੀਤਾ ਆਗੂਆਂ ਵੱਲੋਂ ਮੰਗਾਂ ਦੀ ਜਾਣਕਾਰੀ ਦਿੰਦਿਆਂ ਸਾਲ 2014, 15, 16 ਵਿੱਚ ਕੱਟੇ ਗਏ ਡਿਮਾਂਡ ਨੋਟਿਸਾਂ ਨੂੰ ਟਿਊਬਵੈੱਲ ਕੁਨੈਕਸ਼ਨ ਦੇਣ ਲਈ ਮਿਆਦ ਵਿੱਚ ਵਾਧਾ ਕਰਨ, 31.03.2015 ਤੱਕ ਸਕਿਊਰਟੀ ਭਰਨ ਵਾਲੇ ਕਿਸਾਨਾਂ ਦੇ ਡਿਮਾਂਡ ਨੋਟਿਸ ਕੱਟਣ ਦੇ ਫੈਸਲੇ ਅਨੁਸਾਰ ਫਾਈਲਾਂ ਭੇਜੀਆਂ ਗਈਆਂ ਸਨ, ਜਿਨ੍ਹਾਂ 'ਤੇ ਅੱਜ ਤੱਕ ਕੋਈ ਕਾਰਵਾਈ ਬਾਰੇ ਕਮੇਟੀ ਨੂੰ ਜਾਣੂ ਨਹੀਂ ਕਰਾਇਆ, ਜਿਨ੍ਹਾਂ ਦੀ ਗਿਣਤੀ ਲਗਭਗ 150 ਹੈ।ਇਨ੍ਹਾਂ ਫਾਇਲਾਂ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ, ਕਿਉਂਕਿ ਮਾਨਸਾ, ਬਠਿੰਡਾ, ਸੁਨਾਮ ਤੇ ਲਹਿਰਾਗਾਗਾ ਨੂੰ ਪੰਜਾਬ ਸਰਕਾਰ ਵੱਲੋਂ ਪੱਛੜਿਆ ਇਲਾਕਾ ਕਰਾਰ ਦਿੱਤਾ ਹੈ।ਇਸ ਕਰਕੇ ਢਾਈ ਏਕੜ ਵਾਲੇ ਕਿਸਾਨ ਨੂੰ 31.12.2013 ਤੋਂ 215 ਤੇ 5 ਏਕੜ ਜ਼ਮੀਨ ਵਾਲੇ ਜਿਨ੍ਹਾਂ ਕੋਲ ਕੋਈ ਵੀ ਟਿਊਬਵੈੱਲ ਕੁਨੈਕਸ਼ਨ ਨਹੀਂ ਹੈ, ਉਨ੍ਹਾਂ ਨੂੰ 30.11.2015 ਤੱਕ ਤੇ ਹੋਰ ਵੱਖ ਵੱਖ ਸਕੀਮਾਂ ਵਿੱਚ ਅਸਟੀਮੇਟ ਵੀ ਬਣਾਏ ਗਏ, ਪਰ ਅੱਜ ਤੱਕ ਉਨ੍ਹਾਂ ਨੂੰ ਕੁਨੈਕਸ਼ਨ ਨਹੀਂ ਦਿੱਤੇ ਗਏ।ਇਸੇ ਤਰ੍ਹਾਂ ਢਾਈ ਏਕੜ ਦੀ ਜਿਨ੍ਹਾਂ ਕਿਸਾਨਾਂ ਨੇ ਆਪਸ਼ਨ ਭਰੀ ਸੀ, ਢਾਈ ਤੋਂ 3 ਏਕੜ ਤੱਕ ਜ਼ਮੀਨ ਸੀ, ਉਹ ਕਿਸਾਨ ਟਿਊਬਵੈੱਲ ਕੁਨੈਕਸ਼ਨ ਤੋਂ ਵਾਂਝੇ ਰਹਿ ਗਏ। ਉਨ੍ਹਾਂ 'ਤੇ ਦੁਬਾਰਾ ਆਪਸ਼ਨ ਭਰਨ ਦਾ ਮੌਕਾ ਦੇ ਕੇ 5 ਏਕੜ ਵਾਲੇ ਕਿਸਾਨਾਂ ਨੂੰ ਪਾਲਿਸੀ ਮੁਤਾਬਕ ਕੁਨੈਕਸ਼ਨ ਦਿੱਤੇ ਜਾਣ, ਜਦੋਂ ਕਿ 30.11.2015 ਤੱਕ ਭਰੀਆਂ ਸਕਿਊਰਟੀਆਂ ਵਾਲੇ ਬਿਨੇਕਾਰਾਂ ਨੂੰ ਡਿਮਾਂਡ ਨੋਟਿਸ ਦੇ ਕੇ ਟਿਊਬਵੈੱਲ ਕੁਨੈਕਸ਼ਨ ਦੇਣੇ ਸਨ, ਪਰ ਅੱਜ ਤੱਕ ਨਹੀਂ ਦਿੱਤੇ ਗਏ। ਮੀਟਿੰਗ ਵਿੱਚ ਹੋਈ ਸਹਿਮਤੀ ਅਨੁਸਾਰ ਉਹਨਾਂ ਦੀ ਪੁਰਾਣੀ ਸਕਿਊਰਟੀ ਬਹਾਲ ਕਰਕੇ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣ।

# ਡੈਮ ਡਾਟਾ ਜਨਤਕ ਨਾ ਕਰਨ ਬਾਬਤ ਬੀ ਬੀ ਐੱਮ ਬੀ ਤੇ ਪੰਜਾਬ ਸਰਕਾਰ ਨੂੰ ਨੋਟਿਸ

**ਮੋਗਾ (ਇਕਬਾਲ ਸਿੰਘ ਖਹਿਰਾ)**- ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਮੁੱਖ ਬੈਂਚ, ਨਵੀਂ ਦਿੱਲੀ) ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ. ਐਮ.ਬੀ), ਪੰਜਾਬ ਸਰਕਾਰ ਅਤੇ ਹੋਰ ਪ੍ਰਤੀਵਾਦੀਆਂ ਨੂੰ ਇੱਕ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ ਹੈ। ਇਹ ਅਰਜ਼ੀ ਪਬਲਿਕ ਐਕਸ਼ਨ ਕਮੇਟੀ (ਪੀ ਏ ਸੀ) ਅਤੇ ਹੋਰਾਂ ਵੱਲੋਂ ਦਾਇਰ ਕੀਤੀ ਗਈ ਹੈ, ਜਿਸ ਵਿੱਚ ਪੰਜਾਬ ਵਿੱਚ ਵਾਰ-ਵਾਰ ਆ ਰਹੇ ਹੜ੍ਹਾਂ ਅਤੇ ਡੈਮ ਸੰਚਾਲਨ ਦੀ ਭੂਮਿਕਾ, ਅੰਕੜਿਆਂ ਦੀ ਪਾਰਦਰਸ਼ਤਾ ਅਤੇ ਡੈਮ ਸੁਰੱਖਿਆ ਨਾਲ ਜੁੜੇ ਮੁੱਦੇ ਉਠਾਏ ਗਏ ਹਨ। ਪਟੀਸ਼ਨ ਵਿੱਚ ਇਹ ਦਲੀਲ ਦਿੱਤੀ ਹੈ ਕਿ ਬੀ.ਬੀ.ਐਮ.ਬੀ ਨੇ ਅਕਤੂਬਰ 2023 ਤੋਂ ਬਾਅਦ ਮਹੱਤਵਪੂਰਨ ਡੈਮ ਸੰਚਾਲਨ ਡਾਟਾ ਜਿਵੇਂ ਕਿ ਆਮਦ, ਨਿਕਾਸੀ ਅਤੇ ਜਲ-ਭੰਡਾਰ ਪੱਧਰ, ਜਨਤਕ ਡੋਮੇਨ ਵਿੱਚ ਰੱਖਣਾ ਬੰਦ ਕਰ ਦਿੱਤਾ, ਹਾਲਾਂ ਕਿ ਇਸ ਦੌਰਾਨ ਹੜ੍ਹਾਂ ਦਾ ਜੋਖਮ ਵਧ ਰਿਹਾ ਸੀ ਅਤੇ ਭਾਰੀ ਬਾਰਿਸ਼ ਸੰਬੰਧੀ ਵਾਰ-ਵਾਰ ਚੇਤਾਵਨੀਆਂ ਜਾਰੀ ਹੋ ਰਹੀਆਂ ਸਨ । ਪੀ.ਏ.ਸੀ ਮੈਂਬਰ ਜਸਕੀਰਤ ਸਿੰਘ ਅਤੇ ਕਪਿਲ ਅਰੋੜਾ ਨੇ ਕਿਹਾ ਕਿ ਇਹ ਮਾਮਲਾ ਬੁਨਿਆਦੀ ਤੌਰ 'ਤੇ ਪਾਰਦਰਸ਼ਤਾ ਅਤੇ ਜਨਤਕ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਟ੍ਰਿਬਿਊਨਲ ਨੇ ਪਹਿਲੀ ਸੁਣਵਾਈ ਦੌਰਾਨ ਸਾਡੇ ਡਾਟਾ ਦੇ ਸਰੋਤ ਬਾਰੇ ਸਪਸ਼ਟੀਕਰਨ ਮੰਗਿਆ ਸੀ, ਜੋ ਅਸੀਂ ਹਲਫ਼ਨਾਮੇ ਰਾਹੀਂ ਦੇ ਦਿੱਤਾ।

# ਪਿਛਾਖੜੀ ਮਨੂੰਵਾਦੀ ਸੋਚ 'ਤੇ ਪਹਿਰਾ ਦਿੰਦਿਆਂ ਮੋਦੀ ਸਰਕਾਰ ਨੇ ਮਨਰੇਗਾ ਸਕੀਮ ਨੂੰ ਕੀਤਾ ਖਤਮ : ਚੌਹਾਨ/ਉੱਡਤ

**ਮਾਨਸਾ (ਪਮਾਰ)** ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ ਦੀ ਥਾਂ ਲੈਣ ਲਈ ਇੱਕ ਨਵਾਂ ਪੇਂਡੂ ਰੁਜ਼ਗਾਰ ਬਿੱਲ ਲਿਆਉਣਾ ਮਨਰੇਗਾ ਕਾਨੂੰਨ ਦਾ ਭੋਗ ਪਾਉਣ ਦੀ ਯੋਜਨਾ ਤੇ ਮਜ਼ਦੂਰ ਵਿਰੋਧੀ ਕਦਮ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ.ਪੀ.ਆਈ ਦੇ ਜ਼ਿਲ੍ਹਾ ਸਾਥੀ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਕਾਨੂੰਨ 'ਚੋਂ ਮਹਾਤਮਾ ਗਾਂਧੀ ਦਾ ਨਾਮ ਜਾਣ-ਬੁੱਝ ਕੇ ਹਟਾਉਣਾ ਸਿਰਫ਼ ਇੱਕ ਪ੍ਰਸ਼ਾਸਕੀ ਤਬਦੀਲੀ ਨਹੀਂ ਹੈ, ਸਗੋਂ ਇੱਕ ਡੂੰਘਾ ਫ਼ਾਸ਼ੀਵਾਦੀ ਵਿਚਾਰਧਾਰਕ ਕੰਮ ਹੈ, ਜੋ ਗਾਂਧੀ ਜੀ ਦੀਆਂ ਕਦਰਾਂ-ਕੀਮਤਾਂ ਤੇ ਵਿਰਾਸਤ ਪ੍ਰਤੀ ਭਾਜਪਾ ਦੀ ਨਫ਼ਰਤ ਨੂੰ ਉਜਾਗਰ ਕਰਦਾ ਹੈ।ਇਹ ਐਕਟ ਉਸ ਗੱਲ ਦੀ ਪੁਸ਼ਟੀ ਕਰਦਾ ਹੈ, ਜੋ ਭਾਰਤ ਦੇ ਲੋਕ ਪਹਿਲਾਂ ਹੀ ਜਾਣਦੇ ਹਨ ਕਿ ਭਾਜਪਾ ਤੇ ਇਸਦੇ ਵਿਚਾਰਧਾਰਕ ਸਲਾਹਕਾਰ ਅਸਲ ਵਿੱਚ ਨੱਥੂ ਰਾਮ ਗੋਡਸੇ ਦੇ ਸੱਚੇ ਚੇਲੇ ਹਨ।ਇੱਕ ਅਧਿਕਾਰ ਅਧਾਰਤ ਕਾਨੂੰਨ ਨੂੰ ਖਤਮ ਕਰਕੇ ਤੇ ਇਸ ਨੂੰ ਇੱਕ ਵਿਵੇਕਸ਼ੀਲ ਯੋਜਨਾ ਵਿੱਚ ਬਦਲ ਕੇ ਸਰਕਾਰ ਗਾਰੰਟੀਸ਼ੁਦਾ ਰੁਜ਼ਗਾਰ ਦੇ ਵਿਚਾਰ ਨੂੰ ਕਮਜ਼ੋਰ ਕਰ ਰਹੀ ਹੈ ਤੇ ਪੇਂਡੂ ਮਜ਼ਦੂਰਾਂ ਨੂੰ ਸਰਕਾਰੀ ਕੋਟੇ ਅਤੇ ਠੇਕੇਦਾਰਾ ਵਲੋ ਚਲਾਏ ਜਾਣ ਵਾਲੇ ਤੰਤਰਾਂ ਦੇ ਰਹਿਮ 'ਤੇ ਛੱਡ ਰਹੀ ਹੈ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਖੱਬੇ-ਪੱਖੀਆਂ ਦੇ ਸਮਰਥਨ ਨਾਲ ਯੂਪੀਏ ਸਰਕਾਰ ਦੁਆਰਾ ਲਾਗੂ ਕੀਤਾ ਗਿਆ ਮਗਨਰੇਗਾ, ਸਾਡੇ ਗਣਰਾਜ ਦੇ ਇਤਿਹਾਸ ਵਿੱਚ ਇੱਕ ਵੱਡਾ ਮੀਲ ਪੱਥਰ ਹੈ ਤੇ ਕੰਮ ਦੇ



ਅਧਿਕਾਰ ਦੀ ਸੰਵਿਧਾਨਕ ਧਾਰਨਾ ਦਾ ਇੱਕ ਅਧਾਰ ਹੈ।ਇਹ ਸਿੱਧੇ ਤੌਰ 'ਤੇ ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਤੋਂ ਵਗਦਾ ਹੈ, ਜੋ ਰਾਜ ਨੂੰ ਸਾਰੇ ਨਾਗਰਿਕਾਂ ਨੂੰ ਰੋਜ਼ੀ-ਰੋਟੀ ਦੇ ਸਾਧਨ ਪ੍ਰਦਾਨ ਕਰਨ ਲਈ ਯਤਨਸ਼ੀਲ ਰਹਿਣ ਦਾ ਆਦੇਸ਼ ਦਿੰਦਾ ਹੈ।ਇਸ ਐਕਟ ਨੇ ਪੇਂਡੂ ਭਾਰਤ ਵਿੱਚ ਇੱਕ ਫਲੋਰ ਵੇਜ ਨੂੰ ਸੰਸਥਾਗਤ ਬਣਾਇਆ ਤੇ ਇਸ ਦੀਆਂ ਵਿਵਸਥਾਵਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਾਲ ਪੇਂਡੂ ਮਜ਼ਦੂਰਾਂ ਦਾ ਸੋਸ਼ਣ ਵਧੇਗਾ।ਇੱਕ ਅਜਿਹੇ ਸਮੇਂ ਵਿੱਚ ਜਦੋਂ ਆਰਟੀਫੀਸ਼ੀਅਲ ਇੰਟੈਲੀਜੈਂਸ (19) ਤੇ ਆਟੋਮੇਸ਼ਨ ਸ਼ਹਿਰੀ ਖੇਤਰਾਂ ਅਤੇ ਪੜ੍ਹੇ-ਲਿਖੇ ਲੋਕਾਂ ਵਿੱਚ ਨੌਕਰੀਆਂ ਨੂੰ ਤਬਾਹ ਕਰ ਰਹੇ ਹਨ। ਸਮੇਂ ਦੀ ਲੋੜ ਮਨਰੇਗਾ ਦੇ ਦਾਇਰੇ ਨੂੰ ਸ਼ਹਿਰੀ ਖੇਤਰਾਂ ਤੱਕ ਵਧਾਉਣ ਦੀ ਹੈ, ਨਾ ਕਿ ਪੇਂਡੂ ਭਾਰਤ ਵਿੱਚ ਇਸਦੇ ਦ੍ਰਿਸ਼ਟੀਕੋਣ ਤੇ ਸੁਰੱਖਿਆ ਨੂੰ ਤਬਾਹ ਕਰਨ ਦੀ। ਕਾਗਜ਼ਾਂ 'ਤੇ ਇਹ ਦਾਅਵਾ ਕਰਦੇ ਹੋਏ ਕਿ ਕੰਮ ਦੇ ਦਿਨ ਪ੍ਰਤੀ ਸਾਲ 125 ਤੱਕ ਵਧਾ ਦਿੱਤੇ ਜਾਣਗੇ, ਪ੍ਰਸਤਾਵਤ ਬਿੱਲ ਯੋਜਨਾ ਦੀ ਮੰਗ-ਅਧਾਰਤ ਪ੍ਰਕਿਰਤੀ ਨੂੰ ਹਟਾ ਦਿੰਦਾ ਹੈ, ਜਿਸ ਨਾਲ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਮੰਗ ਕਰਨ ਦੇ ਉਨ੍ਹਾਂ ਦੇ ਅਧਿਕਾਰ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਵਾਂਝਾ ਕਰ ਦਿੱਤਾ ਜਾਵੇਗਾ।ਇਸ ਨਾਲ ਮਜ਼ਦੂਰ ਠੇਕੇਦਾਰਾਂ, ਸਥਾਨਕ ਅਧਿਕਾਰੀਆਂ ਤੇ ਲੈਂਡਲਾਰਡਾਂ ਦੇ ਤਰਸ ਉਤੇ ਹੋ ਜਾਣਗੇ।ਮਨਰੇਗਾ ਨੇ ਪੇਂਡੂ ਮੰਗ ਨੂੰ ਕਾਇਮ ਰੱਖਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਤੇ ਕਈ ਮੌਕਿਆਂ 'ਤੇ ਭਾਰਤੀ ਅਰਥਵਿਵਸਥਾ ਨੂੰ ਮੰਦੀ ਦੇ ਦਬਾਅ ਤੋਂ ਬਚਾਇਆ ਹੈ, ਖਾਸ ਤੌਰ 'ਤੇ ਕੋਵਿਡ ਸੰਕਟ ਦੌਰਾਨ। ਨਵਾਂ ਬਿੱਲ 40% ਵਿੱਤੀ ਬੋਝ ਰਾਜ ਸਰਕਾਰਾਂ 'ਤੇ ਵੀ ਪਾਉਂਦਾ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਰਾਜ ਸਰਕਾਰਾ ਪਹਿਲਾਂ ਹੀ ਨੁਕਸਦਾਰ ਜੀਐਸਟੀ ਡਿਜ਼ਾਈਨ, ਕੇਂਦਰ ਸਰਕਾਰ ਦੀ ਉਦਾਸੀਨਤਾ ਤੇ ਰਾਜਨੀਤਕ ਬਦਲਾਖੋਰੀ ਕਾਰਨ ਗੰਭੀਰ ਵਿੱਤੀ ਤਣਾਅ ਦਾ ਸਾਹਮਣਾ ਕਰ ਰਹੀਆਂ ਹਨ।ਅਜਿਹੀ ਦੂਰਗਾਮੀ ਤਬਦੀਲੀ ਕਦੇ ਵੀ ਵਿਆਪਕ ਸਲਾਹ-ਮਸ਼ਵਰੇ ਅਤੇ ਤਨਖਾਹਾਂ ਵਧਾਉਣ ਤੇ ਗਾਰੰਟੀਸ਼ੁਦਾ ਕੰਮ ਦੇ ਦਿਨਾਂ 'ਤੇ ਸਪੱਸ਼ਟ ਧਿਆਨ ਕੇਂਦਰਿਤ ਕੀਤੇ ਬਿਨਾਂ ਪੇਸ਼ ਨਹੀਂ ਕੀਤੀ ਜਾਣੀ ਚਾਹੀਦੀ ਸੀ।ਸੀਪੀਆਈ ਦਾਅਵਾ ਕਰਦੀ ਹੈ ਕਿ ਇਸ ਮਜ਼ਦੂਰ-ਵਿਰੋਧੀ ਅਤੇ ਸੰਵਿਧਾਨ-ਵਿਰੋਧੀ ਕਦਮ ਦਾ ਦੇਸ਼ ਭਰ ਦੇ ਮਜ਼ਦੂਰਾਂ ਤੇ ਲੋਕਤੰਤਰੀ ਤਾਕਤਾ ਨੂੰ ਏਕਤਾ ਕਰਕੇ ਸੰਘਰਸ਼ ਦਾ ਸੱਦਾ ਦਿੱਤਾ।

# ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਵੱਲੋਂ ਸੀ ਐੱਚ ਸੀ ਤ੍ਰਿਪੜੀ ਦਾ ਦੌਰਾ



**ਪਟਿਆਲਾ (ਰਾਜਿੰਦਰ ਥਿੰਦ)** ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਾਉਣ ਅਤੇ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲੈਣ ਲਈ ਸਿਵਲ ਸਰਜਨ ਡਾ. ਸੰਜੇ ਗੋਇਲ ਵੱਲੋਂ ਸੀ.ਐਚ.ਸੀ ਤ੍ਰਿਪੜੀ ਦਾ ਦੌਰਾ ਕੀਤਾ ਗਿਆ।ਦੌਰੇ ਦੌਰਾਨ ਸਭ ਤੋਂ ਪਹਿਲਾ ਉਹਨਾਂ ਵੱਲੋਂ ਸਟਾਫ ਦੀ ਹਾਜ਼ਰੀ ਚੈੱਕ ਕੀਤੀ।ਉਨ੍ਹਾਂ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਮਰੀਜ਼ਾਂ ਤੋਂ ਹਸਪਤਾਲ ਵਿੱਚ ਉਨ੍ਹਾਂ ਦੇ ਕੀਤੇ ਜਾ ਰਹੇ ਇਲਾਜ ਬਾਰੇ ਜਾਣਕਾਰੀ ਲਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਗਰਭਵਤੀ ਔਰਤਾਂ ਦੇ ਇਲਾਜ ਵਿੱਚ ਕਿਸੇ ਤਰ੍ਹਾਂ ਦਾ ਵੀ ਮਰੀਜ਼ ਦਾ ਨੁਕਸਾਨ ਨਾ ਹੋਵੇ , ਇਸ ਨੂੰ ਯਕੀਨੀ ਬਣਾਉਣ ਲਈ ਸਟਾਫ ਨੂੰ ਨਿਰਦੇਸ਼ਤ ਕੀਤਾ।ਉਨ੍ਹਾਂ ਸੀ.ਐਚ.ਸੀ ਦੇ ਐਮਰਜੈਂਸੀ, ਡੇਂਗੂ ਵਾਰਡ, ਮੇਲ ਫੀਮੇਲ ਵਾਰਡ, ਲੇਬਰ ਰੂਮ ਆਦਿ ਦਾ ਵੀ ਨਿਰੀਖਣ ਕੀਤਾ। ਵਾਰਡਾਂ ਦੇ ਦੌਰੇ ਦੌਰਾਨ ਉਨ੍ਹਾਂ ਦਾਖਲ ਮਰੀਜ਼ਾਂ ਦਾ ਹਾਲਚਾਲ ਪੁੱਛਿਆ ਅਤੇ ਹਸਪਤਾਲ ਵਿਚ ਡਾਇਲਿਸਿਸ ਦੀਆਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਵੀ ਜਾਇਜ਼ਾ ਲਿਆ।ਉਨ੍ਹਾਂ ਐਮਰਜੈਂਸੀ ਵਿੱਚ ਵਰਤਣ ਲਈ ਰੱਖੀਆਂ ਦਵਾਈਆਂ ਦੀ ਐਕਸਪਾਇਰੀ ਵੀ ਚੈੱਕ ਕੀਤੀ।ਉਨ੍ਹਾਂ ਸਬੰਧਤ ਇੰਚਾਰਜ ਨੂੰ ਕਿਹਾ ਕਿ ਐਮਰਜੈਂਸੀ ਵਿੱਚ ਦਵਾਈਆਂ ਦੀ ਕਿਸੇ ਕਿਸਮ ਦੀ ਘਾਟ ਨਹੀ ਹੋਣੀ ਚਾਹੀਦੀ।

# ਨੋਟੀਫਿਕੇਸ਼ਨ ਲਈ ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ ਪੰਜਾਬ ਸਰਕਾਰ ਦੀ ਸ਼ਲਾਘਾ

**ਮੋਗਾ (ਇਕਬਾਲ ਸਿੰਘ ਖਹਿਰਾ)**- ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਮੁੱਖ ਬੁਲਾਰੇ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਜਥੇਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਪੰਜਾਬ ਸਰਕਾਰ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਨੂੰ ਪਵਿੱਤਰ ਸ਼ਹਿਰ ਐਲਾਨਣ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਦੇ ਇਤਿਹਾਸਕ ਫੈਸਲੇ ਦਾ ਤਹਿ ਦਿਲੋਂ ਸਵਾਗਤ ਕੀਤਾ ਹੈ ਅਤੇ ਇਸ ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ ।ਸਰਕਾਰ ਨੇ ਇਹ ਨੋਟੀਫਿਕੇਸ਼ਨ ਜਾਰੀ ਕਰਕੇ ਪੂਰੇ ਸਿੱਖ ਪੰਥ ਦੀਆਂ ਭਾਵਨਾਵਾਂ ਦਾ ਸਨਮਾਨ ਕੀਤਾ ਹੈ। ਇਹ ਉਨ੍ਹਾਂ ਪੰਥਕ ਮੰਗਾਂ ਦੀ ਪੂਰਤੀ ਹੈ ਜਿਨ੍ਹਾਂ ਨੂੰ ਲੰਮੇ ਸਮੇਂ ਤੋਂ ਅਣਗੌਲਿਆ ਕੀਤਾ ਜਾ ਰਿਹਾ ਸੀ।



# ਆਜ਼ਾਦ ਉਮੀਦਵਾਰ ਗੁਰਪ੍ਰੀਤ ਗੋਪੀ ਜੇਤੂ



**ਲੌਂਗੋਵਾਲ, (ਪ੍ਰਦੀਪ ਸੱਪਲ)** ਬਲਾਕ ਸੰਮਤੀ ਢੱਡਰੀਆਂ ਤੋਂ ਕਾਂਗਰਸ ਸਮਰਥਕ ਆਜ਼ਾਦ ਉਮੀਦਵਾਰ ਗੁਰਪ੍ਰੀਤ ਗੋਪੀ ਨੇ 'ਆਪ' ਉਮੀਦਵਾਰ ਬਲਵਿੰਦਰ ਸਿੰਘ ਨੂੰ ਕਰੀਬ 200 ਵੋਟ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ।ਇਸ ਦੌਰਾਨ ਸੀਨੀਅਰ ਕਾਂਗਰਸੀ ਆਗੂ ਰਾਜਿੰਦਰ ਦੀਪਾ ਨੇ ਸਿਰੋਪਾਓ ਪਾ ਕੇ ਸਵਾਗਤ ਕੀਤਾ।

# ਮਨੀ ਚੇਂਜਰ ਦੀ ਦੁਕਾਨ 'ਤੇ ਹੋਈ ਲੁੱਟ ਨੂੰ ਲੈ ਕੇ ਦੁਕਾਨਦਾਰਾਂ ਵੱਲੋਂ ਧਰਨਾ



**ਮਾਹਿਲਪੁਰ (ਸ਼ਫ਼ਰੀ)**

ਮਨੀ ਚੇਂਜਰ ਦੀ ਦੁਕਾਨ ਤੇ ਪਿਸਤੌਲ ਦੀ ਨੋਕ ਅਤੇ ਤੇਜ ਹਥਿਆਰ ਨਾਲ ਹੋਈ ਲੱਖਾ ਦੀ ਲੁੱਟ ਨੂੰ ਲੈ ਕੇ ਮਾਹਿਲਪੁਰ ਦੇ ਦੁਕਾਨਦਾਰਾਂ ਵੱਲੋ ਮੇਨ ਚੌਕ ਵਿਚ ਧਰਨਾ ਦੇ ਕੇ ਪ੍ਰਸ਼ਾਸਨ ਅਤੇ ਸਰਕਾਰ ਵਿਰੁੱਧ ਜੰਮਕੇ ਨਾਆਰੇਬਾਜੀ ਕੀਤੀ ਤੇ ਧਰਨਾ ਦਿੱਤਾ। ਦੁਕਾਨਦਾਰਾਂ ਨੇ ਮੰਗ ਕੀਤੀ ਕਿ ਲੁਟੇਰਿਆਂ ਨੂੰ ਤੁਰੰਤ ਗ੍ਰਿਫਤਾਰ ਕਰੋ। ਦੋ ਘੰਟੇ ਤੱਕ ਜਾਮ ਲੱਗਾ ਰਿਹਾ। ਡੀ ਐੱਸ ਪੀ ਜਗੀਰ ਸਿੰਘ ਨੇ ਭਰੋਸਾ ਦੇਣ ਤੇ ਜਾਮ ਖੋਲਿਆ।ਮੌਕੇ ਤੇ ਕੀਤੀ ਜਾਣਕਾਰੀ ਅਨੁਸਾਰ ਮਨੀ ਚੇਂਜਰ ਦੀ ਦਕਾਨ ਤੇ ਪਿਸਤੌਲ ਅਤੇ ਤੇਜ਼ ਹਥਿਆਰ ਨਾਲ ਹੋਈ ਲੱਖਾਂ ਦੀ ਲੁੱਟ ਨੂੰ ਲੈ ਕੇ ਦੁਕਾਨਦਾਰਾਂ ਵੱਲੋਂ ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਨਰੇਸ਼ ਕੁਮਾਰ ਲਵਲੀ ਦੀ ਪ੍ਰਧਾਨਗੀ ਹੇਠ ਚੇਤਨ ਸੈਣੀ, ਮੁਨੀਸ਼ ਕੁਮਾਰ, ਵਿਜੈ ਕੁਮਾਰ, ਰੀਟਾ ਰਾਣੀ,ਮਦਨ ਹਾਂਡਾ, ਵਿੱਕੀ ਤਨੇਜਾ, ਅਮਰਜੀਤ ਸਿੰਘ ਭਾਜਪਾ ਆਗੂ, ਚੌਧਰੀ ਗੁਰਨਾਮ ਸਿੰਘ ਬਸਪਾ ਆਗੂ,ਤਲਵਿੰਦਰ ਸਿੰਘ ਹੀਰ, ਰਸ਼ਪਾਲ ਲਾਲੀ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਾਹਿਲਪੁਰ ਵਿਚ ਪਹਿਲਾਂ ਵੀ ਕਈ ਦੁਕਾਨਾਂ ਦੇ ਤਾਲੇ ਤੋੜ ਕੇ ਲੁੱਟ ਕੀਤੀ ਗਈ ਪਰਪੁਲਸ ਚੋਰਾਂ ਨੂੰ ਫੜਨ ਵਿਚ ਅਸਫਲ ਰਹੀ ਹੈ । ਉਨ੍ਹਾਂ ਕਿਹਾ ਕਿ ਹਥਿਆਰ ਬੰਦ ਲੁਟੇਰਿਆਂ ਵਲੋਂ ਮਨੀ ਚੇਂਜਰ ਨਿਊ ਸੋਢੀ ਵਿਜੈ ਕੁਮਾਰ ਦੀ ਪਿਸਤੌਲ ਅਤੇ ਤੇਜਧਾਰ ਹਥਿਆਰ ਨਾਲ ਲੈਸ ਤਿੰਨ ਲੁਟੇਰਿਆਂ ਨੇ ਮਾਰਕੁੱਟ ਕਰਕੇ ਲੱਖਾਂ ਰੁਪਏ ਲੁੱਟ ਕੇ ਲੈ ਗਏ । ਹਥਿਆਰਬੰਦਾਂ ਦੀਆਂ ਤਸਵੀਰਾਂ ਵੀ ਸੀ ਸੀ ਟੀ ਵੀ ਕੈਮਰੇ ਵਿਚ ਕੈਦ ਹੋ ਗਈਆਂ। ਦੋ ਘੰਟੇ ਤੱਕ ਜਾਮ ਲੱਗਣ ਨਾਲ ਗੱਡੀਆਂ ਦਾ ਇਕ ਕਿਲੋਮੀਟਰ ਤੱਕ ਜਾਮ ਲੱਗ ਗਿਆ ਜਿਸ ਨਾਲ ਰਾਹਗੀਰਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਥਾਣਾ ਮਾਹਿਲਪੁਰ ਦੇ ਮੁੱਖੀ ਨੇ ਜਾਮ ਖੁਲਵਾਉਣ ਦੀ ਕੋਸ਼ਿਸ਼ ਕੀਤੀ ਪਰ ਦੁਕਾਨਦਾਰ ਨਾ ਮੰਨੇ। ਡੀ ਐਸ ਪੀ ਜਗੀਰ ਸਿੰਘ ਹੁਸ਼ਿਆਰਪੁਰ ਨੇ ਲੁਟੇਰਿਆਂ ਨੂੰ ਦੋ ਦਿਨ ਵਿਚ ਟਰੇਸ ਕਰਨ ਦਾ ਭਰੋਸਾ ਦੇਣ ਤੇ ਧਰਨਾਕਾਰੀਆ ਨੇ ਧਰਨਾ ਚੁੱਕਿਆ।

# ਲਿਵਾਸਾ ਹਸਪਤਾਲ ਨੇ ਐਡਵਾਂਸਡ ਇਮੇਜਿੰਗ ਟੈਕਨੋਲੋਜੀ ਆਈ ਵੀ ਯੂ ਐੱਸ ਲਾਂਚ ਕੀਤੀ



**ਮੋਹਾਲੀ, (ਗੁਰਜੀਤ ਬਿੱਲਾ)**

ਦਿਲ ਦੀਆਂ ਪ੍ਰਕਿਰਿਆਵਾਂ ਦੀ ਸੁਰੱਖਿਆ ਅਤੇ ਸਫਲਤਾ ਦਰ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣ ਦੇ ਸਮਰੱਥ ਇੰਟਰਾਵੈਸਕੁਲਰ ਅਲਟਰਾਸਾਊਂਡ (ਆਈ ਵੀ ਯੂ ਐੱਸ) ਨੂੰ ਬੁੱਧਵਾਰ ਨੂੰ ਲਿਵਾਸਾ ਹਸਪਤਾਲ ਵਿਖੇ ਲਾਂਚ ਕੀਤਾ ਗਿਆ।ਐਸੋਸੀਏਟ ਡਾਇਰੈਕਟਰ-ਕਾਰਡੀਓਲੋਜੀ ਡਾ. ਰਵੀ ਕੁਮਾਰ ਵੀ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਆਈ ਵੀ ਯੂ ਐੱਸ ਕੋਰੋਨਰੀ ਨਾੜੀਆਂ ਦੇ ਅੰਦਰੋਂ ਰੀਅਲ-ਟਾਈਮ, 360-ਡਿਗਰੀ ਚਿੱਤਰਾਂ ਪ੍ਰਦਾਨ ਕਰਨ ਲਈ ਇੱਕ ਕੈਥੀਟਰ 'ਤੇ ਇੱਕ ਮਿਨੀਏਚਰ ਅਲਟਰਾਸਾਊਂਡ ਪੜਤਾਲ ਦੀ ਵਰਤੋਂ ਕਰਦੀ ਹੈ। ਐਂਜੀਓਗ੍ਰਾਫੀ ਦੇ ਉਲਟ, ਜੋ ਕਿ ਸਿਰਫ ਦੋ-ਅਯਾਮੀ ਰੂਪਰੇਖਾ ਪ੍ਰਦਾਨ ਕਰਦੀ ਹੈ, ਆਈਵੀਯੂਐਸ ਨਸਾਂ ਵਿੱਚ ਬਲਾਕਿਜ ਜਮਾਵ ਦੀ ਬਣਤਰ, ਧਮਣੀ ਦੇ ਆਕਾਰ, ਰੁਕਾਵਟ ਦੀ ਗੰਭੀਰਤਾ ਅਤੇ ਸਟੈਂਟ ਸਥਿਤੀ ਬਾਰੇ ਵਿਸਥਾਰਪੂਰਵਕ ਸਮਝ ਪ੍ਰਦਾਨ ਕਰਦਾ ਹੈ ।ਇਸ ਦੇ ਨਤੀਜੇ ਵਜੋਂ ਇਲਾਜ ਦੇ ਵਧੇਰੇ ਸਹੀ ਫੈਸਲੇ ਅਤੇ ਮਰੀਜ਼ ਦੀ ਸੁਰੱਖਿਆ ਵਿੱਚ ਸੁਧਾਰ ਹੁੰਦਾ ਹੈ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਚਿੱਪ ਵਾਲੇ ਮੀਟਰ ਲਗਾਉਣ ਦਾ ਵਿਰੋਧ

**ਕਾਲਾ ਸੰਘਿਆਂ (ਮਨਜੀਤ ਮਾਨ)**

ਜ਼ਿਲ੍ਹਾ ਕਪੂਰਥਲਾ ਦੇ ਅਧੀਨ ਪੈਂਦੇ ਕਸਬਾ ਕਾਲਾ ਸੰਘਿਆਂ ਵਿਖੇ ਕਿਰਤੀ ਕਿਸਾਨ ਯੂਨੀਅਨ ਦੇ ਇਲਾਕਾ ਕਮੇਟੀ ਪ੍ਰਧਾਨ ਪਲਵਿੰਦਰ ਸਿੰਘ ਸੰਘਾ ਤੇ ਜਨਰਲ ਸਕੱਤਰ ਕਸ਼ਮੀਰ ਸਿੰਘ ਸੋਢੀ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਉਕਤ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਪੰਜਾਬ ਪਾਵਰਕੌਮ ਦੇ ਉੱਚ ਅਧਿਕਾਰੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਪਾਵਰਕੌਮ ਦੇ ਅਧਿਕਾਰੀ ਖਪਤਕਾਰਾਂ ਦੇ ਘਰਾਂ ਵਿੱਚ ਚਿੱਪ ਵਾਲੇ ਮੀਟਰ ਨਾ ਲਗਾਉਣ। ਉਕਤ ਆਗੂਆਂ ਨੂੰ ਕਿਹਾ ਕਿ ਚਿੱਪ ਵਾਲੇ ਮੀਟਰ ਲਗਾਉਣ ਨਾਲ ਖਪਤਕਾਰਾਂ ਦੇ ਬਿਜਲੀ ਦੇ ਬਿੱਲ ਵੱਧ ਆ ਰਹੇ ਹਨ ਜਾਂ ਆਪਣੇ ਆਪ ਚੱਲ ਰਹੇ ਹਨ। ਪ੍ਰਧਾਨ ਪਲਵਿੰਦਰ ਸਿੰਘ ਸੰਘਾ ਨੇ ਪਾਵਰਕੌਮ ਦੇ ਅਧਿਕਾਰੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਖਪਤਕਾਰਾਂ ਦੇ ਘਰਾਂ ਵਿੱਚ ਚਿੱਪ ਵਾਲੇ ਮੀਟਰ ਨਾ ਲਗਾਉਣ। ਉਨ੍ਹਾਂ ਪਾਵਰਕੌਮ ਦੇ ਅਧਿਕਾਰੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਪਾਵਰਕੌਮ ਇੱਕ ਮਹੀਨੇ ਦੇ ਵਿੱਚ ਵਿੱਚ ਚਿੱਪ ਵਾਲੇ ਮੀਟਰਾਂ ਨੂੰ ਖਪਤਕਾਰਾਂ ਦੇ ਘਰਾਂ ਵਿੱਚੋਂ ਚਿੱਪ ਵਾਲੇ ਮੀਟਰਾਂ ਨੂੰ ਉਤਾਰੇ ਨਹੀਂ ਤਾਂ ਮਜਬੂਰਨ ਉਨ੍ਹਾਂ ਨੂੰ ਜਥੇਬੰਦੀ ਦੇ ਜੋ ਵੀ ਹੁਕਮ ਹੋਣਗੇ ਉਹ ਚਿੱਪ ਵਾਲੇ



ਮੀਟਰਾਂ ਨੂੰ ਪੁੱਟ ਕੇ ਪੰਜਾਬ ਪਾਵਰਕੌਮ ਦੇ ਦਫ਼ਤਰਾਂ ਵਿੱਚ ਜਮ੍ਹਾਂ ਕਰਵਾਉਣਗੇ। ਇਸ ਮੌਕੇ ਪ੍ਰਧਾਨ ਪਲਵਿੰਦਰ ਸਿੰਘ ਸੰਘਾ ਨੇ ਖਪਤਕਾਰਾਂ ਨੂੰ ਜਥੇਬੰਦੀ ਦਾ ਸਾਥ ਦੇਣ ਤੇ ਆਪਣੇ ਘਰਾਂ ਵਿੱਚ ਚਿੱਪ ਵਾਲੇ ਮੀਟਰ ਨਾ ਲੱਗਣ ਦੇਣ ਦੀ ਅਪੀਲ ਕੀਤੀ। ਇਸ ਮੌਕੇ ਸਰਬਨ ਸਿੰਘ ਸੰਘਾ, ਗੁਰਮੇਲ ਸਿੰਘ ਗੋਲੀ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਇਸ ਮੌਕੇ ਤੇ ਹਾਜ਼ਿਰ ਸਨ।

# ਲਿਵਾਸਾ ਹਸਪਤਾਲ ਦੇ ਡਾਕਟਰਾਂ ਨੇ ਵੱਡੇ ਹਾਰਟ ਟਿਊਮਰ ਨੂੰ ਸਫਲਤਾਪੂਰਵਕ ਹਟਾਇਆ



**ਮੋਹਾਲੀ (ਗੁਰਜੀਤ ਬਿੱਲਾ)**-ਲਿਵਾਸਾ ਹਸਪਤਾਲ, ਮੋਹਾਲੀ 'ਚ ਕਾਰਡੀਓਥੋਰਾਸਿਕ ਅਤੇ ਵੈਸਕੁਲਰ ਸਰਜਰੀ ਦੇ ਸਲਾਹਕਾਰ ਡਾ. ਇਸ਼ਾਂਤ ਸਿੰਗਲਾ ਅਤੇ ਉਨ੍ਹਾਂ ਦੀ ਟੀਮ ਨੇ ਐਂਡੋਸਕੋਪਿਕ ਮਿਨੀਮਲੀ ਇਨਵੇਸਿਵ ਕਾਰਡੀਅਕ ਸਰਜਰੀ ਰਾਹੀਂ ਲਗਭਗ 5 ਸੈਂਟੀਮੀਟਰ ਆਕਾਰ ਦੇ ਵੱਡੇ ਖੱਬੇ ਐਟਰੀਅਲ ਮਾਈਕਸੋਮਾ ਨੂੰ ਸਫਲਤਾਪੂਰਵਕ ਹਟਾ ਦਿੱਤਾ। ਖੱਬਾ ਐਟਰੀਅਲ ਮਾਈਕਸੋਮਾ ਇੱਕ ਦੁਰਲੱਭ ਪਰ ਸੰਭਾਵਤ ਤੌਰ 'ਤੇ ਜਾਨਲੇਵਾ ਹਾਰਟ ਟਿਊਮਰ ਹੈ । ਜੇ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਖਤਰਨਾਕ ਹੋ ਸਕਦਾ ਹੈ ਅਤੇ ਸਟ੍ਰੋਕ, ਦਿਲ ਦੀ ਅਸਫਲਤਾ ਜਾਂ ਅਚਾਨਕ ਦਿਲ ਦੀਆਂ ਪੇਚੀਦਗੀਆਂ ਦਾ ਕਾਰਨ ਬਣ ਸਕਦਾ ਹੈ।ਡਾ. ਇਸ਼ਾਂਤ ਸਿੰਗਲਾ ਨੇ ਕਿਹਾ ਕਿ ਖੱਬੇ ਐਟਰੀਅਲ ਮਾਈਕਸੋਮਾ ਦਾ ਇਲਾਜ ਰਵਾਇਤੀ ਤੌਰ 'ਤੇ ਓਪਨ ਸਟਰਨੋਟੋਮੀ ਦੁਆਰਾ ਕੀਤਾ ਜਾਂਦਾ ਹੈ । ਇਸ ਕੇਸ ਵਿੱਚ, ਛੋਟੇ ਚੀਰੇ, ਘੱਟ ਸਦਮੇ, ਤੇਜ਼ੀ ਨਾਲ ਰਿਕਵਰੀ, ਘੱਟੋ ਘੱਟ ਖੂਨ ਦੇ ਨੁਕਸਾਨ, ਅਤੇ ਬਿਹਤਰ ਕਾਸਮੈਟਿਕ ਨਤੀਜਿਆਂ ਨੂੰ ਯਕੀਨੀ ਬਣਾਉਣ ਅਤੇ ਸਰਜੀਕਲ ਸੁਰੱਖਿਆ ਦੇ ਉੱਚੇ ਮਿਆਰਾਂ ਨੂੰ ਬਣਾਈ ਰੱਖਣ ਲਈ ਮਿਨਮਲੀ ਐਂਡੋਸਕੋਪਿਕ ਤਕਨੀਕ ਦੀ ਵਰਤੋਂ ਕੀਤੀ ਗਈ

# ਆਂਗਣਵਾੜੀ ਵਿਭਾਗ ਵੱਲੋਂ ਜਾਗਰੂਕਤਾ ਕੈਂਪ



**ਹੁਸ਼ਿਆਰਪੁਰ, (ਬਲਵੀਰ ਸੈਣੀ)**

ਡਾਇਰੈਕਟਰ ਸਮਾਜਿਕ ਸੁਰਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਹੇਠ ਜਿਲਾ ਪ੍ਰੋਗ੍ਰਾਮ ਅਫਸਰ ਹੁਸਿਆਰਪੁਰ-1 ਤੇ ਸੀ ਡੀ ਪੀ ਓ ਮੈਡਮ ਰਾਵਿਦੰਰ ਕੌਰ ਦੀ ਅਗਵਾਈ ਹੇਠ ਸਰਕਲ ਸੁਪਰਵਾਈਜਰ ਮੈਡਮ ਸ਼ਰਮੀਲਾ ਰਾਣੀ ਬਲਾਕ ਹੁਸ਼ਿਰਪੁਰ-1 ਸਰਕਲ ਲਾਚੋਵਾਲ ਵਿੱਚ ਪੈਂਦੇ ਪਿੰਡ ਸ਼ੇਰਪੁਰ ਵਿੱਚ ਬਾਲ ਵਿਆਹ ਰੋਕਣ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਆਂਗਨਵਾੜੀ ਵਰਕਰ ਅੰਜਨਾ ਰਾਣੀ ਅਤੇ ਹੋਰ ਪਿੰਡ ਤੋਂ ਆਏ ਪਤਵੰਤੇ ਸੱਜਣ ਤੇ ਔਰਤਾਂ ਨੇ ਭਾਗ ਲਿਆ। ਵਰਕਰ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਤੇ ਬਾਅਦ ਵਿੱਚ ਸੁਪਰਵਾਈਜ਼ਰ ਸ਼ਰਮੀਲਾ ਰਾਣੀ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਉਹਨਾਂ ਦੱਸਿਆ ਕਿ ਬਾਲ ਵਿਆਹ ਇੱਕ ਬਹੁਤ ਵੱਡਾ ਕਾਨੂੰਨੀ ਅਪਰਾਧ ਹੈ ਇਸ ਨੂੰ ਸਾਨੂੰ ਰੋਕਣਾ ਚਾਹੀਦਾ ਹੈ ਰੋਕਥਾਮ ਐਕਟ 2006 ਅਤੇ ਹਾਲ ਵਿੱਚ ਹੀ ਪ੍ਰਸਤਾਵਿਤ ਸੋਧਾਂ ਕੀਤੀਆਂ ਗਈਆਂ ਹਨ। ਭਾਰਤ ਵਿੱਚ ਵਿਆਹ ਦੀ ਸਹੀ ਉਮਰ ਲੜਕੀ ਦੀ 18 ਸਾਲ ਅਤੇ ਲੜਕੇ ਦੀ ਉਮਰ 21 ਸਾਲ ਹੈ। ਜੇ ਬਾਲ ਵਿਆਹ ਕਰਨ ਵਿੱਚ ਕੋਈ ਉਨਾਂ ਦੀ ਸਹਾਇਤਾ ਕਰਦਾ ਹੈ ਤੇ ਉਹਨਾਂ ਨੂੰ ਦੋ ਸਾਲ ਦੀ ਸਜ਼ਾ ਅਤੇ 1 ਲੱਖ ਰੁਪਏ ਜੁਰਮਾਨਾ ਕੀਤਾ ਜਾਂਦਾ ਹੈ। ਬਾਲ ਵਿਆਹ ਰੋਕਣ ਰੋਕਣ ਲਈ ਸਿੱਖਿਆ ਜਾਗਰੂਕਤਾ ਲੜਕੀਆਂ ਨੂੰ ਕਾਬਲ ਬਣਾਉਣਾ ਆਰਥਿਕ ਅਫਸਰ ਪ੍ਰਦਾਨ ਕਰਨਾ ਅਤੇ ਸਖਤ ਕਾਨੂੰਨੀ ਪਰਿਵਰਤਨ ਜ਼ਰੂਰੀ ਹੈ। ਇਸ ਵਿੱਚ ਚਾਇਲਡ ਹੈਲਪਲਾਈਨ 1098 ਦਾ ਉਪਯੋਗ ਕਰੋ। ਬਾਲ ਵਿਆਹ ਕਰਵਾਉਣ ਦੇ ਸਾਨੂੰ ਬਹੁਤ ਸਾਰੇ ਨੁਕਸਾਨ ਹਨ ਪਹਿਲਾਂ ਤੇ ਲੜਕੀ ਦਾ ਸਰੀਰ ਬਹੁਤ ਕਮਜ਼ੋਰ ਹੁੰਦਾ ਹੈ ਤੇ ਵਿਆਹ ਤੋਂ ਬਾਅਦ ਜਦੋਂ ਲੜਕੀ ਗਰਭ ਧਾਰਨ ਕਰਦੀ ਹੈ ਤਾਂ ਉਸ ਦਾ ਸਰੀਰ ਉਸ ਲਈ ਤਿਆਰ ਨਹੀਂ ਹੁੰਦਾ ਅਤੇ ਮਾਤਾ ਅਤੇ ਬੱਚੇ ਦੀ ਮੌਤ ਦਰ ਬਹੁਤ ਜਿਆਦਾ ਵਧ ਜਾਂਦੀ ਹੈ। ਬਾਲ ਵਿਆਹ ਵਿੱਚ ਨਵਜੰਮੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਹਨ। ਉਹਨਾਂ ਦਾ ਭਾਰ ਘੱਟ ਅਤੇ ਖੂਨ ਦੀ ਕਮੀ ਹੁੰਦੀ ਹੈ।

# ਚੇਅਰਮੈਨ ਗੜ੍ਹੀ ਤੇ ਅਰਵਿੰਦ ਕੇਜਰੀਵਾਲ ਦਰਮਿਆਨ ਮੁਲਾਕਾਤ



**ਬਲਾਚੌਰ (ਜਸਵਿੰਦਰ ਬੈਂਸ)**-ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵੱਲੋਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਇੱਕ ਵਿਸ਼ੇਸ਼ ਮੁਲਾਕਾਤ ਉਹਨਾਂ ਦੀ ਰਿਹਾਇਸ਼ ਦਿੱਲੀ ਵਿਖੇ ਕੀਤੀ ਗਈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨਾਲ ਪੰਜਾਬ ਦੇ ਗਰੀਬਾਂ ਮਜ਼ਲੂਮਾਂ, ਦਲਿਤਾਂ, ਵਿਦਿਆਰਥੀਆਂ, ਮੁਲਾਜ਼ਮ ਵਰਗ ਅਤੇ ਰਿਜ਼ਰਵੇਸ਼ਨ ਦੇ ਮੁੱਦਿਆਂ 'ਤੇ ਗੰਭੀਰ ਚਿੰਤਨ ਮੰਥਨ ਕੀਤਾ ਗਿਆ। ਇਹਨਾਂ ਸਾਰੇ ਮੁੱਦਿਆਂ ਸਬੰਧੀ ਬਕਾਇਦਾ ਇੱਕ ਨੀਤੀਗਤ ਕਿਤਾਬਚਾ ਵੀ ਅਰਵਿੰਦ ਕੇਜਰੀਵਾਲ ਨੂੰ ਸੌਂਪਿਆ ਗਿਆ। ਪਿਛਲੇ ਇੱਕ ਸਾਲ ਵਿੱਚ ਇਹ ਚੌਥੀ ਮੁਲਾਕਾਤ ਕੀਤੀ। ਗੜ੍ਹੀ ਨੇ ਕਿਹਾ ਕਿ ਜੋ ਦੇਸ਼ ਦੀ ਰਾਜਨੀਤੀ ਵਿੱਚ ਸਿਹਤ ਸਿੱਖਿਆ ਤੇ ਰੁਜ਼ਗਾਰ ਦੇ ਮੁੱਦਿਆਂ ਦੀ ਗੱਲ ਚੱਲੀ ਹੈ, ਆਮ ਲੋਕਾਂ ਗਰੀਬਾਂ, ਮਜ਼ਲੂਮਾਂ ਦਲਿਤਾਂ ਪਛੜਿਆਂ ਵਰਗਾਂ ਦੀ ਪਹਿਲੀ ਲੋੜ ਹੈ। ਇਸ ਗੱਲ ਨੂੰ ਪੂਰੀ ਕਰਨ ਲਈ ਮੇਰੀ ਜ਼ਿੰਦਗੀ ਲੇਖੇ ਲੱਗ ਜਾਵੇ। ਪੰਜਾਬ ਦੇ ਹਰ ਪੰਜਾਬੀ ਦੇ ਇਨਸਾਫ ਲਈ ਲੜ ਸਕਾਂ, ਕੁਦਰਤ ਇਹੋ ਜਿਹਾ ਬਲ ਤੇ ਬੁੱਧੀ ਬਖਸ਼ੇ।

## ਸਾਬਕਾ ਐੱਸ ਐੱਚ ਓ ਫਿਲੌਰ ਨੂੰ ਨਹੀਂ ਮਿਲੀ ਜ਼ਮਾਨਤ

**ਫਿਲੌਰ (ਨਿਰਮਲ)**-ਲੋਕ ਇਨਸਾਫ ਮੰਚ ਦੇ ਆਗੂ ਕਾਮਰੇਡ ਜਰਨੈਲ ਫਿਲੌਰ, ਪਰਸ਼ੋਤਮ ਫਿਲੌਰ, ਮਾ: ਹੰਸਰਾਜ, ਰਾਮਜੀ ਦਾਸ, ਸੁਰਜੀਤ ਸਿੰਘ ਤੇਹਿੰਗ, ਰਾਮ ਕ੍ਰਿਸ਼ਨ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਥਾਣਾ ਫਿਲੌਰ ਦੇ ਸਾਬਕਾ ਐਸ.ਐਚ.ਓ ਭੂਸ਼ਣ ਕੁਮਾਰ ਨੂੰ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਜ਼ਮਾਨਤ ਨਾ ਮਿਲਣ 'ਤੇ ਪੁਲਸ ਤੋਂ ਮੰਗ ਕੀਤੀ ਹੈ ਕਿ ਸਾਬਕਾ ਐਸ.ਐਚ.ਓ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਮਾਮਲਾ ਕਥਿਤ ਨਬਾਲਿਗ ਲੜਕੀ ਨਾਲ ਅਣਉਚਿਤ ਵਿਵਹਾਰ ਕਰਨ ਦੇ ਦੋਸ਼ਾਂ ਤਹਿਤ ਪੋਕਸੋ ਐਕਟ ਤਹਿਤ ਕੇਸ ਦਰਜ ਹੈ। ਜੇਕਰ ਪੁਲਸ ਵੱਲੋਂ ਐਸ.ਐਚ.ਓ ਨੂੰ ਤੁਰੰਤ ਗ੍ਰਿਫਤਾਰ ਨਾ ਕੀਤਾ ਤਾਂ ਲੋਕ ਇਨਸਾਫ ਮੰਚ ਤਿੱਖਾ ਅੰਦੋਲਨ ਸ਼ੁਰੂ ਕਰੇਗੀ।

## ਨੰਬਰਦਾਰ ਯੂਨੀਅਨ ਦੀ ਮੀਟਿੰਗ ਭਲਕੇ



**ਨਕੋਦਰ (ਮਨਜੀਤ ਮਾਨ)**-ਨੰਬਰਦਾਰ ਯੂਨੀਅਨ ਤਹਿਸੀਲ ਨਕੋਦਰ ਦੀ ਮਹੀਨਾਵਾਰ ਮੀਟਿੰਗ 19 ਦਸੰਬਰ ਨੂੰ ਸਵੇਰੇ 10 ਵਜੇ ਯੂਨੀਅਨ ਦੇ ਦਫਤਰ ਤਹਿਸੀਲ ਕੰਪਲੈਕਸ ਨਕੋਦਰ ਵਿਖੇ ਹੋਵੇਗੀ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰਾਜ ਕੁਮਾਰ ਮਹਿਮੀ ਜਨਰਲ ਸਕੱਤਰ ਨੰਬਰਦਾਰ ਯੂਨੀਅਨ ਜਲੰਧਰ ਦਿਹਾਤੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਿ ਇਹ ਮੀਟਿੰਗ ਸੁਰਜੀਤ ਸਿੰਘ ਹੇਅਰ ਤਹਿਸੀਲ ਪ੍ਰਧਾਨ ਨਕੋਦਰ ਦੀ ਪ੍ਰਧਾਨਗੀ ਹੇਠ ਕੀਤੀ ਜਾਵੇਗੀ । ਮੀਟਿੰਗ ਵਿੱਚ ਸਰਦਾਰ ਗੁਰਪਾਲ ਸਿੰਘ ਸਮਰਾ ਸੂਬਾ ਪ੍ਰਧਾਨ ਨੰਬਰਦਾਰ ਯੂਨੀਅਨ ਪੰਜਾਬ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚਣਗੇ ਅਤੇ ਹਰਕੰਵਲ ਸਿੰਘ ਮੁੱਧ ਜ਼ਿਲ੍ਹਾ ਪ੍ਰਧਾਨ ਨੰਬਰਦਾਰ ਯੂਨੀਅਨ ਜਲੰਧਰ ਦਿਹਾਤੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚਣਗੇ । ਮੀਟਿੰਗ ਦੌਰਾਨ ਕਈ ਦਹਾਕਿਆਂ ਤੋਂ ਲਟਕਦੀਆਂ ਆ ਰਹੀਆਂ ਨੰਬਰਦਾਰ ਯੂਨੀਅਨ ਦੀਆਂ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

# 'ਵਿਜੇ ਦਿਵਸ' ਸੰਬੰਧੀ ਵਾਰ ਮੈਮੋਰੀਅਲ ਵਿਖੇ ਸਮਾਗਮ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਇਥੇ ਅਲਾਇੰਸ ਕਲੱਬ ਇਨਟਰਨੈਸ਼ਨਲ ਡਿਸਟ੍ਰਿਕ 119 ਅਤੇ ਡਾਈਰੈਕਟੋਰੈਟ ਆਫ ਡਿਫੈਂਸ ਸਰਵਿਸਿਸ ਵੈਲਫੇਅਰ ਪੰਜਾਬ ਵੱਲੋਂ 1971 ਦੀ ਜਿੱਤ 'ਵਿਜੇ ਦਿਵਸ' ਦੇ ਸੰਬੰਧ ਵਿੱਚ ਇੱਕ ਸਮਾਗਮ ਵਾਰ ਮੈਮੋਰੀਅਲ ਹੁਸ਼ਿਆਰਪੁਰ ਵਿਖੇ ਕੀਤਾ ਗਿਆ । ਇਸ ਮੌਕੇ ਤੇ ਅਲਾਇੰਸ ਕਲੱਬ ਇਨਟਰਨੈਸ਼ਨਲ ਦੇ ਇਨਟਰਨੈਸ਼ਨਲ ਡਾਇਰੈਕਟਰ ਐਲੀ ਅਸ਼ੋਕ ਪੁਰੀ ਡਿਸਟ੍ਰਿਕ ਗਵਰਨਰ ਐਲੀ ਵਿਵੇਕ ਸਾਹਨੀ , ਕਰਨਲ ਰਘੁਵੀਰ ਸਿੰਘ, ਕਰਨਲ ਮਲੋਕ ਸਿੰਘ, ਮੇਜਰ ਰਤੀਕਾ ਸ਼ਰਮਾ, ਬ੍ਰਿਗੇਡੀਅਰ ਸੁਰਜੀਤ ਸਿੰਘ ਅਤੇ ਕੈਪਟਨ ਜਤਿੰਦਰ ਸਿੰਘ ਰਾਣਾ ਪ੍ਰੈਜੀਡੈਂਟ ਡਿਫੈਂਸ ਵੈਟ੍ਰਨਜ਼ ਆਰਗੇਨਾਈਜੇਸ਼ਨ ਵਿਸ਼ੇਸ਼ ਤੌਰ ਤੇ ਹਾਜਿਰ ਹੋਏ।ਪ੍ਰੋਗਰਾਮ ਦੇ ਸ਼ੁਰੂ ਵਿੱਚ ਕਰਨਲ ਰਘੁਵੀਰ ਸਿੰਘ ਨੇ 1971 ਦੀ ਜੰਗ ਅਤੇ ਕਾਰਗਲ ਦੀ ਜੰਗ ਵਿੱਚ ਸ਼ਹੀਦ ਹੋਏ ਜਵਾਨਾ ਦੇ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਲੜੀ ਜਾਂਦੀ ਜੰਗ ਵਿੱਚ ਸ਼ਹੀਦ ਹੋਣ ਵਾਲੇ ਜਵਾਨਾ ਨੂੰ ਯਾਦ ਕੀਤਾ । ਇਸ ਮੌਕੇ ਤੇ ਬ੍ਰਿਗੇਡੀਅਰ ਸੁਰਜੀਤ ਸਿੰਘ ਨੇ 1971 ਦੀ ਜੰਗ ਵਿੱਚ ਹੁਸ਼ਿਆਰਪੁਰ ਜਿਲ੍ਹੇ ਦੇ ਸ਼ਹੀਦ ਹੋਏ 108 ਆਰਮੀ ਪਰਸਨਲਸ ਨੂੰ ਯਾਦ ਕੀਤਾ ਅਤੇ ਭਾਰਤੀ ਫੌਜ ਦੇ ਗੌਰਵ ਨੂੰ ਰੌਸ਼ਨ ਕਰਨ ਵਾਲੇ ਸਾਡੇ ਇਤਿਹਾਸ ਤੋਂ ਜਾਣੂ ਕਰਵਾਇਆ । ਇਸ ਮੌਕੇ ਤੇ ਅਲਾਇੰਸ ਕਲੱਬ ਦੇ ਡਿਸਟ੍ਰਿਕ ਗਵਰਨਰ ਐਲੀ ਵਿਵੇਕ ਸਾਹਨੀ, ਡਿਸਟ੍ਰਿਕ ਗਾਈਡ ਐਲੀ ਰਮੇਸ਼ ਕੁਮਾਰ, ਐਲੀ ਅਸ਼ਵਨੀ ਕੁਮਾਰ ਦੱਤਾ, ਡਾ. ਹਰਜਿੰਦਰ ਸਿੰਘ ਓਬਰਾਏ ਅਤੇ ਹੁਸ਼ਿਆਰਪੁਰ ਗ੍ਰੇਟਰ ਦੇ ਪ੍ਰਧਾਨ ਐਲੀ ਅਜੇ ਸ਼ਾਰਦਾ ਦੇ ਨਾਲ ਐਲੀ ਅਸ਼ੋਕ ਪੁਰੀ ਨੇ 1971 ਦੀ ਜੰਗ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਬ੍ਰਿਗੇਡੀਅਰ ਸੁਰਜੀਤ ਸਿੰਘ, ਕੈਪਟਨ ਗੁਰਬਖਸ਼ ਸਿੰਘ, ਸੁਬੇਦਾਰ ਵਚਨ ਸਿੰਘ, ਸੁਬੇਦਾਰ ਸੰਤੋਖ ਸਿੰਘ ਅਤੇ ਮੈਂਓਵਾਲ ਤੋਂ ਸ਼ੀਤਲ ਸਿੰਘ ਨੂੰ ਟੋਕਨ ਆਫ ਲਵ ਦੇ ਸਨਮਾਨਤ ਕੀਤਾ।ਇਸ ਮੌਕੇ ਕਰਨਲ ਰਘੁਵੀਰ ਸਿੰਘ ਨੇ ਅਲਾਇੰਸ ਕਲੱਬ ਇਨਟਰਨੈਸ਼ਨਲ ਡਿਸਟ੍ਰਿਕ 119 ਅਤੇ ਐਲੀ ਅਸ਼ੋਕ ਪੁਰੀ ਦਾ ਇਸ ਪ੍ਰੋਗਰਾਮ ਵਿੱਚ ਸਾਂਝ ਕਰਨ ਲਈ ਧੰਨਵਾਦ ਕੀਤਾ ਅਤੇ ਅੱਗੇ ਤੋਂ ਹੋਰ ਵੀ ਐਨ ਜੀ ਓਜ਼ ਵੱਲੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਨਾਲ ਸਾਂਝ ਪਾਉਣ ਲਈ ਪ੍ਰੇਰਿਤ ਕੀਤਾ । ਉਹਨਾਂ ਇਸ ਮੌਕੇ ਤੇ ਐਕਸ ਸਰਵਿਸ ਮੈਨ ਗੜਦੀਵਾਲਾ ਦੇ ਆਰਮੀ ਪਰਸਨਲਸ ਦੇ ਉਤਸ਼ਾਹ ਦੀ ਪ੍ਰੰਸਸਾ ਕੀਤੀ ।

# ਐੱਨ ਸੀ ਆਰ 'ਚ ਹਵਾ ਪ੍ਰਦੂਸ਼ਣ ਖਿਲਾਫ ਹਰਿਆਣਾ ਦੇ ਸਖਤ ਕਦਮ

**ਚੰਡੀਗੜ੍ਹ (ਕ੍ਰਿਸ਼ਨ ਗਰਗ)**

ਹਰਿਆਣਾ ਦੇ ਮੁੱਖ ਸਕੱਤਰ ਅਨੁਰਾਗ ਰਸਤੋਗੀ ਨੇ ਦਿੱਲੀ-ਐਨ ਸੀ ਆਰ ਖੇਤਰ ਵਿੱਚ ਹਵਾ ਪ੍ਰਦੂਸ਼ਣ ਵਿੱਚ ਕਮੀ ਲਿਆਉਣ ਲਈ ਕੀਤੇ ਜਾ ਰਹੇ ਉਪਾਆਂ ਨੂੰ ਲੈ ਕੇ ਇੱਕ ਉੱਚ ਪੱਧਰੀ ਸਮੀਖਿਆ ਮੀਟਿੰਗ ਦੀ ਅਗਵਾਈ ਕੀਤੀ। ਮੀਟਿੰਗ ਵਿੱਚ ਪਰਾਲੀ ਪ੍ਰਬੰਧਨ ਤੋਂ ਲੈ ਕੇ ਸਵੱਛ ਊਰਜਾ, ਇਲੈਕਟ੍ਰਿਕ ਮੋਬਿਲਿਟੀ, ਸ਼ਹਿਰਾਂ ਵਿੱਚ ਧੂਲ ਕੰਟਰੋਲ, ਵੇਸਟ ਪ੍ਰਬੰਧਨ ਅਤੇ ਉਦਯੋਗਿਕ ਪਾਲਣ ਤੱਕ ਵੱਖ-ਵੱਖ ਪਹਿਲਾਂ ਦੀ ਸਮੀਖਿਆ ਕੀਤੀ ਗਈ। ਹਵਾ ਗੁਣਵੱਤਾ ਪ੍ਰਬੰਧਨ ਆਯੋਗ ਅਤੇ ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਕਲਾਈਮੇਟ ਬਦਲਾਅ ਮੰਤਰਾਲੇ ਦੇ ਨਿਰਦੇਸ਼ਾਂ ਅਨੁਰੂਪ ਕੀਤੀ ਗਈ ਇਸ ਸਮੀਖਿਆ ਮੀਟਿੰਗ ਵਿੱਚ ਐਕਸ਼ਨ ਟੇਕਨ ਰਿਪੋਰਟ ਦਾ ਮੁਲਾਂਕਣ ਕਰਨ ਦੇ ਨਾਲ-ਨਾਲ ਸਾਲ 2025-26 ਲਈ ਸੂਬਾ ਅਤੇ ਸ਼ਹਿਰ ਪੱਧਰੀ ਕੰਮ ਯੋਜਨਾਵਾਂ ਨੂੰ ਵੀ ਅੰਤਮ ਰੂਪ ਦਿੱਤਾ ਗਿਆ। ਇਸ ਦੌਰਾਨ ਗੁਰੂਗ੍ਰਾਮ, ਫਰੀਦਾਬਾਦ, ਸੋਨੀਪਤ, ਕਰਨਾਲ, ਪਾਣੀਪਤ, ਰੋਹਤਕ ਅਤੇ ਮਾਨੇਸਰ ਸਮੇਤ ਐਨ ਸੀ ਆਰ ਦੇ ਨਗਰ ਨਿਗਮਾਂ ਲਈ ਸ਼ਹਿਰ-ਵਿਸ਼ੇਸ਼ ਰਣਨੀਤੀਆਂ 'ਤੇ ਵਿਸਤਾਰ ਨਾਲ ਚਰਚਾ ਕੀਤੀ ਗਈ।ਮੀਟਿੰਗ ਵਿੱਚ ਦੱਸਿਆ ਗਿਆ ਕਿ ਪਰਾਲੀ ਜਲਾਉਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਫਸਲ ਅਵਸ਼ੇਸ਼ ਪ੍ਰਬੰਧਨ ਮਸ਼ੀਨਰੀ ਦਾ ਵੱਡੇ ਪੈਮਾਨੇ 'ਤੇ ਵਰਤੋ ਕੀਤੀ ਗਈ ਹੈ। ਸਾਲ 2018-19 ਤੋਂ ਹੁਣ ਤੱਕ 932 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਲੱਖ ਤੋਂ ਵੱਧ ਮਸ਼ੀਨਾਂ ਕਿਸਾਨਾਂ ਨੂੰ ਗ੍ਰਾਂਟ 'ਤੇ ਉਪਲਬਧ ਕਰਾਈ ਗਈ, ਜਿਸ ਨਾਲ ਪਿੰਡਾਂ ਵਿੱਚ ਝੋਨੇ ਦੀ ਪਰਾਲੀ ਦਾ ਇਨ-ਸੀਟੂ ਪ੍ਰਬੰਧਨ ਸੰਭਵ ਹੋ ਪਾਇਆ। ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਸਮੇਂ 'ਤੇ ਮਸ਼ੀਨਰੀ ਉਪਲਬਧ ਕਰਾਉਣ ਲਈ ਕਸਟਮ ਹਾਇਰਿੰਗ ਕੇਂਦਰਾਂ ਦੀ ਨਿਯਮਤ ਨਿਗਰਾਨੀ ਕੀਤੀ ਜਾ ਰਹੀ ਹੈ।ਝੱਜਰ, ਕੁਰੂਕਸ਼ੇਤਰ, ਅੰਬਾਲਾ, ਫਤਿਹਾਬਾਦ ਅਤੇ ਪਾਨੀਪਤ ਵਿੱਚ ਸਥਾਪਿਤ ਕੰਪ੍ਰੈਸਡ ਬਾਇਓ ਗੈਸ ਪਲਾਂਟ ਵੱਡੀ ਗਿਣਤੀ ਵਿੱਚ ਪਰਾਲੀ ਦੀ ਵਰਤੋ ਕਰ ਰਹੇ ਹਨ ਅਤੇ ਖੇਤੀਬਾੜੀ ਅਵਸ਼ੇਸ਼ਾਂ ਨੂੰ ਸਵੱਛ ਊਰਜਾ ਵਿੱਚ ਬਦਲ ਰਹੇ ਹਨ। ਦਿੱਲੀ ਤੋਂ 300 ਕਿਲੋਮੀਟਰ ਦੇ ਘੇਰੇ ਵਿੱਚ ਸਥਿਤ ਥਰਮਲ ਪਾਵਰ ਪਲਾਂਟਾਂ ਨੇ ਬਾਇਓਗੈਸ ਕੋ-ਫਾਇਰਿੰਗ ਵਿੱਚ ਵਰਨਣਯੋਗ ਪ੍ਰਗਤੀ ਹਾਸਲ ਕੀਤੀ ਹੈ। ਦਸੰਬਰ, 2025 ਤੱਕ ਨਗਰਪਾਲਿਕਾਵਾਂ ਦੇ 14 ਲੱਖ ਮੀਟ੍ਰਿਕ ਟਨ ਤੋਂ ਵੱਧ ਪੁਰਾਣੇ ਠੋਸ ਵੇਸਟ ਦੇ ਨਿਸਤਾਰਣ ਦੀ ਦਿਸ਼ਾ ਵਿੱਚ ਕੰਮ ਕੀਤਾ ਜਾ ਰਿਹਾ ਹੈ। ਗੁਰੂਗ੍ਰਾਮ ਵਿੱਚ ਇਹ ਟੀਚਾ ਸਾਲ 2026 ਤੱਕ ਨਿਰਧਾਰਿਤ ਕੀਤਾ ਗਿਆ ਹੈ।

## ਅੱਖਾਂ ਦਾ ਮੁਫ਼ਤ ਚੈੱਕਅੱਪ ਕੈਂਪ 21 ਨੂੰ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**-ਡਾ. ਭੀਮ ਰਾਓ ਅੰਬੇਡਕਰ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਅੱਖਾਂ ਦਾ ਮੁਫਤ ਮੈਡੀਕਲ ਚੈੱਕਅਪ ਕੈਂਪ 21 ਦਸੰਬਰ ਨੂੰ ਸਾਹਿਲ ਕਲੀਨੀਕਲ ਲੈਬੋਰਟਰੀ ਪਿੰਡ ਜੰਡੋਲੀ ਵਿਖੇ ਲਗਾਇਆ ਜਾ ਰਿਹਾ ਹੈ। ਸਤਿਗੁਰੂ ਨਿਰੰਜਨ ਦਾਸ ਟਰੱਸਟ ਪਿੰਡ ਜੰਡੋਲੀ ਵੱਲੋਂ ਲਗਾਏ ਜਾ ਰਹੇ ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਡਾਕਟਰ ਕੁਲਵਿੰਦਰ ਜੰਡੋਲੀ ਨੇ ਦੱਸਿਆ ਕਿ ਇਹ ਕੈਂਪ ਬਰਿਆਣਾ ਹਸਪਤਾਲ ਹੁਸ਼ਿਆਰਪੁਰ ਵੱਲੋਂ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਅੱਖਾਂ ਦਾ ਮੁਫਤ ਚੈੱਕਅਪ ਕਰਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ।

## ਕੀਰਤਨ ਦਰਬਾਰ 21 ਨੂੰ

**ਫਿਲੌਰ (ਨਿਰਮਲ)**-ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਫਿਲੌਰ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ 21 ਦਸੰਬਰ ਨੂੰ ਕਮਿਊਨਿਟੀ ਸੈਂਟਰ ਨੇੜੇ ਕਮੇਟੀ ਘਰ ਫਿਲੌਰ ਵਿਖੇ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਮਹਾਨ ਕੀਰਤਨੀਏ ਅਤੇ ਕਥਾ ਵਾਚਕ ਬੀਬੀ ਗੁਰਮੀਤ ਕੌਰ, ਦਵਿੰਦਰ ਸਿੰਘ ਖਾਲਸਾ, ਭਾਈ ਸਰਬਜੀਤ ਸਿੰਘ, ਸਿੰਘ ਸਾਹਿਬਾਨ,ਬਲਵਿੰਦਰ ਸਿੰਘ ਜੀ, ਭਾਈ ਅਮਨਦੀਪ ਸਿੰਘ, ਭਾਈ ਜੰਬਰ ਤੋੜ ਸਿੰਘ ਸੰਗਤਾਂ ਨੂੰ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਨਗੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਖੂਨਦਾਨ ਕੈਂਪ 21 ਨੂੰ

**ਫਿਲੌਰ (ਨਿਰਮਲ)**- ਅੰਬੇਦਕਰ ਸੇਨਾ ਆਫ ਇੰਡੀਆ ਵੱਲੋ ਡਾ: ਭੀਮ ਰਾਓ ਅੰਬੇਦਕਰ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਖੂਨਦਾਨ ਕੈਂਪ 21 ਦਸੰਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬਾਬਾ ਬ੍ਰਹਮਦਾਸ ਕਮਿਊਨਿਟੀ ਹਾਲ ਅਕਲਪੁਰ ਰੋਡ ਫਿਲੌਰ ਵਿਖੇ ਗੋਰਾਇਆ ਬਲੱਡ ਸੇਵਾ ਦੇ ਸਹਿਯੋਗ ਨਾਲ ਲਗਾਇਆ ਜਾਵੇਗਾ। ਖੂਨਦਾਨੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ, ਦੁਪਹਿਰ ਦੇ ਭੋਜਨ ਦਾ ਖਾਸ ਪ੍ਰਬੰਧ ਹੈ।

# ਨਿਤਿਨ ਨਵੀਨ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਬਣਨ 'ਤੇ ਨੌਜਵਾਨਾਂ 'ਚ ਭਾਰੀ ਉਤਸ਼ਾਹ : ਰਾਜੇਸ਼ ਬਾਘਾ



**ਜਲੰਧਰ, (ਸ਼ੈਲੀ ਐਲਬਰਟ)**-ਨਿਤਿਨ ਨਵੀਨ ਦਾ ਭਾਰਤੀ ਜਨਤਾ ਪਾਰਟੀ ਦਾ ਰਾਸ਼ਟਰੀ ਪ੍ਰਧਾਨ ਬਣਨ ਨਾਲ ਦੇਸ਼ ਭਰ ਦੇ ਨੌਜਵਾਨਾਂ ਚ ਭਾਰੀ ਉਤਸ਼ਾਹ ਉਨ੍ਹਾਂ ਦੀ ਕਾਬਲੀਅਤ ਅਤੇ ਨਿਤਿਨ ਨਵੀਨ ਦਾ ਭਾਰਤੀ ਜਨਤਾ ਪਾਰਟੀ ਦਾ ਰਾਸ਼ਟਰੀ ਪ੍ਰਧਾਨ ਬਣਨਾ ਉਨ੍ਹਾਂ ਦੀ ਕਾਬਲੀਅਤ, ਇਮਾਨਦਾਰੀ ਅਤੇ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਭਾਜਪਾ ਯੁਵਾ ਮੋਰਚਾ ਤੋਂ ਸ਼ੁਰੂ ਹੋ ਕੇ ਬਿਹਾਰ ਸਰਕਾਰ ਵਿੱਚ ਮੰਤਰੀ ਅਤੇ ਭਾਜਪਾ ਦੇ ਰਾਸ਼ਟਰੀ ਕਾਰਜਕਾਰਨੀ ਪ੍ਰਧਾਨ ਬਣਨ ਤਕ ਦਾ ਸਫ਼ਰ ਇਸੇ ਕਾਰਣ ਤਹਿ ਕੀਤਾ। ਇਹ ਗੱਲ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਉਪ ਪ੍ਰਧਾਨ ਰਾਜੇਸ਼ ਬਾਘਾ ਨੇ ਨਿਤਿਨ ਨਵੀਨ ਦੇ ਭਾਜਪਾ ਦੇ ਨਵੇਂ ਕਾਰਜਕਾਰੀ ਪ੍ਰਧਾਨ ਬਣਨ 'ਤੇ ਵਧਾਈ ਦਿੰਦੇ ਹੋਏ ਅਪਣਾ ਪ੍ਰਤੀਕਰਮ ਦਿਦਿਆਂ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਆਸ ਕੀਤੀ ਕਿ ਉਹ ਸਾਰਿਆਂ ਨੂੰ ਨਾਲ ਲੈ ਕੇ ਚਲਦੇ ਹੋਏ ਪਾਰਟੀ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਦੇਸ਼ ਅਤੇ ਜਨਤਾ ਦੀ ਭਲਾਈ ਲਈ ਉਨ੍ਹਾਂ ਦੇ ਫੈਸਲੇ ਦੂਰਦਰਸ਼ੀ ਅਤੇ ਲੋਕਹਿੱਤੀ ਸਾਬਤ ਹੋਣਗੇ।

# ਜ਼ਿਲ੍ਹਾ ਲੋਕ ਸੰਪਰਕ ਤੇ ਕਸ਼ਟ ਨਿਵਾਰਨ ਕਮੇਟੀ ਦੀ ਮੀਟਿੰਗ, 16 'ਚੋਂ 12 ਮਾਮਲੇ ਹੱਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜਨਸੇਵਾ ਨੂੰ ਸ਼ਾਸਨ ਦੀ ਮੂਲ ਭਾਵਨਾ ਦੱਸਦੇ ਹੋਏ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਦਫ਼ਤਰਾਂ ਵਿੱਚ ਸ਼ਿਕਾਇਤ ਲੈ ਕੇ ਆਉਣ ਵਾਲਾ ਹਰ ਨਾਗਰਿਕ ਸਨਮਾਨ ਅਤੇ ਸੰਤੋਸ਼ ਨਾਲ ਵਾਪਸ ਜਾਏ। ਜਨਸਮੱਸਿਆਵਾਂ ਦਾ ਤੁਰੰਤ, ਪਾਰਦਰਸ਼ੀ ਅਤੇ ਸੰਵੇਦਨਸ਼ੀਲ ਨਿਪਟਾਨ ਕਰਨਾ ਸਿਰਫ ਪ੍ਰਸ਼ਾਸਨਿਕ ਜਿੰਮੇਦਾਰੀ ਨਹੀਂ ਸਗੋਂ ਇੱਕ ਨੈਤਿਕ ਜਿੰਮੇਦਾਰੀ ਵੀ ਹੈ ਜਿਸ ਨੂੰ ਸਭ ਤੋਂ ਵੱਧ ਪ੍ਰਾਥਮਿਕਤਾ ਨਾਲ ਨਿਭਾਇਆ ਜਾਣਾ ਚਾਹੀਦਾ ਹੈ।ਮੁੱਖ ਮੰਤਰੀ ਬੁੱਧਵਾਰ ਨੂੰ ਗੁਰੂਗ੍ਰਾਮ ਵਿੱਚ ਜ਼ਿਲ੍ਹਾ ਸੰਪਰਕ ਅਤੇ ਕਸ਼ਟ ਨਿਵਾਰਨ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ, ਪਟੌਦੀ ਵਿਧਾਇਕ ਸ੍ਰੀਮਤੀ ਬਿਮਲਾ ਚੌਧਰੀ, ਸੋਹਨਾ ਵਿਧਾਇਕ ਸ੍ਰੀ ਤੇਜਪਾਲ ਤੰਵਰ ਅਤੇ ਗੁਰੂਗ੍ਰਾਮ ਵਿਧਾਇਕ ਮੁਕੇਸ਼ ਸ਼ਰਮਾ ਵੀ ਮੌਜੂਦ ਰਹੇ। ਮੀਟਿੰਗ ਵਿੱਚ ਕੁੱਲ 16 ਮਾਮਲੇ ਰਖੇ ਗਏ ਜਿਨ੍ਹਾਂ ਵਿੱਚੋਂ ਮੁੱਖ ਮੰਤਰੀ ਨੇ 12 ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਦੋਂ ਕਿ 4 ਮਾਮਲਿਆਂ ਨੂੰ ਅਗਲੀ ਮੀਟਿੰਗ ਤੱਕ ਪੈਂਡਿੰਗ ਰਖਣ ਦੇ ਨਿਰਦੇਸ਼ ਦਿੱਤੇ।ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨਾਲ ਜੁੜੀ ਸਮੱਸਿਆਵਾਂ ਦੇ ਤੁਰੰਤ ਨਿਪਟਾਨ ਦੇ ਟੀਚੇ ਨਾਲ ਜ਼ਿਲ੍ਹਾ ਅਤੇ ਉਪਮੰਡਲ ਪੱਧਰ 'ਤੇ ਹਰੇਕ ਸੋਮਵਾਰ ਅਤੇ ਵੀਰਵਾਰ ਨੂੰ ਨਿਮਤ ਤੌਰ ਨਾਲ ਹੱਲ ਸ਼ਿਵਰ ਆਯੋਜਿਤ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਸਮਾਧਾਨ ਸ਼ਿਵਰਾਂ ਵਿੱਚ ਹੁਣ ਤੱਕ ਕੁੱਲ 40 ਹਜ਼ਾਰ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਵਿੱਚੋਂ 30 ਹਜ਼ਾਰ ਸ਼ਿਕਾਇਤਾਂ ਦਾ ਸੁਫਲਤਾ ਨਾਲ ਹੱਲ ਕੀਤਾ ਜਾ ਚੁੱਕਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਕੋਲ ਸਿੱਧੇ ਤੌਰ 'ਤੇ ਪ੍ਰਾਪਤ ਹੋਈ 1 ਲੱਖ 42 ਹਜ਼ਾਰ ਸ਼ਿਕਾਇਤਾਂ ਵਿੱਚੋਂ 1 ਲੱਖ 35 ਹਜ਼ਾਰ ਸ਼ਿਕਾਇਤਾਂ ਦਾ ਨਿਪਟਾਨ ਹੋ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਸੀਐਮ ਵਿੰਡੋ ਪੋਰਟਲ 'ਤੇ ਵੀ ਸ਼ਿਕਾਇਤਾਂ 'ਤੇ ਤੁਰੰਤ ਕਾਰਵਾਈ ਯਕੀਨੀ ਕੀਤੀ ਜਾ ਰਹੀ ਹੈ। ਮੌਜੂਦਾ ਵਿੱਚ ਇੱਥੇ ਸਿਰਫ ਉਹੀ ਸ਼ਿਕਾਇਤਾਂ ਪੈਂਡਿੰਗ ਹਨ ਜੋ ਕੋਰਟ ਨਾਲ ਸਬੰਧਿਤ ਹਨ ਜਾਂ ਜਿਨ੍ਹਾਂ ਵਿੱਚੋਂ ਪਾਰਿਵਾਰਿਕ ਮਾਮਲੇ ਸ਼ਾਮਲ ਹਨ ਜਿਨ੍ਹਾਂ ਦਾ ਹੱਲ ਕਾਨੂੰਨੀ ਪ੍ਰਕਿਰਿਆ ਤਹਿਤ ਕੀਤਾ ਜਾਣਾ ਜਰੂਰੀ ਹੈ।

# ਸਾਲਾਨਾ ਸੰਤ ਸੰਮੇਲਨ ਭਲਕੇ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

19 ਦਸੰਬਰ ਨੂੰ ਡੇਰਾ ਬਾਬਾ ਸਮਾਲ ਗਿਰੀ ਸ਼ਿਵ ਮੰਦਰ ਹਰਸੀ ਪਿੰਡ ਦੇ ਗੱਦੀ ਨਸ਼ੀਨ ਸੰਤ ਸੰਜੀਵਾ ਨੰਦ ਸਰਸਵਤੀ ਜੀ ਮਹਾਰਾਜ ਦੀ ਸਰਪ੍ਰਸਤੀ ਹੇਠ ਅਤੇ ਮਾਂ ਮਤੇਸ਼ਵਰੀ ਮੰਦਰ ਢੋਲਵਾਹਾ ਜਨੌੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਦੀ ਅਗਵਾਈ ਵਿੱਚ ਕਰਵਾਏ ਜਾ ਰਹੇ ਸੰਤ ਸੰਮੇਲਨ ਦੀਆਂ ਮੁਕੰਮਲ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਡੇਰੇ ਦੇ ਗੱਦੀ ਨਸ਼ੀਨ ਸੰਤ ਸੰਜੀਵਾ ਨੰਦ ਸਰਸਵਤੀ ਮਹਾਰਾਜ ਨੇ ਕਿਹਾ ਕਿ ਡੇਰਾ ਬਾਬਾ ਸਮਾਲ ਗਿਰੀ ਸ਼ਿਵ ਮੰਦਿਰ ਹਰਸੀ ਪਿੰਡ ਵਿਖੇ 19 ਦਸੰਬਰ ਨੂੰ ਕਰਵਾਏ ਜਾ ਰਹੇ ਸੰਤ ਸੰਮੇਲਨ ਵਿੱਚ ਸੰਤ ਮਹਾਂਪੁਰਸ਼ ਮਹੰਤ ਰਾਜ ਗਿਰੀ ਜੀ ਮਹਾਰਾਜ ਕਮਾਹੀ ਦੇਵੀ, ਮਹਾਂਮੰਡਲੇਸ਼ਵਰ ਮਹੰਤ ਰਮੇਸ਼ ਦਾਸ ਸ਼ਾਸਤਰੀ ਜੀ ਦਾਤਾਰਪੁਰ, ਮਹੰਤ ਤੇਜਾ ਸਿੰਘ ਜੀ ਖੁੱਡਾ ਅਤੇ ਮਹੰਤ ਨਰੇਸ਼ ਗਿਰੀ ਜੀ ਮਹਾਰਾਜ ਨੰਗਲ ਖੂੰਗਾ ਵਾਲੇ ਪਹੁੰਚ ਰਹੇ ਹਨ।

ਉਨ੍ਹਾਂ ਅੱਗੇ ਹੋਰ ਦੱਸਿਆ ਕਿ ਸੰਤ ਜਸਪਾਲ ਸਿੰਘ ਉਡੱਰੇ ਵਾਲੇ, ਮਹੰਤ ਸ਼ੁਕਰ ਗਿਰੀ ਮਹਾਰਾਜ ਢੱਟਾਂ ਭਾਗੀਆਂ, ਮਹੰਤ ਮੁਰਲੀ ਦਾਸ ਕੁੰਜ ਆਸ਼ਰਮ ਵ੍ਰਿੰਦਾਵਨ, ਸੰਤ ਬਜਰੰਗ ਦਾਸ ਗੜਦੀਵਾਲ, ਸੰਤ ਕਰਨੈਲ ਸਿੰਘ ਗੜਦੀਵਾਲ, ਸੰਤ ਚੰਦਰ ਸ਼ੇਖਰ ਦਾਸ ਸਮਰਾਲਾ, ਸੰਤ ਦੇਵਾ ਜੀ ਚੱਕ ਲਾਦੀਆਂ, ਮਹੰਤ ਰਾਮ ਗਿਰੀ ਰਾਜਪੁਰ ਕੰਡੀ, ਸੰਤ ਹੌਸਲਾ ਦਾਸ ਅਹਿਆਪੁਰ, ਸੰਤ ਬਾਬਾ ਸੋਮਾਂ ਨੰਦਪੁਰੀ ਢੋਲਵਾਹਾ ਜਨੌੜੀ, ਮੁੱਖ ਆਚਾਰਿਆ ਰਜਿੰਦਰ ਸ਼ਰਮਾ ਤੋਂ ਇਲਾਵਾ ਪੰਜਾਬ ਦੇ ਹੋਰ ਕਈ ਸੰਤ ਮਹਾਂਪੁਰਸ਼ ਆਪਣੇ ਪ੍ਰਵਚਨਾਂ ਰਾਹੀਂ ਸੰਗਤ ਨੂੰ ਨਾਮ ਸਿਮਰਨ ਨਾਲ ਜੋੜਨਗੇ।ਮਾਂ ਮਤੇਸ਼ਵਰੀ ਮੰਦਰ ਢੋਲਵਾਹਾ ਜਨੌੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਨੇ ਕਿਹਾ ਕਿ 19 ਦਸੰਬਰ ਨੂੰ ਸਵੇਰੇ 10 ਵਜੇ ਹਵਨ ਯੱਗ ਉਪਰੰਤ ਸੰਤ ਸੰਮੇਲਨ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸੰਤ ਸੰਮੇਲਨ ਵਿੱਚ ਭਗਵਾਨ ਵਾਲਮੀਕਿ ਸ਼ਕਤੀ ਸੈਨਾ ਦੇ ਪੰਜਾਬ ਪ੍ਰਧਾਨ ਐਡਵੋਕੇਟ ਅਜੇ ਕੁਮਾਰ ਅਤੇ ਮਾਂ ਮਤੇਸ਼ਵਰੀ ਮੰਦਰ ਕਮੇਟੀ ਦੇ ਪ੍ਰਧਾਨ ਅਰਵਿੰਦ ਠਾਕੁਰ ਵਿਸ਼ੇਸ਼ ਤੌਰ ਤੇ ਆਪਣੀ ਹਾਜ਼ਰੀ ਭਰਨਗੇ। ਉਨ੍ਹਾਂ ਕਿਹਾ ਕਿ ਬਾਬਾ ਜੀ ਦਾ ਅਤੁੱਟ ਲੰਗਰ ਦੁਪਹਿਰ 1 ਵਜੇ ਤੋਂ ਦੇਰ ਰਾਤ ਤੱਕ ਚਲਦਾ ਰਹੇਗਾ।ਇਸ ਮੌਕੇ ਤੇ ਹਰਭਜਨ ਕੌਰ, ਅਮਰੀਕ ਸਿੰਘ, ਸੁਖਵਿੰਦਰ ਸਿੰਘ, ਰਾਹੁਲ ਕੁਮਾਰ, ਰਾਜ ਕੁਮਾਰ ਦਲਬੀਰ ਸਿੰਘ, ਪਰਮਜੀਤ ਸਿੰਘ, ਲਵਦੀਪ ਸਿੰਘ, ਕੈਪਟਨ ਬਲਬੀਰ ਸਿੰਘ, ਅਮਨ ਵਰਮਾ, ਜਗੀਰ ਸਿੰਘ, ਗਿਆਨੀ ਰਜਿੰਦਰ ਸਿੰਘ, ਪਰਮਿੰਦਰ ਸਿੰਘ, ਰਮੇਸ਼ ਕੁਮਾਰ ਅਤੇ ਹੋਰ ਹਾਜ਼ਰ ਸਨ।



# ਪਲੇਸਮੈਂਟ ਕੈਂਪ ਅੱਜ

**ਮੋਹਾਲੀ, (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਦੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਅਤੇ ਮਾਡਲ ਕਰੀਅਰ ਸੈਂਟਰ ਐੱਸ ਏ ਐੱਸ ਨਗਰ ਵੱਲੋਂ 18 ਦਸੰਬਰ, ਵੀਰਵਾਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਤੀਸਰੀ ਮੰਜ਼ਿਲ, ਕਮਰਾ ਨੰ: 461, ਸੈਕਟਰ-76, ਮੋਹਾਲੀ ਵਿਖੇ ਕੀਤਾ ਜਾ ਰਿਹਾ ਹੈ, ਜਿਸਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 1 ਵਜੇ ਤੱਕ ਹੋਵੇਗਾ।ਡੀ ਬੀ ਈ ਈ ਐੱਸ ਏ ਐੱਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ 18-12-2025 (ਵੀਰਵਾਰ) ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਣਾ ਹੈ।ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ। ਪ੍ਰਾਰਥੀਆਂ ਦੀ ਉਮਰ 18 ਤੋਂ 45 ਸਾਲ ਤੱਕ ਹੋਵੇ ਅਤੇ ਘੱਟੋ ਘੱਟ ਯੋਗਤਾ 10ਵੀਂ, 12ਵੀਂ, ਗਰੈਜੂਏਸ਼ਨ ਅਤੇ ਬੀ-ਟੈਕ ਡਿਪਲੋਮਾ ਪਾਸ ਲੋੜੀਂਦੀ ਹੈ।ਪ੍ਰਾਰਥੀ ਆਪਣੀ ਯੋਗਤਾ ਦੇ ਅਸਲ ਸਰਟੀਫਿਕੇਟ, ਆਧਾਰ ਕਾਰਡ ਅਤੇ ਪੈਨ ਕਾਰਡ ਨਾਲ ਲੈ ਕੇ ਆਉਣ ਤਾਂ ਜੋ ਪ੍ਰਾਰਥੀਆ ਦੀ ਮੌਕੇ 'ਤੇ ਹੀ ਰਜਿਸਟ੍ਰੇਸ਼ਨ ਕਰਵਾਈ ਜਾ ਸਕੇ।

## ਮਾਮਲਾ ਦੰਗਾ ਪੀੜਤ ਤੇ ਦੁਕਾਨਦਾਰਾਂ ਵੱਲੋਂ ਦਿੱਤੇ ਗਏ ਧਰਨੇ ਦਾ

# ਵਿਰੋਧੀ ਪਾਰਟੀ ਦੇ ਨੇਤਾ ਕਰ ਰਹੇ ਹਨ ਲੋਕਾਂ ਨੂੰ ਗੁੰਮਰਾਹ : ਕੁਲਵੰਤ ਸਿੰਘ

**ਮੋਹਾਲੀ, (ਗੁਰਜੀਤ ਬਿੱਲਾ)**

ਵਿਧਾਇਕ ਕੁਲਵੰਤ ਸਿੰਘ ਫੇਸ -11 ਵਿਖੇ ਦੰਗਾ ਪੀੜਿਤ ਅਤੇ ਦੁਕਾਨਦਾਰਾਂ ਵੱਲੋਂ ਦਿੱਤੇ ਜਾ ਰਹੇ ਧਰਨੇ ਮੌਕੇ ਲੋਕਾਂ ਨੂੰ ਮਿਲਣ ਲਈ ਪਹੁੰਚੇ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮਾਨਯੋਗ ਹਾਈਕੋਰਟ ਦੇ ਹੁਕਮ ਹਨ ਕਿ ਜੋ ਗਮਾਡਾ ਦੀ ਪਾਲਿਸੀ ਬਣੀ ਹੋਈ ਹੈ, ਉਸ ਪਾਲਿਸੀ ਨੂੰ ਮੁੱਖ ਰੱਖਦੇ ਹੋਏ, ਜੋ ਮੋਹਾਲੀ ਦੇ ਵਿੱਚ ਗਲਤ ਕੰਮ ਕੀਤਾ ਹੋਇਆ ਹੈ, ਉਸ ਨੂੰ ਢਾਹਿਆ ਜਾਵੇ, ਅਤੇ ਮੈਂ ਤੁਹਾਨੂੰ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਇਹ ਆਰਡਰ ਨਾ ਹੀ ਸਾਡੇ ਹਨ ਅਤੇ ਨਾ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹਨ, ਪ੍ਰੰਤੂ ਇਸ ਧਰਨੇ ਤੋਂ ਫੋਕੀ ਵਾਹ-ਵਾਹ ਖੱਟਣ ਲਈ ਦੂਸਰੀਆਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਪੁੱਜ ਕੇ ਇੱਥੇ ਲੋਕਾਂ ਨੂੰ ਮਾਨਯੋਗ ਅਦਾਲਤ ਦੇ ਹੁਕਮਾਂ ਸਬੰਧੀ ਗੁਮਰਾਹ ਕਰ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰ ਦਾ ਕੰਮ ਹੁੰਦਾ ਹੈ ਲੋਕਾਂ ਦੀ ਭਲਾਈ ਦੇ ਲਈ ਕਾਨੂੰਨ ਬਣਾਉਣਾ ਅਤੇ ਸਰਵਪੱਖੀ ਵਿਕਾਸ ਕਰਨਾ। ਵਿਧਾਇਕ ਕੁਲਵੰਤ ਸਿੰਘ ਨੇ ਲੋਕਾਂ ਨੂੰ ਮੁਖਾਤਬ ਹੁੰਦਿਆਂ ਕਿਹਾ ਕਿ ਇੱਥੇ ਬੈਠੇ ਸਾਰੇ ਹੀ ਲੋਕ ਪੜ੍ਹੇ ਲਿਖੇ ਅਤੇ ਸੂਝਵਾਨ ਹਨ ਅਤੇ ਸਾਰੇ ਹੀ ਇਹ ਜਾਣਦੇ ਹਨ ਕਿ ਇਸ ਕਾਰਵਾਈ ਦੇ ਵਿੱਚ ਸਾਡੀ ਸਰਕਾਰ ਦਾ ਕੋਈ ਹੱਥ ਨਹੀਂ ਸਗੋਂ ਇਹ ਮਾਣਯੋਗ ਅਦਾਲਤ ਦੇ ਹੁਕਮ ਹਨ, ਨੀਡ ਬੇਸ ਪਾਲਿਸੀ 2011 ਦੇ ਵਿੱਚ ਗ਼ਐਨ ਕੇ ਸ਼ਰਮਾ ਅਤੇ ਮੈਂ ਖੁਦ ਮਿਲ ਕੇ ਬਣਾਈ ਸੀ , ਅਤੇ ਇਹ ਨੀਡ ਬੇਸ ਪੋਲਿਸੀ ਲਾਗੂ ਵੀ ਹੋ ਚੁੱਕੀ ਸੀ ,ਪ੍ਰੰਤੂ ਇਸ ਦੇ ਵਿੱਚ ਸਾਡੇ ਸਭਨਾਂ ਦਾ ਕਸੂਰ ਹੈ ਜੋ ਕਿ ਇੱਥੇ ਬੈਠੇ ਹਨ ਅਸੀਂ ਉਸ ਵੇਲੇ ਜੋ ਸਰਕਾਰੀ ਫੀਸ ਸੀ ਉਹ ਨਹੀਂ ਭਰੀ ਅਤੇ ਨਾ ਹੀ ਫਾਰਮ ਭਰੇ ਗਏ, ਤੈਅ ਸਮੇਂ ਸੀਮਾ ਦੇ ਵਿੱਚ ਵਿੱਚ ਅਸੀਂ ਇਸ ਸਬੰਧੀ ਕੋਈ ਕਲੇਮ ਨਹੀਂ ਕੀਤਾ ਪ੍ਰੰਤੂ ਕਿਸੇ ਨੇ ਵੀ ਨਾ ਹੀ ਫਾਰਮ ਭਰੇ, ਇਸ ਕਰਕੇ ਉਹ ਪਾਲਿਸੀ ਦੀ ਤਾਰੀਖ ਨਿਕਲ ਗਈ, ਜਿਸ ਕਰਕੇ ਅਸੀਂ ਸਾਰੇ ਅੱਜ ਤੰਗ ਪਰੇਸ਼ਾਨ ਹੋ ਰਹੇ ਹਾਂ, ਪਰੰਤੂ ਅੱਜ ਵੀ ਮੇਰੀ ਇਹ ਪੂਰੀ ਕੋਸ਼ਿਸ਼ ਹੈ ਕਿ ਨੀਡ ਬੇਸ ਪਾਲਿਸੀ ਨੂੰ ਲਾਗੂ ਕਰਵਾਇਆ ਜਾਵੇ ਅਤੇ ਫਿਰ ਮੈਂ ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆ ਕੇ ਇਸ ਨੂੰ ਲਾਗੂ ਕਰਵਾਉਣ ਦੀ ਕੋਸ਼ਿਸ਼ ਜ਼ਰੂਰ ਕਰਾਂਗਾ, ਮੇਰੀ ਇਹ ਸਭਨਾਂ ਨੂੰ ਪੁਰਜ਼ੋਰ ਬੇਨਤੀ ਹੈ ਕਿ ਕਿਸੇ ਵੀ ਰਾਜਨੀਤਿਕ ਬੰਦੇ ਦੇ ਝਾਂਸੇ ਵਿੱਚ ਨਹੀਂ ਆਉਣਾ ਚਾਹੀਦਾ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਜਦੋਂ ਕੋਈ ਮਾਮਲਾ ਅਦਾਲਤ ਵਿੱਚ ਚਲਾ ਜਾਂਦਾ ਹੈ ਤਾਂ ਉਸ ਦਾ ਹੱਲ ਵੀ ਮਾਣਯੋਗ ਅਦਾਲਤ ਵਿੱਚ ਜਾ ਕੇ ਹੀ ਹੁੰਦਾ ਹੈ। ਇਸ ਮੌਕੇ ਤੇ ਕੈਪਟਨ ਕਰਨੈਲ ਸਿੰਘ, ਆਰ ਐਸ ਢਿੱਲੋਂ, ਅਮਰਜੀਤ ਸਿੰਘ, ਹਰਵਿੰਦਰ ਕੌਰ ਬਲਾਕ ਪ੍ਰਧਾਨ, ਤਰਨਜੀਤ ਸਿੰਘ ਬਲਾਕ ਪ੍ਰਧਾਨ ,ਅਮਰਜੀਤ ਸਿੰਘ, ਰਮਣੀਕ ਸਿੰਘ,ਇੰਦਰਜੀਤ ਕੌਰ, ਇੰਦਰਜੀਤ ਕੌਰ,ਕੁਲਦੀਪ ਸਿੰਘ ਸਮਾਣਾ ,ਸਰਬਜੀਤ ਸਿੰਘ ਸਮਾਣਾ ਕੌਂਸਲਰ, ਗੁਰਮੁਖ ਸਿੰਘ ਸੋਹਲ ਸਾਬਕਾ ਕੌਂਸਲਰ, ਅਮਰਜੀਤ ਸਿੰਘ ਸਿੱਧੂ, ਹਰਪਾਲ ਸਿੰਘ ਬਰਾੜ ਆਦਿ ਵੀ ਹਾਜ਼ਰ ਸਨ।



# ਮੁੱਖ ਸਕੱਤਰ ਨੇ ਕੀਤੀ ਪ੍ਰਮੁੱਖ ਰੇਲ ਕੋਰੀਡੋਰ ਦੀ ਪ੍ਰਗਤੀ ਦੀ ਸਮੀਖਿਆ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਸਕੱਤਰ ਅਨੁਰਾਗ ਰਸਤੋਗੀ, ਜੋ ਕਿ ਹਰਿਆਣਾ ਰੇਲ ਬੁਨਿਆਦੀ ਢਾਂਚਾ ਵਿਕਾਸ ਨਿਗਮ (ਐੱਚ ਆਰ ਆਈ ਡੀ ਸੀ) ਦੇ ਚੇਅਰਮੈਨ ਵੀ ਹਨ, ਨੇ ਦੱਸਿਆ ਕਿ ਰਾਜ ਦੀ ਕਈ ਪ੍ਰਮੁੱਖ ਰੇਲ ਢਾਂਚਾ ਪਰਿਯੋਜਨਾਵਾਂ ਵਿੱਚ ਵਰਨਣਯੋਗ ਪ੍ਰਗਤੀ ਹੋਈ ਹੈ।ਰਸਤੋਗੀ ਐੱਚ ਆਰ ਆਈ ਡੀ ਸੀ ਨਿਦੇਸ਼ਕ ਮੰਡਲ ਦੀ 35ਵੀਂ ਮੀਟਿੰਗ ਦੌਰਾਨ ਵੱਖ-ਵੱਖ ਪਰਿਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਕਰ ਰਹੇ ਸਨ।ਮੀਟਿੰਗ ਵਿੱਚ ਦਸਿਆ ਗਿਆ ਕਿ ਕੁਰੂਕਸ਼ੇਤਰ ਏਲੀਵੇਟਿਡ ਟੈਕ ਪਰਿਯੋਜਨਾ ਨਿਸ਼ਪਾਦਨ ਦੇ ਉਨੱਤ ਪੜਾਅ ਵਿੱਚ ਪਹੁੰਚ ਗਈ ਹੈ। ਵਾਇਆਡਕਟ ਨਾਲ ਸਬੰਧਿਤ ਸਾਰੇ ਸਿਵਲ, ਟ੍ਰੈਕ, ਸਿਗਨਲਿੰਗ ਅਤੇ ਟੈਲੀਕਮਿਊਨੀਕੇਸ਼ਨ ਅਤੇ ਓਵਰਹੈਡ ਇਲੈਕਟ੍ਰੀਫਿਕੇਸ਼ਨ ਕੰਮ ਪੂਰੇ ਕਰ ਲਏ ਗਏ ਹਨ। ਏਲਿਵੇਟੇਡ ਪਲੇਟਫਾਰਮ ਦਾ ਨਿਰਮਾਣ ਵੀ ਆਖੀਰੀ ਪੜਾਅ ਵਿੱਚ ਹੈ। ਪੂਰੇ ਕੀਤੇ ਗਏ ਕੰਮਾਂ ਦਾ ਜਲਦੀ ਹੀ ਉੱਤਰੀ ਰੇਲਵੇ ਵੱਲੋਂ ਤਕਨੀਕੀ ਨਿਰੀਖਣ ਕੀਤਾ ਜਾਵੇਗਾ। ਇਸ ਦੇ ਬਾਅਦ ਰੇਲਵੇ ਸੁਰੱਖਿਆ ਕਮਿਸ਼ਨਰ ਵੱਲੋਂ ਨਿਰੀਖਣ ਕੀਤਾ ਜਾਵੇਗਾ।ਮੁੱਖ ਸਕੱਤਰ ਨੇ ਅਧਿਕਾਰੀਆਂ ਨੇ ਬਾਕੀ ਕੰਮਾਂ ਵਿੱਚ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਪਰਿਯੋਜਨਾ ਨੂੰ ਜਲਦੀ ਚਾਲੂ ਕੀਤਾ ਜਾ ਸਕੇ। ਐੱਚ ਆਰ ਆਈ ਡੀ ਸੀ ਵੱਲੋਂ ਹਾਸਲ ਮਾਹਰਤਾ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੇ ਨਿਗਮ ਨੂੰ ਆਪਣੇ ਕਾਰਜਖੇਤਰ ਦਾ ਵਿਸਤਾਰ ਕਰ ਕੌਮੀ ਪੱਧਰ 'ਤੇ ਪਹਿਚਾਣ ਬਨਾਉਣ ਦੀ ਦਿਸ਼ਾ ਵਿੱਚ ਕਾਰਜ ਕਰਨ ਦਾ ਵੀ ਸੁਝਾਅ ਦਿੱਤਾ।

# ਮੇਅਰ ਸੁਰਿੰਦਰ ਕੁਮਾਰ ਆਲ ਇੰਡੀਆ ਕੌਂਸਲ ਆਫ਼ ਮੇਅਰਜ਼ ਦੇ ਸਕੱਤਰ ਨਿਯੁਕਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਆਲ ਇੰਡੀਆ ਕੌਂਸਲ ਆਫ਼ ਮੇਅਰਜ਼ ਵੱਲੋਂ ਹੁਸ਼ਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ ਨੂੰ ਕੌਂਸਲ ਦੇ ਸਕੱਤਰ ਵਜੋਂ ਨਿਯੁਕਤ ਕੀਤੇ ਜਾਣ ਦੇ ਮੌਕੇ 'ਤੇ ਕੌਂਸਲ ਵੱਲੋਂ ਨਾਮਜ਼ਦ ਅਹੁਦੇਦਾਰਾਂ ਦਾ ਸੂਰਤ (ਗੁਜਰਾਤ) ਵਿੱਚ ਇਕ ਸ਼ਾਨਦਾਰ ਸਹੁੰ ਚੁੱਕ ਸਮਾਗਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਦੇਸ਼ ਭਰ ਦੇ ਸ਼ਹਿਰੀ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਸ਼ਾਨਦਾਰ ਮੌਜੂਦਗੀ ਵਿੱਚ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਭਾਈ ਪਟੇਲ ਅਤੇ ਕੇਂਦਰੀ ਜਲ ਸਰੋਤ ਮੰਤਰੀ ਸੀ ਆਰ ਪਾਟਿਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਕੇਂਦਰੀ ਮੰਤਰੀ ਸੀ ਆਰ ਪਾਟਿਲ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਸਹੁੰ ਚੁਕਾਈ ਅਤੇ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਲਗਨ, ਪਾਰਦਰਸ਼ਤਾ ਅਤੇ ਇਮਾਨਦਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸ਼ਹਿਰੀ ਪ੍ਰਸ਼ਾਸਨ ਨੂੰ ਮਜ਼ਬੂਤ ਕਰਨ ਵਿੱਚ ਮੇਅਰਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਅਤੇ ਸ਼ਹਿਰਾਂ ਦਾ ਸਮੁੱਚਾ ਵਿਕਾਸ ਆਪਸੀ ਤਾਲਮੇਲ ਰਾਹੀਂ ਹੀ ਸੰਭਵ ਹੈ।

ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਵਾਪਸ ਆਏ ਮੇਅਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਇਹ ਕੌਂਸਲ ਦੀ 116ਵੀਂ ਮੀਟਿੰਗ ਸੀ, ਜੋ ਕਿ 13 ਅਤੇ 14 ਦਸੰਬਰ ਨੂੰ ਸੂਰਤ ਵਿੱਚ ਹੋਈ ਸੀ। ਇਸ ਮੌਕੇ ਕੌਂਸਲ ਦੀ ਚੇਅਰਪਰਸਨ ਰੇਣੂ ਬਾਲਾ ਗੁਪਤਾ (ਮੇਅਰ ਕਰਨਾਲ), ਸੂਰਤ ਦੇ ਮੇਅਰ ਦਕਸ਼ੇਸ਼ ਕਿਸ਼ੋਰ ਭਾਈ ਮਾਵਾਨੀ, ਸੂਰਤ ਦੀ ਜ਼ਿਲ੍ਹਾ ਕੁਲੈਕਟਰ ਸ਼ਾਲਿਨੀ ਅਗਰਵਾਲ, ਆਲ ਇੰਡੀਆ ਸਕੱਤਰ ਮਨੋਜ ਗੁਪਤਾ ਦੇ ਨਾਲ-ਨਾਲ ਦੇਸ਼ ਭਰ ਦੇ ਵੱਖ-ਵੱਖ ਨਗਰ ਨਿਗਮਾਂ ਦੇ ਮੇਅਰ ਅਤੇ ਪ੍ਰਤੀਨਿਧੀ ਮੌਜੂਦ ਸਨ। ਮੇਅਰ ਸੁਰਿੰਦਰ ਕੁਮਾਰ ਨੇ ਕੌਂਸਲ ਵੱਲੋਂ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪਣ ਲਈ ਸਾਰੇ ਅਧਿਕਾਰੀਆਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਆਪਣੇ ਤਜਰਬੇ ਦੀ ਵਰਤੋਂ ਕਰਨਗੇ ਅਤੇ ਦੇਸ਼ ਭਰ ਦੇ ਸ਼ਹਿਰੀ ਸੰਸਥਾਵਾਂ ਦੇ ਹਿੱਤ ਵਿੱਚ ਸਰਗਰਮ ਭੂਮਿਕਾ ਨਿਭਾਉਣਗੇ।



18-Dec-PAGE-9.qxd 12/17/2025 10:26 PM Page 1



# ‘ਜੀ ਰਾਮ ਜੀ’ ਦਾ ਮਤਲਬ ਕੰਮ ਦੀ ਕੋਈ ਗਾਰੰਟੀ ਨਹੀਂ, ਸੂਬਿਆਂ ’ਤੇ ਪਵੇਗਾ ਵੱਡਾ ਵਿੱਤੀ ਬੋਝ : ਨੀਲ ਗਰਗ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਐਂਪਲਾਇਮੈਂਟ ਗਾਰੰਟੀ ਐਕਟ (ਮਨਰੇਗਾ) ਨੂੰ ਖਤਮ ਕਰਨ ਅਤੇ ਇਸ ਦੀ ਜਗ੍ਹਾ ਅਖੌਤੀ ਵਿਕਸਿਤ ਭਾਰਤ ਗਾਰੰਟੀ ਫਾਰ ਰੋਜ਼ਗਾਰ ਅਤੇ ਆਜੀਵਿਕਾ ਮਿਸ਼ਨ ਗ੍ਰਾਮੀਣ (ਵੀ ਬੀ-ਜੀ ਰਾਮ ਜੀ) ਲਿਆਉਣ ਦੇ ਕੇਂਦਰ ਸਰਕਾਰ ਦੇ ਕਦਮ ਦੀ ਸਖ਼ਤ ਨਿੰਦਾ ਕੀਤੀ ਅਤੇ ਇਸ ਨੂੰ ਦੇਸ਼ ਭਰ ਦੇ ਪੇਂਡੂ ਮਜ਼ਦੂਰਾਂ ਦੇ ਅਧਿਕਾਰਾਂ, ਮਾਣ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਨੂੰ ਕਮਜ਼ੋਰ ਕਰਨ ਦੇ ਇਰਾਦੇ ਨਾਲ ਇੱਕ ‘ਸੋਚੀ ਸਮਝੀ ਚਾਲ’ ਕਰਾਰ ਦਿੱਤਾ।‘ਆਪ’ ਪੰਜਾਬ ਦੇ ਬੁਲਾਰੇ ਨੀਲ ਗਰਗ ਨੇ ‘ਆਪ’ ਆਗੂ ਸਫਲ ਹਰਪ੍ਰੀਤ ਸਿੰਘ ਨਾਲ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਬਾਅਦ, ਮੋਦੀ ਸਰਕਾਰ ਲਗਾਤਾਰ ਖੋਖਲੇ ਨਾਅਰਿਆਂ ਅਤੇ ਸਿਆਸੀ ਨਾਟਕਾਂ ’ਤੇ ਨਿਰਭਰ ਰਹੀ ਹੈ। ਹੁਣ ਸਮਾਜ ਦੇ ਸਭ ਤੋਂ ਗਰੀਬ ਵਰਗਾਂ ਲਈ ਬਣਾਈਆਂ ਭਲਾਈ ਗਾਰੰਟੀਆਂ ਨੂੰ ਯੋਜਨਾਬੱਧ ਢੰਗ ਨਾਲ ਖਤਮ ਕਰ ਰਹੀ ਹੈ। ਗਰਗ ਨੇ ਕਿਹਾ ਕਿ ਇਹ ਸਿਰਫ਼ ਨਾਮ ਬਦਲਣ ਜਾਂ ਮਹਾਤਮਾ ਗਾਂਧੀ ਦਾ ਨਾਂਅ ਹਟਾਉਣ ਬਾਰੇ ਨਹੀਂ ਹੈ। ਅਸਲ ਮੁੱਦਾ ਇਹ ਹੈ ਕਿ ਕੇਂਦਰ ਨੇ ਅਸਲ ਵਿੱਚ ਮਨਰੇਗਾ ਦੇ ਖਾਤਮੇ ਦਾ ਐਲਾਨ ਕਰ ਦਿੱਤਾ ਹੈ ਅਤੇ ਨਿਰਮਿਤ ਟੀ ਵੀ ਬਹਿਸਾਂ ਤੇ ਧਿਆਨ ਭਟਕਾਉਣ ਵਾਲੀਆਂ ਚੀਜ਼ਾਂ ਦੇ ਪਿੱਛੇ ਆਪਣਾ ਮਜ਼ਦੂਰ ਵਿਰੋਧੀ ਏਜੰਡਾ ਲੁਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਗਰਗ ਨੇ ਚੇਤਾਵਨੀ ਦਿੱਤੀ ਕਿ 12 ਕਰੋੜ ਤੋਂ ਵੱਧ ਪੇਂਡੂ ਕਾਮੇ, ਜਿਨ੍ਹਾਂ ਕੋਲ ਵਰਤਮਾਨ ਵਿੱਚ ਮਨਰੇਗਾ ਜੌਬ ਕਾਰਡ ਹਨ, ਇਸ ਨਵੇਂ ਬਿੱਲ ਨਾਲ ਸਿੱਧੇ ਤੌਰ ’ਤੇ ਪ੍ਰਭਾਵਿਤ ਹੋਣਗੇ। ਭਾਵੇਂ ਸਰਕਾਰ ਕੰਮ ਦੇ ਗਾਰੰਟੀਸ਼ੁਦਾ ਦਿਨ 100 ਤੋਂ ਵਧਾ ਕੇ 125 ਕਰਨ ਦਾ ਦਾਅਵਾ ਕਰ ਰਹੀ ਹੈ, ਪਰ ਪ੍ਰਸਤਾਵਿਤ ਕਾਨੂੰਨ ਦੀਆਂ ਬਾਰੀਕੀਆਂ ਇੱਕ ਖ਼ਤਰਨਾਕ ਹਕੀਕਤ ਨੂੰ ਉਜਾਗਰ ਕਰਦੀਆਂ ਹਨ।




# ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਲਈ ਵੋਟਾਂ ਦੀ ਗਿਣਤੀ ਦੀਆਂ ਤਿਆਰੀਆਂ ਮੁਕੰਮਲ

**ਮਹਿਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਆਮ ਚੋਣਾਂ-2025 ਲਈ ਵੋਟਾਂ ਦੀ ਗਿਣਤੀ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਗਿਣਤੀ ਸਟਾਫ਼ ਨੂੰ ਉਨ੍ਹਾਂ ਦੇ ਡਿਊਟੀ ਆਰਡਰ ਸੌਂਪ ਦਿੱਤੇ ਗਏ ਹਨ ਅਤੇ ਗਿਣਤੀ ਦਾ ਕੰਮ ਜ਼ਿਲ੍ਹੇ ਦੇ ਸਾਰੇ ਦਸ ਬਲਾਕਾਂ ਵਿੱਚ ਨਿਰਧਾਰਤ ਥਾਵਾਂ ’ਤੇ ਪੂਰਾ ਕੀਤਾ ਜਾਵੇਗਾ। ਪ੍ਰਸ਼ਾਸਨ ਨੇ ਇਹ ਯਕੀਨੀ ਬਣਾਇਆ ਹੈ ਕਿ ਗਿਣਤੀ ਪ੍ਰਕਿਰਿਆ ਨਿਰਪੱਖ, ਪਾਰਦਰਸ਼ੀ ਅਤੇ ਸ਼ਾਂਤੀਪੂਰਨ ਢੰਗ ਨਾਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਗਿਣਤੀ 17 ਦਸੰਬਰ ਨੂੰ ਸਵੇਰੇ 8 ਵਜੇ ਨਿਰਧਾਰਤ ਥਾਵਾਂ ’ਤੇ ਸ਼ੁਰੂ ਹੋਵੇਗੀ।ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਜਾਣਕਾਰੀ ਦਿੱਤੀ ਕਿ ਗੜ੍ਹਸ਼ੰਕਰ ਬਲਾਕ ਦੀ ਗਿਣਤੀ ਬੀ ਏ ਐੱਸ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਚ ਹੋਵੇਗੀ।ਮਾਹਿਲਪੁਰ ਬਲਾਕ ਦੀ ਐੱਸ ਜੀ ਜੀ ਐੱਸ ਖ਼ਾਲਸਾ ਕਾਲਜ ਮਾਹਿਲਪੁਰ ਵਿਚ, ਹੁਸ਼ਿਆਰਪੁਰ-1 ਦੀ ਐੱਮ ਐੱਸ ਡੀ ਸੀ ਆਈ ਟੀ ਆਈ ਕੈਂਪਸ ਹੁਸ਼ਿਆਰਪੁਰ ਅਤੇ ਹੁਸ਼ਿਆਰਪੁਰ-2 ਦੀ ਪੰਡਿਤ ਜਗਤ ਰਾਮ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਵਿਚ ਕੀਤੀ ਜਾਵੇਗੀ। ਇਸੇ ਤਰ੍ਹਾਂ ਭੂੰਗਾ ਬਲਾਕ ਦੀ ਵੋਟਾਂ ਦੀ ਗਿਣਤੀ ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਡੱਲੇਵਾਲ ਵਿਚ, ਟਾਂਡਾ ਬਲਾਕ ਦੀ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਕਾਲਜ ਟਾਂਡਾ, ਦਸੂਹਾ ਬਲਾਕ ਦੀ ਸਕੂਲ ਆਫ਼ ਐਮੀਨੈਂਸ ਦਸੂਹਾ ਵਿਚ, ਮੁਕੇਰੀਆਂ ਬਲਾਕ ਦੀ ਐਸ.ਪੀ.ਐਨ ਕਾਲਜ ਮੁਕੇਰੀਆਂ ਵਿਚ, ਹਾਜੀਪੁਰ ਦੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਹਾਜੀਪੁਰ ਵਿਚ ਅਤੇ ਤਲਵਾੜਾ ਬਲਾਕ ਦੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਤਲਵਾੜਾ ਵਿਚ ਕੀਤੀ ਜਾਵੇਗੀ। ਜ਼ਿਲਾ ਚੋਣ ਅਫਸਰ ਨੇ ਦੱਸਿਆ ਕਿ ਗਿਣਤੀ ਕੇਂਦਰਾਂ ਵਿੱਚ ਸੁਰੱਖਿਆ ਅਤੇ ਹੋਰਨਾਂ ਪ੍ਰਬੰਧਾਂ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਾਰੇ ਸਬੰਧਿਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਪ੍ਰਤੀਬੱਧਤਾ ਅਤੇ ਨਿਰਪੱਖਤਾ ਨਾਲ ਨਿਭਾਉਣ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਗਿਣਤੀ ਪ੍ਰਕਿਰਿਆ ਪੂਰੇ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਮੁਕੰਮਲ ਕੀਤੀ ਜਾਵੇਗੀ।ਜ਼ਿਕਰਯੋਗ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ’ਚ ਜ਼ਿਲ੍ਹਾ ਪ੍ਰੀਸ਼ਦ ਲਈ ਕੁੱਲ 80 ਉਮੀਦਵਾਰਾਂ ਨੇ ਅਤੇ ਪੰਚਾਇਤ ਸੰਮਤੀਆਂ ਲਈ 582 ਉਮੀਦਵਾਰਾਂ ਨੇ ਚੋਣ ਲੜੀ ਸੀ, ਜਦਕਿ 17 ਪੰਚਾਇਤ ਸੰਮਤੀ ਮੈਂਬਰ ਬਿਨਾਂ ਮੁਕਾਬਲਾ/ਸਰਬਸੰਮਤੀ ਨਾਲ ਚੁਣੇ ਗਏ ਸਨ।



# ਵੈਟਰਨਰੀ ਇੰਸਪੈਕਟਰ ਅੱਜ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਦੇ ਦਫਤਰਾਂ ਸਾਹਮਣੇ ਦੇਣਗੇ ਧਰਨੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪਸ਼ੂ ਪਾਲਣ ਵਿਭਾਗ ਵਿੱਚ ਕੰਮ ਕਰਦੇ ਵੈਟਰਨਰੀ ਇੰਸਪੈਕਟਰ ਪਿਛਲੇ ਚਾਰ ਸਾਲ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ। ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ ਦੇ ਨੁਮਾਇੰਦਿਆਂ ਦੀਆਂ ਕਈ ਮੀਟਿੰਗਾਂ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਪਸ਼ੂ ਪਾਲਣ ਵਿਭਾਗ ਦੇ ਮਾਣਯੋਗ ਕੈਬਨਟ ਮੰਤਰੀ ਗੁਰਮੀਤ ਸਿੰਘ ਖੁਡੀਆਂ ਨਾਲ ਹੋ ਚੁੱਕੀਆਂ ਹਨ, ਪਰ ਵੈਟਨਰੀ ਇੰਸਪੈਕਟਰਾਂ ਦੀ ਕੋਈ ਇੱਕ ਵੀ ਮੰਗ ਸਰਕਾਰ ਦੁਆਰਾ ਪੂਰੀ ਨਹੀਂ ਕੀਤੀ ਗਈ। ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਨੇ 23 ਸਤੰਬਰ 2025 ਤੋਂ ਵਰਕ ਟੂ ਰੂਲ ਤੇ ਜਾਣ ਦਾ ਫੈਸਲਾ ਲਿਆ ਸੀ ਅਤੇ ਨਾਲ ਹੀ ਸਾਰੀਆਂ ਆਉਨਲਾਈਨ ਰਿਪੋਰਟਿੰਗ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਸੀ, ਤਿੰਨ ਮਹੀਨੇ ਬੀਤ ਜਾਣ ਦੇ ਬਾਵਜੂਦ ਸਰਕਾਰ ਨੇ ਵੈਟਨਰੀ ਇੰਸਪੈਕਟਰਾਂ ਐਸੋਸੀਏਸ਼ਨ ਨਾਲ ਕੋਈ ਮੀਟਿੰਗ ਕਰਕੇ ਉਹਨਾਂ ਦੀਆਂ ਦੁੱਖ ਤਕਲੀਫਾਂ ਸੁਣਨ ਦੀ ਬਜਾਏ ਵਿਭਾਗ ਦੀ ਅਫਸਰਸ਼ਾਹੀ ਰਾਹੀ ਵੈਟਨਰੀ ਇੰਸਪੈਕਟਰਾਂ ਉੱਪਰ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਹੈ, ਤੰਗ ਆ ਕੇ ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਨੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਫੈਸਲਾ ਲਿਆ ਹੈ ਜਿਸ ਦੀ ਸ਼ੁਰੂਆਤ 18 ਦਸੰਬਰ ਨੂੰ ਪੰਜਾਬ ਭਰ ਤੇ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਦੇ ਦਫਤਰਾਂ ਸਾਹਮਣੇ ਧਰਨੇ ਦੇ ਕੇ ਕੀਤੀ ਜਾਵੇਗੀ। ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਐਸੋਸੀਏਸ਼ਨ ਦੇ ਪ੍ਰਧਾਨ ਗੁਰਦੀਪ ਸਿੰਘ ਬਾਸੀ ਨੇ ਦੱਸਿਆ ਕਿ ਧਰਨਾ ਸ਼ਾਮ ਨੂੰ 3 ਵਜੇ ਤੋਂ ਲੈ ਕੇ 5 ਵਜੇ ਤੱਕ ਚਲੇਗਾ, ਅਗਰ ਸਰਕਾਰ ਨੇ ਇਸ ਤੋਂ ਬਾਅਦ ਵੀ ਉਹਨਾਂ ਦੀ ਆਵਾਜ਼ ਨੂੰ ਨਾ ਸੁਣਿਆ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਤੇ ਵਿਪਨ ਕੁਮਾਰ ਗੋਇਲ, ਗੁਰਦੀਪ ਸਿੰਘ ਛੰਨਾ, ਦਲਜੀਤ ਸਿੰਘ ਚਾਹਲ, ਰਜੀਵ ਮਲਹੋਤਰਾ, ਪਰਮਜੀਤ ਸਿੰਘ ਸੋਹੀ, ਹਰਯੋਧ ਸਿੰਘ ਸੈਣੀ, ਰਕੇਸ਼ ਸੈਣੀ, ਪਰਵੀਨ ਕੁਮਾਰ ਗੁਰਦਾਸਪੁਰ, ਸਤਨਾਮ ਸਿੰਘ ਅੰਮ੍ਰਿਤਸਰ, ਹਰਦੀਪ ਸਿੰਘ ਗਿਆਨਾ, ਸੰਜੀਵ ਚੌਧਰੀ ਹਾਜ਼ਰ ਸਨ।



# ਡੀ ਟੀ ਐੱਫ਼ ਨੇ ਚੋਣ ਕਮਿਸ਼ਨ ਦਾ ਪੁਤਲਾ ਫ਼ੂਕਿਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ ਟੀ ਐੱਫ਼) ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣ ਡਿਊਟੀ ਦੌਰਾਨ ਜਾਨ ਗਵਾਉਣ ਵਾਲੇ ਅਧਿਆਪਕ ਜੋੜੇ ਅਤੇ ਵੱਖ-ਵੱਖ ਥਾਈਂ ਹੋਏ ਹਾਦਸਿਆਂ ਵਿੱਚ ਜਖ਼ਮੀ ਹੋਏ ਅਧਿਆਪਕਾਂ ਨੂੰ ਇਨਸਾਫ ਦੁਆਉਣ ਲਈ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਹੁਸ਼ਿਆਰਪੁਰ ਮੂਹਰੇ ਜ਼ਿਲ੍ਹਾ ਪੱਧਰੀ ਧਰਨਾ ਦੇਣ ਤੋਂ ਬਾਅਦ ਪੰਜਾਬ ਸਰਕਾਰ ਅਤੇ ਰਾਜ ਚੋਣ ਕਮਿਸ਼ਨ ਖਿਲਾਫ਼ ਰੋਹ ਭਰਪੂਰ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ ਅਤੇ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ। ਇਸ ਰੋਸ ਮੁਜਾਹਰੇ ਨੂੰ ਸੰਬੋਧਨ ਕਰਦਿਆਂ ਡੀ ਟੀ ਐੱਫ. ਦੇ ਸੂਬਾ ਜੁਆਇੰਟ ਸਕੱਤਰ ਮੁਕੇਸ਼ ਕੁਮਾਰ, ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ, ਪ੍ਰੈੱਸ ਸਕੱਤਰ ਬਲਜੀਤ ਸਿੰਘ ਮਹਿਮੋਵਾਲ ਅਤੇ ਜੁਆਇੰਟ ਸਕੱਤਰ ਪ੍ਰਵੀਨ ਸ਼ੇਰਪੁਰ ਅਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਮੋਰਚੇ ਦੇ ਆਗੂ ਸਤੀਸ਼ ਰਾਣਾ ਨੇ ਕਿਹਾ ਕਿ ਚੋਣ ਕਮਿਸ਼ਨ ਅਤੇ ਅਫ਼ਸਰਸ਼ਾਹੀ ਦੇ ਨਾਕਸ ਚੋਣ ਪ੍ਰਬੰਧਾਂ ਕਾਰਨ ਚੋਣਾਂ ਵਾਲੇ ਦਿਨ ਸਵੇਰੇ 14 ਦਸੰਬਰ ਨੂੰ ਚੋਣ ਡਿਊਟੀ ਉੱਤੇ ਜਾ ਰਹੇ ਅਧਿਆਪਕ ਜਸਕਰਨ ਭੁੱਲਰ ਅਤੇ ਉਹਨਾਂ ਦੀ ਪਤਨੀ ਅਧਿਆਪਕਾ ਕਮਲਜੀਤ ਕੌਰ ਦੀ ਸਵੇਰੇ ਮੋਗਾ ਜ਼ਿਲ੍ਹੇ ਵਿੱਚ ਕਾਰ ਪਾਣੀ ਦੇ ਸੂਏ ਵਿੱਚ ਡਿੱਗਣ ਕਾਰਨ ਮੌਤ ਹੋ ਗਈ ਸੀ। ਇਸੇ ਤਰ੍ਹਾਂ ਮੂਣਕ (ਜ਼ਿਲ੍ਹਾ ਸੰਗਰੂਰ) ਵਿਖੇ ਐਸੋਸੀਏਟ ਅਧਿਆਪਕਾ ਰਾਜਵੀਰ ਕੌਰ ਵੀ ਸੂਏ ਵਿੱਚ ਕਾਰ ਡਿੱਗਣ ਕਾਰਨ ਫੱਟੜ ਹੋ ਗਈ। ਇਸੇ ਤਰ੍ਹਾਂ ਦੀ ਸਿੱਖਿਆ ਪ੍ਰੋਵਾਇਡਰ ਅਧਿਆਪਕਾ ਪਰਮਜੀਤ ਕੌਰ ਦੀ ਪਾਤੜਾਂ ਵਿਖੇ ਹੋਈ ਦੁਰਘਟਨਾ ਸਮੇਤ ਪੰਜਾਬ ਵਿੱਚ ਕਈ ਥਾਵਾਂ ਉਪਰ ਹੋਰ ਵੀ ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਦੀ ਚੋਣ ਡਿਊਟੀਆਂ ਦੇ ਮਾਮਲੇ ਵਿੱਚ ਕੀਤੀ ਮਨਮਰਜੀ ਅਤੇ ਅਣਗਹਿਲੀ ਕਾਰਨ ਅਜਿਹੀਆਂ ਘਟਨਾਵਾਂ ਦਾ ਅਧਿਆਪਕਾਂ ਨੂੰ ਸ਼ਿਕਾਰ ਹੋਣਾ ਪਿਆ, ਜਿਸ ਕਾਰਨ ਅਧਿਆਪਕਾਂ ਅੰਦਰ ਬਹੁਤ ਵੱਡਾ ਰੋਸ ਹੈ। ਆਗੂਆਂ ਨੇ ਮੰਗ ਕੀਤੀ ਕਿ ਸਦੀਵੀ ਵਿਛੋੜਾ ਦੇ ਗਏ ਅਧਿਆਪਕ ਸਾਥੀਆਂ ਜਸਕਰਨ ਸਿੰਘ ਅਤੇ ਕਮਲਜੀਤ ਕੌਰ ਦੀ ਭਿਆਨਕ ਮੌਤ ’ਤੇ 2-2 ਕਰੋੜ ਰੁਪਏ ਦਾ ਮੁਆਵਜਾ ਉਨ੍ਹਾਂ ਦੇ ਬੱਚਿਆਂ ਦੇ ਨਾਂਅ ’ਤੇ ਤੁਰੰਤ ਜਾਰੀ ਕੀਤਾ ਜਾਵੇ ਅਤੇ ਬੱਚਿਆਂ ਦਾ ਪੜ੍ਹਾਈ ਦਾ ਖ਼ਰਚਾ ਵੀ ਸਰਕਾਰ ਉਠਾਵੇ ਅਤੇ ਦੋਵਾਂ ਬੱਚਿਆਂ ਲਈ ਸਰਕਾਰੀ ਨੌਕਰੀ ਰਾਖਵੀਂ ਰੱਖੀ ਜਾਵੇ। ਇਸੇ ਤਰ੍ਹਾਂ ਆਗੂਆਂ ਨੇ ਅੱਗੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਹਾਦਸੇ ਦੇ ਸ਼ਿਕਾਰ ਹੋਏ ਅਧਿਆਪਕਾਂ ਨੂੰ ਇਨਸਾਫ ਨਹੀਂ ਮਿਲਦਾ ਤਾਂ ਜਲਦ ਅਗਲੇ ਐਕਸ਼ਨ ਉਲੀਕੇ ਜਾਣਗੇ। ਇਸ ਮੌਕੇ ਅਸ਼ਨੀ ਕੁਮਾਰ, ਰਮੇਸ਼ ਬੱਗਾ, ਬਿਕਰਮਜੀਤਸਿੰਘ, ਨੰਦ ਰਾਮ, ਗੁਰਪ੍ਰੀਤਸਿੰਘ, ਜੀਵਨ ਕੁਮਾਰ ਸੰਧੂ, ਪਰਮਜੀਤ ਸਿੰਘ ਦਸੂਹਾ, ਰਜਿੰਦਰ ਕੁਮਾਰ, ਅਮਰਦੀਪ ਸਿੰਘ, ਰੇਸ਼ਮ ਸਿੰਘ ਧੁੱਗਾ, ਜਗਦੀਪ,ਕੁਮਾਰ, ਜਸਵਿੰਦਰ ਝਿੰਗੜ, ਪੁਨੀਤ ਕੁਮਾਰ, ਕੁਲਵਿੰਦਰ ਸਿੰਘ ਅਤੇ ਜਤਿੰਦਰ ਸਿੰਘ ਵੀ ਹਾਜ਼ਰ ਰਹੇ।

# ਸਾਲਾਨਾ ਸਪੋਰਟਸ ਮੀਟ ਦਾ ਆਯੋਜਨ



**ਨਕੋਦਰ (ਰੀਨਾ ਸ਼ਰਮਾ)**- ਸਥਾਨਕ ਇੰਡੋ ਸਵਿਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿਖੇ ਸਾਲਾਨਾ ਸਪੋਰਟਸ ਮੀਟ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਕੂਲ ਦੇ ਕਿੰਡਰਗਾਰਟਨ ਦੇ ਵਿਦਿਆਰਥੀਆਂ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਬੜੇ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ। ਸਕੂਲ ਦੇ ਖੇਡ ਮੈਦਾਨ ਨੂੰ ਰੰਗ-ਬਿਰੰਗੇ ਝੰਡਿਆਂ ਅਤੇ ਸਜਾਵਟੀ ਸਮੱਗਰੀ ਨਾਲ ਸਜਾਇਆ ਗਿਆ, ਜਿਸ ਨਾਲ ਪੂਰਾ ਮਾਹੌਲ ਖੇਡਾਂ ਦੀ ਰੌਣਕ ਨਾਲ ਗੂੰਜ ਉੱਠਿਆ। ਕਾਰਜਕ੍ਰਮ ਦੀ ਸ਼ੁਰੂਆਤ ਵਿੱਚ ਸਕੂਲ ਮੈਨੇਜਮੈਂਟ ਦੇ ਚੇਅਰਮੈਨ ਵਿਪਨ ਸ਼ਰਮਾ, ਚੇਅਰਪਰਸਨ ਮੈਡਮ ਜਯੋਤੀ ਸ਼ਰਮਾ, ਐੱਮ ਡੀ ਸ਼ਿਵਮ ਸ਼ਰਮਾ ਅਤੇ ਚੀਫ਼ ਗੈਸਟ ਡੀ ਐੱਸ ਪੀ ਓਂਕਾਰ ਸਿੰਘ ਬਰਾੜ ਦਾ ਖੇਡ ਮੈਦਾਨ ਵਿੱਚ ਏਸਕੌਰਟਿੰਗ ਗਰੁੱਪ ਤੇ ਮਾਰਚ ਪਾਸਟ ਨਾਲ ਸ਼ਿਰਕਤ ਕਰਨ ’ਤੇ ਸਵਾਗਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਵਿਪਨ ਸ਼ਰਮਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਪੋਰਟਸ ਮੀਟ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ, ਟੀਮ ਵਰਕ ਅਤੇ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਨਾ ਹੈ। ਉਨ੍ਹਾਂ ਨੇ ਕਿਹਾ ਕਿ ਖੇਡਾਂ ਨਾਲ ਬੱਚਿਆਂ ਦਾ ਸਿਰਫ਼ ਸਰੀਰਕ ਹੀ ਨਹੀਂ, ਸਗੋਂ ਮਾਨਸਿਕ ਵਿਕਾਸ ਵੀ ਤੇਜ਼ੀ ਨਾਲ ਹੁੰਦਾ ਹੈ। ਖੇਡਾਂ ਦੀ ਸ਼ੁਰੂਆਤ ਮੈਨੇਜਮੈਂਟ ਕਮੇਟੀ, ਚੀਫ਼ ਗੈਸਟ ਅਤੇ ਸਕੂਲ ਪ੍ਰਿੰਸੀਪਲ ਦੁਆਰਾ ਸ਼ਮਾ ਰੌਸ਼ਨ ਕਰਨ ਅਤੇ ਖੇਡਾਂ ਦੀ ਮਸ਼ਾਲ ਜਲਾਉਣ ਨਾਲ ਹੋਈ। ਸਕੂਲ ਦੇ ਹੈੱਡ ਬੁਆਏ, ਹੈੱਡ ਗਰਲ,ਵੱਖ-ਵੱਖ ਹਾਊਸ ਦੇ ਕੈਪਟਨਜ਼, ਵਾਈਸ ਕੈਪਟਨ ਅਤੇ ਹਾਊਸ ਦੇ ਵਿਦਿਆਰਥੀਆਂ ਨੇ ਸੁਚੱਜੇ ਢੰਗ ਨਾਲ ਆਪਣੀ-ਆਪਣੀ ਜ਼ਿੰਮੇਵਾਰੀ ਨਿਭਾਕੇ ਖੇਡ ਅਨੁਸ਼ਾਸਨ ਦੀ ਝਲਕ ਪੇਸ਼ ਕੀਤੀ। ਇਸ ਸਪੋਰਟਸ ਮੀਟ ਵਿੱਚ ਕਿੰਡਰਗਾਰਟਨ ਦੇ ਵਿਦਿਆਰਥੀਆਂ ਨੇ 50 ਮੀਟਰ ਰੇਸ, ਬੈਲੂਨ ਪਿੰਚਿੰਗ ਰੇਸ, ਜਿਗਜੈਗ ਰੇਸ, ਕੰਗਾਰੂ ਰੇਸ,ਕੱਪ ਐਂਡ ਬਾਲ ਬੈਲਸਿੰਗ ਰੇਸ ਅਤੇ ਰੈਬਿਟ ਐਂਡ ਕੈਰਟ ਰੇਸ ਵਿੱਚ ਭਾਗ ਲਿਆ। ਪਹਿਲੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਹਰਡਲ ਰੇਸ, ਫਿਲ ਦੀ ਬੋਟਲ ਰੇਸ, ਟਾਵਰ ਰੇਸ, ਸਪੂਨ ਐਂਡ ਲੈਮਨ ਰੇਸ ,100 ਮੀਟਰ ਰੇਸ, ਥਰੀ ਲੈੱਗ ਰੇਸ, ਕੋਨ ਰੇਸ, ਬੈਲਸਿੰਗ ਰੇਸ, ਪਿਰਾਮਿਡ ਰੇਸ ਅਤੇ ਸਕਿਪਿੰਗ ਰੇਸ ਵਿੱਚ ਭਾਗ ਲਿਆ। ਛੇਵੀਂ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਰਸ਼ ਟੂ ਸਕੂਲ ਰੇਸ ,ਬੈਕ ਟੂ ਬੈਕ ਬਾਲ ਰੇਸ ਇਨ ਪਾਰਟਨਰਜ਼ ਵਨ ਲੈੱਗ ਰੇਸ,ਸੇਕ ਰੇਸ, ਨੀਡਲ ਰੇਸ, ਪਾਰਟਨਰ ਆਨ ਬੈਕ ਰੇਸ, ਜਗਲਿੰਗ ਵਿੱਦ ਬੈਡਮਿੰਟਨ ਐਂਡ ਬਾਲ, ਟੱਗ ਆਫ਼ ਵਾਰ (ਬੁਆਏਜ਼ ਐਂਡ ਗਰਲਜ਼ ) ਵਿੱਚ ਭਾਗ ਲੈਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਪੋਰਟਸ ਮੀਟ ਵਿੱਚ ਸਕੂਲ ਦੇ ਵੱਖ-ਵੱਖ ਹਾਊਸਾਂ ਵਿਚਕਾਰ ਵਾਲੀਬਾਲ ਅਤੇ ਬਾਸਕਟਬਾਲ ਦਾ ਮੈਚ ਕਰਵਾਇਆ ਗਿਆ, ਜਿਸ ਵਿੱਚ ਭਗਤ ਹਾਊਸ ਜੇਤੂ ਰਿਹਾ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਗਿੱਧਾ, ਭੰਗੜਾ ਅਤੇ ਜ਼ੁੰਬਾ ਪੇਸ਼ ਕੀਤਾ ਗਿਆ। ਸਪੋਰਟਸ ਮੀਟ ਦੇ ਅਖੀਰ ਵਿੱਚ ਸਕੂਲ ਮੈਨੇਜਮੈਂਟ ਕਮੇਟੀ, ਪ੍ਰਿੰਸੀਪਲ ਅਤੇ ਚੀਫ਼ ਗੈਸਟ ਡੀ ਐੱਸ ਪੀ ਨੇ ਖੇਡਾਂ ਅਤੇ ਅਕਾਦਮਿਕ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਐਵਾਰਡ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੀ ਸਕੂਲ ਵਿੱਚ ਪੂਰੀ ਲਗਨ ਤੇ ਮਿਹਨਤ ਨਾਲ ਵਧੀਆ ਭੂਮਿਕਾ ਨਿਭਾਉਣ ਵਾਲੇ ਸਟਾਫ਼ ਮੈਂਬਰਾਂ ਨੂੰ ਐਪਰੀਸੀਏਸ਼ਨ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਉਧਮ ਹਾਊਸ ਨੂੰ ਓਵਰ ਆਲ ਟਰਾਫੀ ਨਾਲ ਨਿਵਾਜਿਆ ਗਿਆ। ਸਕੂਲ ਹੈੱਡ ਬੁਆਏ ਅਤੇ ਹੈੱਡ ਗਰਲ ਨੂੰ ਵੀ ਟਰਾਫੀ ਨਾਲ ਸਨਮਾਨਤ ਕੀਤਾ ਗਿਆ।

# ਸੰਤ ਸੰਮੇਲਨ ਤੇ ਕੀਰਤਨ ਦਰਬਾਰ ਕਰਵਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਟਰੱਸਟ ਨਵਾਂਸ਼ਹਿਰ ਵਲੋਂ ਦਾਣਾ ਮੰਡੀ ਨਵਾਂ ਸ਼ਹਿਰ ਜ਼ਿਲ੍ਹਾ ਸ਼ ਭ ਸ ਨਗਰ ਵਿਖੇ 19ਵਾਂ ਮਹਾਨ ਸੰਤ ਸੰਮੇਲਨ ਤੇ ਕੀਰਤਨ ਦਰਬਾਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ 108 ਸੰਤ ਨਿਰੰਜਨ ਦਾਸ ਜੀ ਗੱਦੀ ਨਸ਼ੀਨ ਡੇਰਾ ਸੰਤ ਸਰਵਣ ਦਾਸ ਜੀ ਸੱਚ ਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ। ਇਸ ਮੌਕੇ ਤੇ ਸਤਿਗੁਰੂ ਰਵਿਦਾਸ ਅੰਮ੍ਰਿਤ ਬਾਣੀ ਭਵਨ ਇਬਰਾਹੀਮ ਬਸਤੀ ਦਾ ਉਦਘਾਟਨ ਸੰਤ ਨਿਰੰਜਨ ਦਾਸ ਜੀ ਡੇਰਾ ਸੱਚਖੰਡ ਬੱਲਾਂ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਕੀਰਤਨ ਦਰਬਾਰ ਵਿੱਚ ਮਿਸ਼ਨਰੀ ਗਾਇਕ ਐੱਸ ਐੱਸ ਆਜ਼ਾਦ ਅਤੇ ਭਾਈ ਗੁਰਦੀਪ ਸਿੰਘ ਸਕੋਹਪੁਰ ਨੇ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਨਾਲ ਜੋੜਿਆ।ਇਸ ਸੰਤ ਸੰਮੇਲਨ ਵਿੱਚ ਸਰਵ ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਡੇਰਾ ਸੱਚਖੰਡ ਬੱਲਾਂ, ਸੰਤ ਪ੍ਰੀਤਮ ਦਾਸ ਜੀ ਡੇਰਾ ਸੰਗਤ ਪੁਰ, ਸੰਤ ਕ੍ਰਿਸ਼ਨ ਨਾਥ ਜੀ ਡੇਰਾ ਚਹੇੜੂ, ਸੰਤ ਲੇਖ ਰਾਜ ਜੀ ਨੂਰਪੁਰ , ਸੰਤ ਹਰਵਿੰਦਰ ਦਾਸ ਜੀ ਡੇਰਾ ਈਸਪੁਰ, ਸੰਤ ਸੁਖਵਿੰਦਰ ਦਾਸ ਜੀ ਡੇਰਾ ਢੱਡੇ, ਸਾਈਂ ਬਾਬਾ ਪੱਪਲ ਸ਼ਾਹ ਜੀ ਭਰੋ ਮਜਾਰਾ ਆਦਿ ਮਹਾਂਪੁਰਖਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਵਿਚਾਰਧਾਰਾ ਨਾਲ ਜੋੜਿਆ ਅਤੇ ਜੀਵਨ ਸੇਧ ਪ੍ਰਦਾਨ ਕੀਤੀ। ਉਨ੍ਹਾਂ ਨੇ ਸੰਗਤਾਂ ਨੂੰ ਨਸ਼ਿਆਂ ਤੋਂ ਰਹਿਤ ਜੀਵਨ ਬਤੀਤ ਕਰਨ ਅਤੇ ਬੱਚਿਆਂ ਨੂੰ ਵੱਧ ਤੋਂ ਵੱਧ ਸਿਖਿਆ ਪ੍ਰਾਪਤ ਕਰਵਾਉਣ ਦਾ ਉਪਦੇਸ਼ ਦਿੱਤਾ। ਇਸ ਮੌਕੇ ਤੇ ‘ਹਰਿ ਦਾ ਜਾਪ’ ਦਾ ਪੋਸਟਰ ਸੰਤਾਂ ਮਹਾਪੁਰਸ਼ਾਂ ਨੇ ਆਪਣੇ ਕਰ ਕਮਲਾਂ ਨਾਲ ਰਿਲੀਜ਼ ਕੀਤਾ। ਇਸ ਜਾਪ ਨੂੰ ਨਾਮਵਰ ਗਾਇਕਾ ਅਨੁਰਾਧਾ ਪੌਡਵਾਲ ਨੇ ਗਾਇਆ ਹੈ ਤੇ ਇਸ ਦੇ ਲੇਖਕ ਹਨ ਸੱਤ ਪਾਲ ਸਾਹਲੋਂ, ਸੰਗੀਤਕਾਰ ਹਨ ਰੋਹਿਤ ਕੁਮਾਰ ਬੌਬੀ ਨੇ, ਵੀਡੀਓ ਡਾਇਰੈਕਟਰ ਹਨ ਬਾਬਾ ਕਮਲ ਅਤੇ ਇਸ ਨੂੰ ਰਿਲੀਜ਼ ਕੀਤਾ ਹੈ ਆਰ ਦੇ ਬੀਟਾ ਤੇ ਰਾਮ ਭੋਗਪੁਰੀਆ ਨੇ। ਇਸ ਮੌਕੇ ਤੇ ਸਰਵ ਸ੍ਰੀ ਸੱਤ ਪਾਲ ਸਾਹਲੋਂ, ਪਰਮਜੀਤ ਮਹਾਲੋਂ , ਜੋਗਿੰਦਰ ਸਿੰਘ ਮੈਂਗੜਾ, ਰਾਮ ਆਸਰਾ, ਹਰਮੇਸ਼ ਥਾਂਦੀਆਂ, ਜੋਗਾ ਸਿੰਘ ਜੀਂਦੋਵਾਲ, ਡਾ. ਗੁਰਨਾਮ ਸਿੰਘ, ਰਾਮ ਲੁਭਾਇਆ ਬਹਾਦਰ ਪੁਰ, ਅਮਨਦੀਪ ਸਿੰਘ ਸੱਲ੍ਹਣ, ਰਸ਼ਪਾਲ ਸਿੰਘ ਬਿੱਟੂ, ਰੇਸ਼ਮ ਸਿੰਘ ਐਡਵੋਕੇਟ, ਨਿਰਮਲ ਭੰਗਲਾਂ, ਝਲਮਣ ਹੰਸਰੋਂ, ਦਰਸ਼ਨ ਰਾਮ ਪੱਲੀ ਉੱਚੀ, ਮਾਸਟਰ ਗਿੰਦ ਰਾਮ, ਮਾਸਟਰ ਹਰਬਲਾਸ, ਪਰਮਜੀਤ ਮਹਿਰਮ ਪੁਰ, ਸੱਤ ਪਾਲ ਬੇਲੀ, ਹਰਮੇਸ਼ ਮੇਸ਼ੀ, ਬਿੱਟੂ ਮਿਸਤਰੀ ਨਵੀਂ ਆਬਾਦੀ ਆਦਿ ਮੈਂਬਰਾਂ ਨੇ ਭਾਗ ਲਿਆ।ਇਸ ਮੌਕੇ ਸੰਗਤਾਂ ਲਈ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ।



# ਵੋਟਾਂ ਦੀ ਗਿਣਤੀ ਲਈ ਅਧਿਆਪਕਾਂ ਦੀ ਡਿਊਟੀ ਦੂਰ-ਦੁਰਾਡੇ ਲਗਾਉਣ ਦੀ ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਨਿਖੇਧੀ



**ਮਹਿਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਵੋਟਾਂ ਦੀ ਗਿਣਤੀ ਲਈ ਕਾਉਂਟਿੰਗ ਸਟਾਫ ਖਾਸ ਕਰਕੇ ਸਕੂਲਾਂ ਦੇ ਅਧਿਆਪਕਾਂ ਦੀ ਡਿਊਟੀ ਦੂਰ ਦੁਰਾਡੇ ਲਗਾਉਣ ਦੀ ਗੌਰਮਿੰਟ ਟੀਚਰਜ ਯੂਨੀਅਨ ਨਿਖੇਧੀ ਕਰਦੀ ਹੈ।ਇਸ ਕਾਉਂਟਿੰਗ ਅਮਲੇ ਦੀ ਡਿਊਟੀ ਸੌ-ਸੌ ਕਿਲੋਮੀਟਰ ਦੂਰ ਲਗਾਉਣ ਨਾਲ ਅਧਿਆਪਕਾਂ ਅੰਦਰ ਕਾਫੀ ਰੋਸ ਹੈ।ਦੂਰ ਦੁਰਾਡੇ ਡਿਊਟੀ ’ਤੇ ਪਹੁੰਚਣ ਲਈ ਹਫੜਾ ਦਫੜੀ ਵਿੱਚ ਕਈ ਵਾਰ ਮੋਗਾ ਜ਼ਿਲ੍ਹੇ ਵਿੱਚ ਅਧਿਆਪਕ ਜੋੜੇ ਦੀ ਮੌਤ ਵਰਗੀਆਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ।ਪ੍ਰੰਤੂ ਜ਼ਿਲ੍ਹਾ ਪ੍ਰਸ਼ਾਸਨ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਕੋਟ ਫਤੂਹੀ ਦੇ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ ਅਤੇ ਜ਼ਿਲ੍ਹਾ ਆਗੂ ਪਰਮਜੀਤ ਕਾਤਿਬ ਨੇ ਅਧਿਆਪਕਾਂ ਦੀ ਇੱਕ ਅਹਿਮ ਮੀਟਿੰਗ ਵਿੱਚ ਕੋਟ ਫਤੂਹੀ ਵਿਖੇ ਕੀਤਾ।ਆਗੂਆਂ ਨੇ ਕਿਹਾ ਕਿ ਕਾਉਂਟਿੰਗ ਲਈ ਲੋਕਲ ਸਟਾਫ ਦੀ ਲੋਕਲ ਕਾਉਂਟਿੰਗ ਸੈਂਟਰ ਵਿਖੇ ਡਿਊਟੀ ਲਗਾਈ ਜਾਵੇ। ਆਗੂਆਂ ਨੇ ਕਿਹਾ ਕਿ ਗਿਣਤੀ ਵਾਲੇ ਦਿਨ ਸਵੇਰੇ 6 ਵਜੇ ਰਿਪੋਰਟ ਕਰਨ ਦੀ ਸ਼ਰਤ ਕਿਸੇ ਵੱਡੇ ਹਾਦਸੇ ਨੂੰ ਸੱਦਾ ਦੇ ਸਕਦੀ ਹੈ।ਜੇਕਰ ਕਿਸੇ ਅਧਿਆਪਕ ਨਾਲ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਉਸ ਦੇ ਲਈ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ।ਇਸ ਮੌਕੇ ਹਰਮਨੋਜ ਕੁਮਾਰ, ਪਰਮਿੰਦਰ ਕੁਮਾਰ, ਸਗਲੀ ਰਾਮ, ਸੁਖਜੀਵਨ ਸਿੰਘ, ਬਲਜਿੰਦਰ ਸਿੰਘ, ਹਰੀਸ਼ ਪੁਰੀ, ਸਰਬਜੀਤ ਸਿੰਘ, ਹਰਵੀਰ ਸਿੰਘ, ਮਨਜਿੰਦਰ ਸਿੰਘ, ਗੁਰਮਿੰਦਰ ਸਿੰਘ, ਪਵਨਵੀਰ ਸਿੰਘ, ਅਜੇ ਕੁਮਾਰ, ਕਿਰਨਪ੍ਰੀਤ ਕੌਰ, ਲਕਸ਼ਮੀ ਦੇਵੀ, ਗੀਨਾ ਦੇਵੀ, ਮੀਨੂ ਖੋਸਲਾ, ਲਵਦੀਪ ਕੌਰ, ਹਰਵਿੰਦਰ ਕੌਰ, ਰੀਆ, ਅਮਨਪ੍ਰੀਤ ਕੌਰ, ਹਰਜੀਤ ਕੌਰ ਸਮੇਤ ਕਈ ਅਧਿਆਪਕ ਹਾਜ਼ਰ ਸਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ਿਲ੍ਹਾ ਕੋਰ ਕਮੇਟੀ ਦੀ ਮੀਟਿੰਗ

**ਕਪੂਰਥਲਾ (ਮਨਜੀਤ ਮਾਨ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਰਵਣ ਸਿੰਘ ਬਾਊਪੁਰ ਦੀ ਰਹਿਨੁਮਾਈ ਹੇਠ ਪਿੰਡ ਉੱਚਾ ਵਿਖੇ ਹੋਈ ਜਿਸ ਵਿਚ ਸੂਬਾ ਆਗੂ ਸਤਨਾਮ ਸਿੰਘ ਪੰਨੂ ਵਿਸ਼ੇਸ਼ ਤੌਰ ਤੇ ਪੁਹੰਚੇ ਤੇ ਵੱਖ ਵੱਖ ਮੁਦਿਆ ਤੇ ਵਿਚਾਰ ਵਟਾਂਦਰੇ ਕੀਤੇ ਗਏ। ਬਿਜਲੀ ਸੋਧ ਬਿੱਲ 2025 ਰੱਦ ਕਰਵਾਉਣ ਲਈ 18,19 ਦੰਸਬਰ ਤੋਂ ਸਮੁਚੇ ਪੰਜਾਬ ਭਰ ਦੇ ਡੀ ਸੀ ਦਫਤਰਾ ਦਾ ਘਿਰਾਓ ਕੀਤਾ ਜਾਵੇਗਾ ਤੇ ਜੇਕਰ ਸਰਕਾਰ ਇਸ ਬਿੱਲ ਨੂੰ ਖਾਰਜ ਨਹੀ ਕਰਦੀ ਤਾਂ 20 ਦਸੰਬਰ ਨੂੰ ਰੇਲ ਦੇ ਚੱਕੇ ਜਾਮ ਕੀਤੇ ਜਾਣਗੇ । ਮੀਟਿੰਗ ਵਿਚ ਜਿਲਾ ਸੰਗਠਨ ਸਕੱਤਰ ਸ਼ੇਰ ਸਿੰਘ ਮਹੀਵਾਲ,ਮੀਤ ਪ੍ਰਧਾਨ ਪਰਮਜੀਤ ਸਿੰਘ ਪੱਕਾ ਕੋਠਾ,ਖਜਾਨਚੀ ਹਾਕਮ ਸਿੰਘ,ਜੋਨ ਨਡਾਲਾ ਪ੍ਰਧਾਨ ਨਿਸ਼ਾਨ ਸਿੰਘ ,ਬੀਬੀ ਨਿਰਮਲ ਕੌਰ ,ਬਲਦੇਵ ਸਿੰਘ ਕੰਬੋਜ,ਬਲਵਿੰਦਰ ਸਿੰਘ ਬਾਗੜੀਆਂ,ਗੁਰਵਿੰਦਰ ਸਿੰਘ,ਜ਼ੋਨ ਸੁਲਤਾਨਪੁਰ ਖਜਾਨਚੀ ਮਲਕੀਤ ਸਿੰਘ, ਪ੍ਰੈਸ ਸਕੱਤਰ ਸਰਬਜੀਤ ਸਿੰਘ ਕਾਲੇਵਾਲ,ਜ਼ੋਨ ਮੀਰੀ ਪ੍ਰਧਾਨ ਹਰਵਿੰਦਰ ਸਿੰਘ ਉੱਚਾ,ਵੀਰ ਸਿੰਘ ਉੱਚਾ,ਹਰਜੀਤ ਸਿੰਘ ਦੇਸਲ,ਜ਼ੋਨ ਬਾਬਾ ਬੀਰ ਸਿੰਘ ਪ੍ਰਧਾਨ ਪਿਆਰਾ ਸਿੰਘ,ਜਗਤਾਰ ਸਿੰਘ,ਬੀਬੀ ਮਨਜੀਤ ਕੌਰ ,ਬਲਕਾਰ ਸਿੰਘ,ਜ਼ੋਨ ਬੰਦਾ ਸਿੰਘ ਬਹਾਦਰ ਪ੍ਰਧਾਨ ਜੋਗਾ ਸਿੰਘ, ਸਕੱਤਰ ਮਹਿੰਦਰ ਸਿੰਘ, ਪੁਸ਼ਪਿੰਦਰ ਸਿੰਘ ਮੋਮੀ ਆਦਿ ਮੌਜੂਦ ਸਨ।



## ਸੈਣੀ ਵੱਲੋਂ ਹਿਸਾਰ ’ਚ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੰਗਲਵਾਰ ਨੂੰ ਹਿਸਾਰ ਪਹੁੰਚ ਕੇ ਵੱਖ ਵੱਖ ਸਥਾਨਾਂ ’ਤੇ ਸੋਗ ਮਨਾਉਣ ਵਾਲੇ ਪਰਵਾਰਾਂ ਨਾਲ ਮੁਲਾਕਾਤ ਕਰ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ।ਮੁੱਖ ਮੰਤਰੀ ਸਭ ਤੋਂ ਪਹਿਲਾਂ ਮੁਹੱਲਾ ਸੈਣਿਆਨ ਹਿਸਾਰ ਪਹੁੰਚੇ ਜਿੱਥੇ ਸਵਰਗੀ ਬੁੱਧਰਾਮ ਰਾੜਾ ਦੀ ਤਸਵੀਰ ’ਤੇ ਫੁੱਲ ਭੇਟ ਕਰ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਮੁੱਖ ਮੰਤਰੀ ਨੇ ਪਰਵਾਰ ਦੇ ਮੈਂਬਰਾਂ ਨਾਲ ਮੁਲਾਕਾਤ ਕਰ ਸੰਵੇਦਨਾ ਦਿੱਤੀ। ਇਸ ਤੋਂ ਬਾਅਦ ਮੁੱਖ ਮੰਤਰੀ ਸਵਰਗੀ ਪ੍ਰਿਥਵੀ ਸਿੰਘ ਸੈਣੀ ਦੇ ਆਵਾਸ ਪਹੁੰਚੇ। ਉੱਥੇ ਉਨ੍ਹਾਂ ਨੇ ਦਿਵੰਗਤ ਪ੍ਰਿਥਵੀ ਸਿੰਘ ਦੀ ਤਸਵੀਰ ’ਤੇ ਫੁੱਲ ਭੇਂਟ ਕਰ ਸ਼ਰਧਾਂਜਲੀ ਦਿੱਤੀ ।ਇਸ ਦੌਰਾਨ ਕੈਬਨਿਟ ਮੰਤਰੀ ਰਣਬੀਰ ਗੰਗਵਾ, ਵਿਧਾਇਕ ਰਣਧੀਰ ਪਨਿਹਾਰ, ਮੇਅਰ ਪ੍ਰਵੀਣ ਪੋਪਲੀ, ਸਾਬਕਾ ਮੰਤਰੀ ਡਾ. ਕਮਲ ਗੁਪਤਾ ਸਮੇਤ ਕਈ ਮਾਣਯੋਗ ਵੀ ਮੌਜੂਦ ਰਹੇ।

## ਸ੍ਰੀ ਖੁਰਾਲਗੜ੍ਹ ਸਾਹਿਬ ਲਈ ਰਸ਼ਪਾਲ ਸਿੰਘ ਰਾਜੂ ਵੱਲੋਂ 11 ਹਜ਼ਾਰ ਦੀ ਸੇਵਾ

**ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ, ਜਸਬੀਰ ਸਿੰਘ ਸੈਣੀ)**- ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਲਈ ਰਸ਼ਪਾਲ ਸਿੰਘ ਰਾਜੂ ਕਵੈਂਟਰੀ ਇੰਗਲੈਂਡ ਨਿਵਾਸੀ ਪਰਵਾਰ ਵੱਲੋਂ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਦਿਆਂ 11 ਹਜ਼ਾਰ ਰੁਪਏ ਦੀ ਸੇਵਾ ਦਾ ਯੋਗਦਾਨ ਪਾਇਆ ਗਿਆ। ਆਦਿ ਧਰਮ ਸਾਧੂ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ ਚਰਨਛੋਹ ਸੱਚਖੰਡ ਬੇਗਮਪੁਰਾ ਗੁਰੂਘਰ ਦੇ ਲੰਗਰਾਂ ਲਈ ਪਾਏ ਯੋਗਦਾਨ ਲਈ ਰਸ਼ਪਾਲ ਸਿੰਘ ਰਾਜੂ ਅਤੇ ਇੰਗਲੈਂਡ ਦੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸੰਤਾਂ ਮਹਾਂਪੁਰਸ਼ਾਂ ਅਤੇ ਸੰਗਤਾਂ ਵੱਲੋਂ ਬਹੁਤ ਵੱਡੀ ਸੇਵਾ ਆਰੰਭ ਕੀਤੀ ਗਈ ਹੈ ਅਤੇ ਸਤਿਸੰਗ ਸਮਾਗਮ ਆਰੰਭ ਕੀਤੇ ਗਏ ਹਨ ਅਤੇ ਸ੍ਰੀ ਚਰਨਛੋਹ ਬੇਗਮਪੁਰਾ ਆਦਿ ਧਰਮ ਮਿਸ਼ਨ ਦੇ ਪ੍ਰਚਾਰ ਦਾ ਇੱਕ ਵੱਡਾ ਪਲੇਟਫਾਰਮ ਅਤੇ ਕੇਂਦਰ ਬਣ ਗਿਆ ਹੈ।



# ਰਾਮਵੀਰ ਸਿੰਘ ਨੇ ਜਲੰਧਰ ਦੇ ਨਵੇਂ ਡਵੀਜ਼ਨਲ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

**ਜਲੰਧਰ, (ਸ਼ੈਲੀ ਐਲਬਰਟ)**- ਸਾਲ 2009 ਬੈਚ ਦੇ ਆਈ ਏ ਐੱਸ ਅਧਿਕਾਰੀ ਰਾਮਵੀਰ ਸਿੰਘ ਨੇ ਜਲੰਧਰ ਦੇ ਨਵੇਂ ਡਿਵੀਜ਼ਨਲ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀਆਂ ਨੀਤੀਆਂ ਨੂੰ ਲਾਗੂ ਕਰਨ ਪ੍ਰਤੀ ਆਪਣੀ ਦ੍ਰਿੜ੍ਹ ਵਚਨਬੱਧਤਾ ਦੁਹਰਾਈ। ਜ਼ਿਕਰਯੋਗ ਹੈ ਕਿ ਭਾਰਤੀ ਪ੍ਰਸ਼ਾਸਕੀ ਸੇਵਾ ਦੇ ਸੀਨੀਅਰ ਅਧਿਕਾਰੀ ਰਾਮਵੀਰ ਸਿੰਘ, ਸੂਬਾ ਸਰਕਾਰ ਵਿੱਚ ਵੱਖ-ਵੱਖ ਅਹੁਦਿਆਂ ’ਤੇ ਸੇਵਾ ਨਿਭਾ ਰਹੇ ਸਨ। ਜਨਤਕ ਸੇਵਾ ਪ੍ਰਤੀ ਆਪਣੀ ਸਰਗਰਮ ਤੇ ਜਵਾਬਦੇਹ ਪਹੁੰਚ ਲਈ ਜਾਣੇ ਜਾਂਦੇ ਰਾਮਵੀਰ ਸਿੰਘ ਕੋਲ ਵਿਸ਼ਾਲ ਪ੍ਰਸ਼ਾਸਕੀ ਤਜਰਬਾ ਹੈ। ਉਨ੍ਹਾਂ ਨੇ ਸੂਬਾ ਸਰਕਾਰ ਵਿੱਚ ਮੁੱਖ ਅਹੁਦਿਆਂ ’ਤੇ ਸੇਵਾਵਾਂ ਨਿਭਾਈਆਂ ਹਨ, ਜਿਨ੍ਹਾਂ ਵਿੱਚ ਡਿਪਟੀ ਕਮਿਸ਼ਨਰ ਪਟਿਆਲਾ, ਸੰਗਰੂਰ, ਪਠਾਨਕੋਟ ਅਤੇ ਮੈਨੇਜਿੰਗ ਡਾਇਰੈਕਟਰ ਮਾਰਕਫੈੱਡ ਸ਼ਾਮਲ ਹਨ। ਮੌਜੂਦਾ ਸਮੇਂ ਉਹ ਸਕੱਤਰ ਪੰਜਾਬ ਮੰਡੀ ਬੋਰਡ ਅਤੇ ਸਕੱਤਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ ਵਜੋਂ ਸੇਵਾ ਨਿਭਾ ਰਹੇ ਹਨ। ਇਸ ਦੌਰਾਨ ਡਿਵੀਜ਼ਨਲ ਕਮਿਸ਼ਨਰ ਨੇ ਕਿਹਾ ਕਿ ਲੋਕਾਂ ਨੂੰ ਸਾਫ਼-ਸੁਥਰਾ, ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਦੇਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਖੇਤਰ ਦੀ ਤਰੱਕੀ ਅਤੇ ਇਸ ਦੇ ਵਸਨੀਕਾਂ ਦੀ ਖ਼ੁਸ਼ਹਾਲੀ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਸੂਬੇ ਦੇ ਪ੍ਰਮੁੱਖ ਪ੍ਰੋਗਰਾਮਾਂ ਨੂੰ ਲਾਗੂ ਕਰਨ ’ਤੇ ਵੱਡਾ ਜ਼ੋਰ ਦਿੱਤਾ ਜਾਵੇਗਾ। ਰਾਮਵੀਰ ਸਿੰਘ ਨੇ ਕਿਹਾ ਕਿ ਡਿਵੀਜ਼ਨ ਵਿੱਚ ਪ੍ਰਸ਼ਾਸਨਿਕ ਕੰਮਕਾਜ ਨੂੰ ਹੋਰ ਸੁਚਾਰੂ ਬਣਾਉਣ ਲਈ ਪਾਰਦਰਸ਼ੀ ਵਿਧੀ ਵਿਕਸਤ ਕੀਤੀ ਜਾਵੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਨੇ ਡਿਵੀਜ਼ਨਲ ਕਮਿਸ਼ਨਰ ਦਾ ਦਫ਼ਤਰ ਵਿਖੇ ਸਵਾਗਤ ਕੀਤਾ।



# ਕੁਲਵੰਤ ਸਿੰਘ ਨੇ ਚੌਂਕਾਂ ਤੇ ਟੀ-ਜੰਕਸ਼ਨਾਂ ਦੇ ਕੰਮ ਦੀ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਤੋਂ ਕੀਤੀ ਸ਼ੁਰੂਆਤ

**ਮੋਹਾਲੀ (ਗੁਰਜੀਤ ਬਿੱਲਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੋਹਾਲੀ ਸ਼ਹਿਰ ਦੇ ਸਰਬਪੱਖੀ ਵਿਕਾਸ ਤਹਿਤ ਵਿਧਾਇਕ ਕੁਲਵੰਤ ਸਿੰਘ ਨੇ 17.71 ਕਰੋੜ ਦੀ ਲਾਗਤ ਨਾਲ ਬਣਨ ਜਾ ਰਹੇ ਚੌਂਕਾਂ ਅਤੇ ਟੀ-ਜੰਕਸ਼ਨਾਂ ਦੇ ਕੰਮ ਦਾ ਅੱਜ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਸਾਹਮਣੇ ਪੈਂਦੇ ਨਵੇਂ ਬਣਨ ਵਾਲੇ ਚੌਂਕ ਦੀ ਸ਼ੁਰੂਆਤ ਕਰਵਾ ਕੇ ਕੀਤਾ।ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਚਲਾ ਇਹ ਚੌਂਕ ਅਤੇ ਇਸ ਦੇ ਨਾਲ ਹੀ ਹੋਰ ਚੌਂਕ ਸੈਕਟਰ 78/79 ਜੰਕਸ਼ਨ ਅਤੇ ਸੀ ਪੀ 67 ਮਾਲ ਵਾਲਾ ਜੰਕਸ਼ਨ ਨਵੇਂ ਬਣਾਏ ਜਾਣਗੇ ਜਦਕਿ ਅਪਗ੍ਰੇਡ ਹੋ ਰਹੇ ਜੰਕਸ਼ਨਾਂ ਵਿੱਚੋਂ ਇੱਕ ਏਅਰਪੋਰਟ ਰੋਡ ਤੇ ਆਈਸਰ-ਟੀ ਪੁਆਇੰਟ, ਜੋ ਕਿ 90% ਤਿਆਰ ਹੋ ਚੁੱਕਿਆ ਹੈ, ਤੋਂ ਇਲਾਵਾ ਚੀਮਾ ਬਾਇਲਰ ਚੌਂਕ ਟੀ ਪੁਆਇੰਟ ਅਤੇ ਕੁਆਰਕ ਸਿਟੀ ਜੰਕਸ਼ਨ ਹੈ। ਇਨ੍ਹਾਂ ਦਾ ਕੰਮ ਮੈ: ਗ੍ਰਿਫਟਕੋਨ ਇੰਫਰਾਸਟਰਕਚਰ ਕੰਪਨੀ ਨੂੰ ਦਿੱਤਾ ਗਿਆ ਹੈ ਅਤੇ ਤੈਅ ਸਮਾਂ ਸੀਮਾ ਦੇ ਅਨੁਸਾਰ, ਅਕਤੂਬਰ 2026 ਤੱਕ ਇਸ ਕੰਮ ਨੂੰ ਪੂਰਾ ਕਰਕੇ ਲੋਕਾਂ ਨੂੰ ਸਮਰਪਤ ਕਰ ਦਿੱਤਾ ਜਾਵੇਗਾ।ਕੰਮ ਸ਼ੁਰੂ ਕਰਨ ਲਈ ਟੱਕ ਲਾਉਣ ਤੋਂ ਪਹਿਲਾਂ ਗੁਰਦੁਆਰਾ ਸਿੰਘ ਸ਼ਹੀਦਾਂ ਦੀ ਪੂਰੀ ਪ੍ਰਬੰਧਕ ਕਮੇਟੀ ਦੀ ਮੌਜੂਦਗੀ ਵਿੱਚ ਅਰਦਾਸ ਕੀਤੀ ਗਈ ।ਗੁਰਦੁਆਰਾ ਸਿੰਘ ਸ਼ਹੀਦਾਂ ਪ੍ਰਬੰਧਕ ਕਮੇਟੀ ਵੱਲੋਂ ਵਿਧਾਇਕ ਕੁਲਵੰਤ ਸਿੰਘ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇਸ ਚੌਂਕ ਦਾ ਨਾਂ ਬਾਬਾ ਜੀ ਦੇ ਨਾਮ ’ਤੇ ਰੱਖਿਆ ਜਾਵੇ। ਇਸ ’ਤੇ ਹਲਕਾ ਵਿਧਾਇਕ ਵੱਲੋਂ ਉਨ੍ਹਾਂ ਨੂੰ ਭਰੋਸਾ ਦਵਾਇਆ ਗਿਆ ਕਿ ਉਹ ਇਸ ਚੌਂਕ ਦਾ ਨਾਂਅ ਅਮਰ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਨਾਂਅ ’ਤੇ ਰੱਖਣ ਸਬੰਧੀ ਸਰਕਾਰ ਨਾਲ ਗੱਲ ਕਰਨਗੇ ਅਤੇ ਆਪਣੀ ਹਰ ਸੰਭਵ ਕੋਸ਼ਿਸ਼ ਕਰਨਗੇ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਿੱਚ ਸਤਵਿੰਦਰ ਸਿੰਘ, ਹਰਜਿੰਦਰ ਸਿੰਘ, ਜਰਨੈਲ ਸਿੰਘ, ਬਲਦੇਵ ਸਿੰਘ ਅਤੇ ਪ੍ਰੇਮ ਸਿੰਘ ਮੌਜੂਦ ਸਨ।ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਅੱਜ ਸ਼ੁਰੂ ਕੀਤੇ ਇਨ੍ਹਾਂ ਚੌਂਕਾਂ ਨਾਲ ਆਵਾਜਾਈ ਵਿੱਚ ਹੋਰ ਅਸਾਨੀ ਹੋਵੇਗੀ।

ਇਸ ਮੌਕੇ ਗਮਾਡਾ ਦੇ ਚੀਫ ਇੰਜੀਨੀਅਰ ਅਜੇ ਗਰਗ, ਐਸ.ਈ. ਪਰਮਿੰਦਰ ਸਿੰਘ, ਐਕਸੀਅਨ (ਸਿਵਿਲ) ਸੁਖਵਿੰਦਰ ਸਿੰਘ ਵੀ ਹਾਜ਼ਰ ਸਨ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਗਮਾਡਾ ਦੀ ਇਸ ਟੀਮ ਵੱਲੋਂ ਪੂਰੇ ਯੋਜਨਾ ਵੱਧ ਢੰਗ ਨਾਲ ਇਹ ਕੰਮ ਕਰਵਾਇਆ ਜਾ ਰਿਹਾ ਜਾਵੇਗਾ ਅਤੇ ਕੰਮ ਦੇ ਦੌਰਾਨ ਟ੍ਰੈਫਿਕ ਕਿਸੇ ਵੀ ਢੰਗ ਨਾਲ ਪ੍ਰਭਾਵਿਤ ਨਾ ਹੋਵੇ ਇਸ ਗੱਲ ਦਾ ਵੀ ਉਚੇਚੇ ਤੌਰ ਤੇ ਧਿਆਨ ਰੱਖਣਾ ਰੱਖਿਆ ਜਾਵੇਗਾ।ਵਿਧਾਇਕ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੈਕਟਰ-66 ਵਿਖੇ ਵੂਮੈਨ ਹੋਸਟਲ ਦਾ ਨੀਂਹ ਪੱਥਰ ਵੀ ਰੱਖਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਮੋਹਾਲੀ ਕਾਰਪੋਰੇਸ਼ਨ ਦੀ ਹੱਦ ਵਿੱਚ ਵਾਧਾ ਹੋਣ ਨਾਲ ਬਕਾਇਆ ਰਹਿੰਦੇ ਵਿਕਾਸ ਕਾਰਜ ਅਤੇ ਲੋਕਾਂ ਦੇ ਕੰਮ ਅਤੇ ਲੋੜਾਂ ਸਮੇਂ ਸਿਰ ਪੂਰੀਆਂ ਹੋ ਸਕਣਗੀਆਂ।ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੋਹਾਲੀ ’ਚ ਜੋ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਦਾ ਕੰਮ ਚੱਲ ਰਿਹਾ ਹੈ, ਇਹ ਮਾਨਯੋਗ ਅਦਾਲਤ ਦੇ ਹੁਕਮਾਂ ’ਤੇ ਚੱਲ ਰਿਹਾ ਰਿਹਾ ਹੈ ਅਤੇ ਇਸ ਬਾਬਤ ਕੁਝ ਲੋਕਾਂ ਵੱਲੋਂ ਆਮ ਲੋਕਾਂ ਨੂੰ ਗੁੰਮਰਾਹ ਕਰਨਾ ਤੇ ਇਸ ਕੰਮ ਦੀ ਆਲੋਚਨਾ ਕਰਨੀ, ਮਾਣਯੋਗ ਅਦਾਲਤ ਦੇ ਹੁਕਮਾਂ ਦੀ ਹੱਤਕ ਦੇ ਬਰਾਬਰ ਹੈ।

ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਸਿੱਧੂ ਭਰਾਵਾਂ ਨੇ ਪਿਛਲੇ 15 ਵਰ੍ਹਿਆਂ ਤੋਂ ਮੋਹਾਲੀ ਦੇ ਲੋਕਾਂ ਨਾਲ ਝੂਠ ਬੋਲਿਆ ਹੈ ਅਤੇ ਆਪਣੀ ਅਸਫਲਤਾ ਨੂੰ ਛੁਪਾਉਣ ਦੇ ਲਈ ਸਿਰਫ ਫੋਕੀ ਅਤੇ ਝੂਠੀ ਬਿਆਨਬਾਜ਼ੀ ਹੀ ਕਰਦੇ ਹਨ, ਪ੍ਰੰਤੂ ਹੁਣ ਮੋਹਾਲੀ ਦੇ ਲੋਕ ਬਹੁਤ ਸਮਝਦਾਰ ਹਨ।ਇਸ ਮੌਕੇ ਡਾ. ਕੁਲਦੀਪ ਸਿੰਘ, ਰਮਨਪ੍ਰੀਤ ਕੌਰ ਕੁੰਬੜਾ ਕੌਂਸਲਰ, ਹਰਪਾਲ ਸਿੰਘ ਚੰਨਾ, ਸੁਖਚੈਨ ਸਿੰਘ, ਨੰਬਰਦਾਰ ਹਰਸੰਗਤ ਸਿੰਘ ਸੋਹਾਣਾ, ਸੁਰਿੰਦਰ ਸਿੰਘ ਰੋਡਾ ਸੁਹਾਣਾ, ਸੁਸ਼ੀਲ ਅਤਰੀ, ਹਰਵਿੰਦਰ ਸਿੰਘ ਸੈਣੀ, ਸਤਵਿੰਦਰ ਸਿੰਘ ਮਿੱਠੂ, ਅਕਵਿੰਦਰ ਸਿੰਘ ਗੋਸਲ, ਜਸਪਾਲ ਸਿੰਘ ਮਟੌਰ, ਅਰੁਣ ਗੋਇਲ, ਸਾਬਕਾ ਕੌਂਸਲਰ ਗੁਰਮੁਖ ਸਿੰਘ ਸੋਹਲ, ਸਾਬਕਾ ਕੌਂਸਲਰ ਰਜਿੰਦਰ ਪ੍ਰਸਾਦ ਸ਼ਰਮਾ, ਪਰਮਿੰਦਰ ਵੈਦਵਾਨ ਵੀ ਹਾਜ਼ਰ ਸਨ।

# ਅੱਖਾਂ ਦਾ ਅਪ੍ਰੇਸ਼ਨ ਕੈਂਪ ਲਗਾਇਆ

**ਨਕੋਦਰ (ਰੀਨਾ ਸ਼ਰਮਾ)**- ਸਵਾਮੀ ਪ੍ਰਾਗਾਨੰਦ ਜੀ ਐਜੂਕੇਸ਼ਨਲ ਸੁਸਾਇਟੀ ਨਕੋਦਰ ਵੱਲੋਂ ਸਿਵਲ ਪ੍ਰਸ਼ਾਸਨ ਨਕੋਦਰ ਦੇ ਸਹਿਯੋਗ ਨਾਲ ਵਿਸ਼ਾਲ ਮੁਫਤ ਆਈ ਚੈੱਕਅੱਪ ਅਤੇ ਅਪ੍ਰੇਸ਼ਨ ਕੈਂਪ ਦਾ ਆਯੋਜਨ ਸੱਤਿਅਮ ਗਰੁੱਪ ਆਫ਼ ਇੰਸਟੀਚਿਊਟਸ ਦੇ ਕੈਂਪਸ ’ਚ ਕੀਤਾ ਗਿਆ। ਇਸ ਮੌਕੇ ਤੇ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਡਾਕਟਰਾਂ ਦੀ ਟੀਮ ਵੱਲੋਂ ਲਗਭਗ 300 ਦੇ ਕਰੀਬ ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ ਜਿਹਨਾਂ ਵਿੱਚੋਂ 22 ਮਰੀਜ਼ਾਂ ਨੂੰ ਅੱਖਾਂ ਦੇ ਅਪ੍ਰੇਸ਼ਨ ਲਈ ਚੁਣਿਆ ਗਿਆ, 170 ਦੇ ਕਰੀਬ ਮਰੀਜ਼ਾਂ ਨੂੰ ਮੁਫਤ ਐਨਕਾਂ ਦਿੱਤੀਆਂ ਗਈਆਂ ਅਤੇ ਬਾਕੀ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਕੈਂਪ ਦਾ ਉਦਘਾਟਨ ਐੱਸ ਡੀ ਐਮ ਨਕੋਦਰ ਲਾਲ ਵਿਸ਼ਵਾਸ ਬੈਂਸ ਵੱਲੋਂ ਕੀਤਾ ਗਿਆ। ਉਹਨਾਂ ਡਾਕਟਰਾਂ ਦੀ ਟੀਮ ਤੇ ਮਰੀਜ਼ਾਂ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਸਵਾਮੀ ਪ੍ਰਾਗਾਨੰਦ ਜੀ ਐਜੂਕੇਸ਼ਨਲ ਸੁਸਾਇਟੀ ਦਾ ਇਹ ਉਪਰਾਲਾ ਵਾਕਿਆ ਹੀ ਬਹੁਤ ਸ਼ਲਾਘਾਯੋਗ ਹੈ। ਦਿਨੋ ਦਿਨ ਮਹਿੰਗੀਆਂ ਹੋ ਰਹੀਆਂ ਸਿਹਤ ਸਹੂਲਤਾਂ ਆਮ ਇਨਸਾਨ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ, ਸੋ ਅਜਿਹੀਆਂ ਲੋਕ ਭਲਾਈ ਸੰਸਥਾਵਾਂ ਨੂੰ ਲੋੜਵੰਦ ਲੋਕਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਤੇ ਸੱਤਿਅਮ ਗਰੁੱਪ ਆਫ਼ ਇੰਸਟੀਚਿਊਟਸ ਅਤੇ ਇੰਡੋ ਸਵਿਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਦੇ ਚੇਅਰਮੈਨ ਵਿਪਨ ਸ਼ਰਮਾ ਨੇ ਕਿਹਾ ਕਿ ਸਾਡੀਆਂ ਸੰਸਥਾਵਾਂ ਹਮੇਸ਼ਾ ਹੀ ਲੋੜਵੰਦ ਲੋਕਾਂ ਦੀ ਮਦਦ ਲਈ ਮੋਹਰੀ ਰੋਲ ਅਦਾ ਕਰਦੀਆਂ ਰਹੀਆਂ ਹਨ ਅਤੇ ਭਵਿੱਖ ’ਚ ਵੀ ਕਰਦੀਆਂ ਰਹਿਣਗੀਆਂ। ਚੇਅਰਪਰਸਨ ਜਯੋਤੀ ਸ਼ਰਮਾ ਤੇ ਐੱਮ ਡੀ ਸ਼ਿਵਮ ਸ਼ਰਮਾ ਨੇ ਕਿਹਾ ਕਿ ਅੱਖਾਂ ਦਾ ਇਹ ਕੈਂਪ ਉਹਨਾਂ ਦਾ ਪਹਿਲਾ ਕੈਂਪ ਹੈ ਜੋ ਕਿ ਆਉਣ ਵਾਲੇ ਹਰ ਸਾਲ ਲਗਾਇਆ ਜਾਵੇਗਾ। ਇਸ ਮੌਕੇ ਤੇ ਮੈਨੇਜਮੈਂਟ ਕਾਲਜ ਦੇ ਪ੍ਰਿੰਸੀਪਲ ਰਾਸ਼ਿਦ ਹਮੀਦ, ਪੋਲੀਟੈਕਨਿਕਲ ਦੇ ਪ੍ਰਿੰਸੀਪਲ ਪਾਰਸ ਚੱਡਾ, ਸੱਤਿਅਮ ਸਕਿੱਲ ਸੈਂਟਰ ਦੇ ਹੈੱਡ ਮੋਹਿਤ ਕੁਮਾਰ, ਇੰਡੋ ਸਵਿਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਪੰਕਜ ਸ਼ਰਮਾ ਅਤੇ ਮੈਨੇਜਰ ਹਰਪ੍ਰੀਤ ਸਿੰਘ ਹਾਜ਼ਰ ਸਨ। ਆਏ ਹੋਏ ਮਰੀਜ਼ਾਂ ਨੂੰ ਲੰਗਰ ਵੀ ਵਰਤਾਇਆ ਗਿਆ।



# ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੀ ਤਿਮਾਹੀ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੀ ਸੂਬਾ ਕਾਰਜਕਾਰੀ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਕਰਮ ਸਿੰਘ ਧਨੋਆ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ ਭਵਨ ਲੁਧਿਆਣਾ ਵਿਖੇ ਹੋਈ। ਪ੍ਰਧਾਨਗੀ ਮੰਡਲ ਵਿੱਚ ਜਨਰਲ ਸਕੱਤਰ ਕੁਲਵਰਨ ਸਿੰਘ, ਸੂਬਾ ਕੈਸ਼ੀਅਰ ਮਦਨ ਲਾਲ ਮੰਨਣ, ਸਰਪ੍ਰਸਤ ਅਜੀਤ ਸਿੰਘ ਫਤਿਹ ਚੱਕ, ਸਲਾਹਕਾਰ ਗੁਰਦੀਪ ਸਿੰਘ ਵਾਲੀਆ ਹਾਜ਼ਰ ਸਨ। ਮੀਟਿੰਗ ਦੇ ਸ਼ੁਰੂ ਵਿੱਚ ਬੀਤੀ ਤਿਮਾਹੀ ਦੌਰਾਨ ਵਿਛੜੇ ਪੈਨਸ਼ਨਰ ਸਾਥੀਆਂ ਪ੍ਰਤੀ 2 ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਕੰਨਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਕੁਲਵਰਨ ਸਿੰਘ ਵੱਲੋਂ ਬੀਤੇ ਸਮੇ ਦੌਰਾਨ ਪੈਨਸ਼ਨਰਾਂ ਨੂੰ ਆ ਰਹੀਆਂ ਸਮੱਸਿਆਵਾਂ, ਜੱਥੇਬੰਦਕ ਕਾਰਵਾਈਆਂ, ਮੀਟਿੰਗ ਦੇ ਏਜੰਡੇ ਸੰਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਪਰੰਤ ਸੂਬਾ ਪ੍ਰਧਾਨ ਕਰਮ ਸਿੰਘ ਧਨੋਆ ਵੱਲੋਂ ਬੀਤੇ ਸਮੇਂ ਦੌਰਾਨ ਕੀਤੀਆਂ ਜੱਥੇਬੰਦਕ ਗਤੀਵਿਧੀਆਂ, ਸੰਘਰਸ਼ਾਂ ਅਤੇ ਸਰਕਾਰ ਦੇ ਨਾਹ ਪੱਖੀ ਵਤੀਰੇ ਸਬੰਧੀ ਵਿਸਥਾਰ ਸਹਿਤ ਦੱਸਿਆ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆ ਵਧੀਕ ਜਨਰਲ ਸਕੱਤਰ ਬਲਵੀਰ ਸਿੰਘ ਸੈਣੀ ਨੇ ਦਸਿਆ ਕਿ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਬਸ੍ਰੀ ਕਰਮ ਸਿੰਘ ਧਨੋਆ, ਸੁਖਦੇਵ ਸਿੰਘ ਪੰਨੂ, ਮਨਜੀਤ ਸਿੰਘ ਸੈਣੀ, ਸੁਖਦੇਵ ਸਿੰਘ ਢਿੱਲੋਂ, ਮਨੋਹਰ ਲਾਲ ਅਰੋੜਾ, ਅਜੀਤ ਸਿੰਘ ਫਤਿਹਚੱਕ, ਗੁਰਦੀਪ ਸਿੰਘ ਵਾਲੀਆ, ਜਵੰਦ ਸਿੰਘ ਗੁਰਦਾਸਪੁਰ, ਰਾਜਕੁਮਾਰ ਅਰੋੜਾ, ਦਰਸ਼ਨ ਸਿੰਘ ਬੜਵਾ, ਸੋਮ ਲਾਲ ਨਵਾਂ ਸ਼ਹਿਰ, ਜਗਦੀਸ਼ ਸਿੰਘ ਸਰਾਏ, ਮਦਨ ਲਾਲ ਮੰਨਣ, ਸੁਖਮਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਤੋਂ ਪੈਨਸ਼ਨਰਾਂ ਅਤੇ ਮੁਲਾਜਮਾਂ ਦੀਆਂ ਜੱਥੇਬੰਦੀਆਂ ਵਲੋਂ ਆਪਣੀਆਂ ਮੰਗਾਂ ਸਬੰਧੀ ਅਨੇਕਾਂ ਸੰਘਰਸ਼ਾਂ ਦੇ ਦਬਾਅ ਅਧੀਨ ਪੰਜਾਬ ਸਰਕਾਰ ਮੰਗਾਂ ਸਬੰਧੀ ਬਾਰ ਬਾਰ ਮੀਟਿੰਗਾਂ ਦੇ ਕੇ ਗੱਲਬਾਤ ਤੋਂ ਭਗੌੜੀ ਹੋਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਦੇ ਆਗੂਆਂ ਨਾਲ ਗੱਲਬਾਤ ਨਾ ਕਰਕੇ ਮੰਗਾ ਦਾ ਨਿਪਟਾਰਾ ਨਾ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ, ਬਣਦੇ ਏਰੀਅਰ ਦਾ ਬਕਾਇਆ 42 ਕਿਸ਼ਤਾਂ ਵਿੱਚ ਦੇਣ, 16% ਡੀ.ਏ. ਦੀਆਂ ਕਿਸ਼ਤਾਂ ਪੈਨਸ਼ਨਰਾਂ ਤੇ ਮੁਲਾਜ਼ਮਾਂ ਨੂੰ ਨਾ ਦੇਣਾ ਕੋਝਾ ਮਜ਼ਾਕ ਅਤੇ ਸੀਨੀਅਰ ਸਿਟੀਜਨਾਂ ਦਾ ਨਿਰਾਦਰ ਦੱਸਿਆ ਅਤੇ ਸਰਕਾਰ ਦੇ ਇਸ ਵਰਤਾਰੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਇਸ ਮੌਕੇ ਸਰਕਾਰ ਤੋਂ ਪੈਨਸ਼ਨਰਾਂ ਦੇ 6ਵੇਂ ਤਨਖਾਹ ਕਮਿਸ਼ਨ ਨੂੰ ਪੂਰਨ ਰੂਪ ਵਿੱਚ ਲਾਗੂ ਕਰਨ, 16% ਡੀਏ ਦੀਆਂ ਕਿਸ਼ਤਾਂ ਦੇਣ ਅਤੇ ਰਹਿੰਦੀਆਂ ਕਿਸ਼ਤਾਂ ਦਾ ਬਕਾਇਆ ਯਕਮੁਸ਼ਤ ਦੇਣ ਦੀ ਮੰਗ ਕੀਤੀ।



# ਬੀਬੀ ਜਸਬੀਰ ਕੌਰ ਜਲਵੇਹੜਾ ਨੂੰ ਸ਼ਰਧਾ ਦੇ ਫੁੱਲ ਭੇਟ

**ਮਹਿਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਕਾਰ ਸੇਵਾ ਸੰਪਰਦਾਇ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਦੇ ਅਨਿਨ ਸੇਵਕ ਸੇਵਾਦਾਰ ਬੀਬੀ ਜਸਬੀਰ ਕੌਰ ਜਲਵੇਹੜਾ ਦਾ ਬੀਤੀ ਦਿਨੀਂ ਸਰੀਰਕ ਬਿਮਾਰੀ ਕਾਰਨ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੇ ਨਮਿੱਤ ਸਹਿਜ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਸੰਪਰਦਾਇ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਗੁਰਮੀਤ ਸਿੰਘ ਨਡਾਲੋਂ, ਭਾਈ ਬੀਰ ਜਤਿੰਦਰ ਸਿੰਘ ਮਲਕਪੁਰ ਆਦਿ ਨੇ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਅਮਰਜੀਤ ਸਿੰਘ ਖ਼ਾਲਸਾ ਜਾਂਗਲੀਆਣਾ, ਭਾਈ ਰਣਜੋਧ ਸਿੰਘ ਨਡਾਲੋਂ, ਭਾਈ ਲਖਵਿੰਦਰ ਸਿੰਘ ਨਡਾਲੋਂ, ਭਾਈ ਧਰਮਿੰਦਰ ਸਿੰਘ ਸੋਨੂੰ ਨਡਾਲੋਂ, ਹਰਜੀਤ ਸਿੰਘ ਅਜਨੋਹਾ, ਮਾ. ਇਕਬਾਲ ਸਿੰਘ ਅਜਨੋਹਾ, ਭਾਈ ਲਖਬੀਰ ਸਿੰਘ ਰਾਣਾ ਡਾਨਸੀਵਾਲ, ਭਾਈ ਪਰਮਜੀਤ ਸਿੰਘ ਮੇਘੋਵਾਲ, ਕਿਰਪਾਲ ਸਿੰਘ ਪਾਲਾ ਅਜਨੋਹਾ, ਕਿਸ਼ਨ ਸਿੰਘ ਲਾਂਗਰੀ, ਬਿੰਦਰ ਬਾਬਾ, ਬਲਜਿੰਦਰ ਸਿੰਘ ਖਾਲਸਾ ਪੰਜੌੜ, ਹਰਦੀਪ ਸਿੰਘ ਬੱਡੋਂ, ਲਵਲੀਨ ਸਿੰਘ ਨਰੂੜ, ਸੁਖਦੇਵ ਸਿੰਘ ਬੱਬੂ ਨਰੂੜ, ਮਨਜੀਤ ਸਿੰਘ ਰਣਧੀਰਗੜ੍ਹ, ਭਾਈ ਅਕਾਸ਼ਦੀਪ ਸਿੰਘ ਬਾਸਰਕੇ ਗਿੱਲਾਂ, ਕਮਲਜੀਤ ਸਿੰਘ ਰਾਣਾ ਅਜਨੋਹਾ, ਮਨਜੀਤ ਸਿੰਘ ਪਾਂਸ਼ਟਾ, ਰਾਮ ਸਿੰਘ ਪਾਂਸ਼ਟਾ, ਸਰਵਣ ਸਿੰਘ, ਸੁਖਵਿੰਦਰ ਸਿੰਘ ਲੱਡੂ ਟੋਡਰਪੁਰ ਆਦਿ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।



# 'ਅਧਿਆਪਕ ਜੋੜੇ ਦੇ ਦੁਖਦਾਈ ਅੰਤ ਲਈ ਜ਼ਿਲ੍ਹਾ ਪ੍ਰਸ਼ਾਸਨ ਜ਼ੁੰਮੇਵਾਰ'

**ਮੋਗਾ (ਇਕਬਾਲ ਸਿੰਘ ਖਹਿਰਾ)**- ਸਿਵਲ ਸੁਸਾਇਟੀ ਮੋਗਾ ਦੀ ਮੀਟਿੰਗ ਉਸ ਦੇ ਸਥਾਨਕ ਦਫ਼ਤਰ ਮੋਗਾ ਵਿੱਚ ਹੋਈ। ਮੀਟਿੰਗ ਵਿੱਚ ਚੋਣ ਪ੍ਰਕਿਰਿਆ ਦੌਰਾਨ ਅਧਿਆਪਕ ਜੋੜੇ ਜਸਕਰਨ ਸਿੰਘ ਭੁੱਲਰ ਅਤੇ ਕਮਲਜੀਤ ਕੌਰ ਦੇ ਦਰਦਨਾਕ ਹਾਦਸੇ ਕਾਰਨ ਹੋਈ ਦੁਖਦਾਈ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ।



ਵਿਛੜੀਆਂ ਰੂਹਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਅਰਪਣ ਕੀਤੀ ਗਈ। ਮੀਟਿੰਗ ਵਿੱਚ ਅਜਿਹੇ ਰੋਜ਼ਾਨਾ ਵਾਪਰ ਰਹੇ ਹਾਦਸਿਆਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ। ਇਸ ਹਾਦਸੇ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਅਣਗਹਿਲੀ ਅਤੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਪ੍ਰਤੀ ਲਾਪਰਵਾਹੀ ਸਪੱਸ਼ਟ ਸਾਹਮਣੇ ਆ ਰਹੀ ਹੈ। ਇਸ ਵਿੱਚ ਗਰਾਮ ਪੰਚਾਇਤਾਂ ਦੀ ਗੈਰਜ਼ੁੰਮੇਵਾਰੀ ਵਾਲੀ ਭੂਮਿਕਾ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਾਰੇ ਜ਼ਿਲ੍ਹੇ ਵਿੱਚ ਅਨੇਕਾਂ ਘੋਨੇ ਪੁਲ, ਸੜਕਾਂ ਵਿੱਚ ਪਏ ਹੋਏ ਡੂੰਘੇ ਖੱਡੇ, ਖੇਤਾਂ ਵਿੱਚ ਬਿਜਲੀ ਸਪਲਾਈ ਵਾਲੀਆਂ ਢਿੱਲੀਆਂ ਤਾਰਾਂ, ਥਾਂ ਥਾਂ ਘੁੰਮਦੇ ਫਿਰਦੇ ਅਵਾਰਾ ਪਸ਼ੂ ਸਭ ਨੂੰ ਦਿਖਾਈ ਦਿੰਦੇ ਹਨ। ਪਰ ਗਰਾਮ ਪੰਚਾਇਤਾਂ ਦੀ ਇਹ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਇਨ੍ਹਾਂ ਸਮੱਸਿਆਵਾਂ ਵੱਲ ਜ਼ਿਲ੍ਹਾ ਪ੍ਰਸ਼ਾਸ਼ਨ ਦਾ ਧਿਆਨ ਕਰਵਾਉਣ। ਅਫ਼ਸਰ ਸਾਹਿਬਾਨ ਨੂੰ ਵੀ ਚਾਹੀਦਾ ਹੈ ਕਿ ਉਹ ਨਿਰਾ ਪੂਰਾ ਦਫ਼ਤਰਾਂ ਵਿੱਚ ਬੈਠ ਕੇ ਕੰਮ ਨਾ ਕਰਨ। ਸਗੋਂ ਲੋਕਾਂ ਦੀਆਂ ਸਮੱਸਿਆਵਾਂ ਜਾਣਨ ਲਈ ਅਤੇ ਉਨ੍ਹਾਂ ਦੇ ਹੱਲ ਕਰਨ ਲਈ ਪਿੰਡਾਂ ਦੇ ਦੌਰੇ ਵੀ ਕਰਨ। ਜਨਤਕ ਜਮਹੂਰੀ ਜਥੇਬੰਦੀਆਂ ਨੂੰ ਵੀ ਗੈਰ ਜ਼ੁੰਮੇਵਾਰ ਅਧਿਕਾਰੀਆਂ ਦੇ ਖ਼ਿਲਾਫ਼ ਰੋਸ ਪ੍ਰਗਟ ਕਰਨੇ ਚਾਹੀਦੇ ਹਨ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਕਿ ਸਾਰੇ ਜ਼ਿਲ੍ਹੇ ਦੇ ਅਜਿਹੇ ਘੋਨੇ ਪੁਲਾਂ ਦੀ, ਸੜਕਾਂ ਵਿੱਚ ਪਏ ਡੂੰਘੇ ਖੱਡਿਆਂ ਦੀ ਤੁਰੰਤ ਮੁਰੰਮਤ ਕੀਤੀ ਜਾਵੇ। ਖੇਤਾਂ ਵਿੱਚ ਬੇਹੱਦ ਢਿੱਲੀਆਂ ਹੋ ਚੁੱਕੀਆਂ ਤਾਰਾਂ ਨੂੰ ਕਸਵਾ ਕੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਹਾਦਸਿਆਂ ਤੋਂ ਬਚਾਇਆ ਜਾਵੇ। ਅਵਾਰਾ ਪਸ਼ੂਆਂ ਨੂੰ ਕਾਬੂ ਕਰਕੇ ਸੜਕ ਹਾਦਸੇ ਹੋਣ ਤੋਂ ਸੁਰੱਖਿਅਤ ਕੀਤਾ ਜਾਵੇ। ਅੰਤ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਵਿਛੜ ਗਏ ਜੋੜੇ ਦੇ ਬੱਚਿਆਂ ਨੂੰ ਦੋ ਦੋ ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਬੱਚਿਆਂ ਲਈ ਸਰਕਾਰੀ ਨੌਕਰੀ ਰਾਖਵੀਂ ਰੱਖੀ ਜਾਵੇ। ਇਸ ਮੌਕੇ ਉਕਤ ਤੋਂ ਇਲਾਵਾ ਸੁਸਾਇਟੀ ਮੈਂਬਰ ਵੀ ਪੀ ਸੇਠੀ, ਦਿਆਲ ਸਿੰਘ, ਸ਼ਿਵਸ਼ਰਨ ਸਿੰਘ, ਅਕਬਰ ਚੜ੍ਹਿੱਕ, ਤੇਜਾ ਸਿੰਘ ਬਰਾੜ ਅਤੇ ਦਿਨੇਸ਼ ਗਰਗ ਹਾਜ਼ਰ ਸਨ।

# ਹੈਰੋਇਨ ਸਮੇਤ 3 ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਜ਼ਿਲ੍ਹਾ ਫਿਰੋਜ਼ਪੁਰ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ 6 ਗ੍ਰਾਮ ਹੈਰੋਇਨ ਸਮੇਤ 3 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਵੱਖ ਵੱਖ ਥਾਣਿਆਂ ਵਿਚ ਐਨ ਡੀ ਪੀ ਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਦੇ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਗਸ਼ਤ ਦੌਰਾਨ ਪੁਲਿਸ ਪਾਰਟੀ ਨੇ ਸੰਨੀ ਪੁੱਤਰ ਚੰਨਾ ਵਾਸੀ ਬਲਾਕੀ ਵਾਲਾ ਖੂਹ ਕੋਲੋਂ 4 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਸਦਰ ਫਿਰੋਜ਼ਪੁਰ ਪੁਲਿਸ ਦੇ ਐੱਸ ਆਈ ਮੇਜਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਗਸ਼ਤ 'ਤੇ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਦੀ ਇਤਲਾਹ 'ਤੇ ਗਿਆਨ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਖਿਲਚੀਆਂ ਕਦੀਮ ਨੂੰ ਹੈਰੋਇਨ ਪੀਂਦੇ ਨੂੰ ਸਮੇਤ 2 ਗ੍ਰਾਮ ਹੈਰੋਇਨ, 1 ਸਿਲਵਰ ਪੰਨੀ, 1 ਲਾਈਟਰ, 1 ਦਸ ਰੁਪਏ ਦਾ ਨੋਟ ਬੱਤੀ ਵਾਲਾ ਸਮੇਤ ਗ੍ਰਿਫਤਾਰ ਕੀਤਾ। ਥਾਣਾ ਮੱਲਾਂਵਾਲਾ ਪੁਲਿਸ ਦੇ ਸਹਾਇਕ ਥਾਣੇਦਾਰ ਸਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਇਕ ਨੌਜਵਾਨ ਸਤਨਾਮ ਸਿੰਘ ਉਰਫ ਸ਼ਾਮੂ ਪੁੱਤਰ ਦਰਸ਼ਨ ਸਿੰਘ ਵਾਸੀ ਸੁਧਾਰਾ ਨੂੰ ਕਾਬੂ ਕਰਕੇ ਉਸ ਕੋਲੋਂ ਇਕ ਲਾਈਟਰ, ਪਲਾਸਟਿਕ ਦੀ ਪਾਇਪ ਤੇ ਇਕ ਸਿਲਵਰ ਪੇਪਰ ਬਰਾਮਦ ਕੀਤਾ। ਪੁਲਿਸ ਨੇ ਦੱਸਿਆ ਕਿ ਉਕਤ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

# ਮਹਿਫ਼ਿਲ-ਏ-ਅਦੀਬ ਦੀ ਮੀਟਿੰਗ 'ਚ 2025 ਦਾ ਕੀਤਾ ਲੇਖਾ-ਜੋਖਾ

**ਜਗਰਾਉਂ (ਸੰਜੀਵ ਅਰੋੜਾ)**- ਮਹਿਫ਼ਿਲ-ਏ-ਅਦੀਬ ਜਗਰਾਉਂ ਦੀ ਸਾਲ 2025 ਦੀ ਆਖਰੀ ਇਕੱਤਰਤਾ ਪ੍ਰਧਾਨ ਜਗਦੀਸ਼ਪਾਲ ਮਹਿਲਾ ਦੀ ਪ੍ਰਧਾਨਗੀ ਹੇਠ ਜਗਰਾਉਂ ਵਿਖੇ ਹੋਈ। ਮੀਟਿੰਗ ਦੌਰਾਨ ਜਨਰਲ ਸਕੱਤਰ ਜਸਵਿੰਦਰ ਸਿੰਘ ਛਿੰਦਾ ਨੇ ਮਹਿਫ਼ਿਲ ਦੀ ਸਾਲਾਨਾ ਕਾਰਗੁਜ਼ਾਰੀ ਸਬੰਧੀ ਜਾਣਕਾਰੀ ਸਾਂਝੀ ਕੀਤੀ ਅਤੇ ਰਹਿ ਗਈਆਂ ਕਮੀਆਂ ਨੂੰ ਦੂਰ



ਕਰਨ ਲਈ ਸੁਝਾਅ ਰੱਖੇ, ਜਿਸ 'ਤੇ ਪ੍ਰਧਾਨ ਜਗਦੀਸ਼ਪਾਲ ਮਹਿਤਾ ਨੇ ਸਹਿਮਤੀ ਪ੍ਰਗਟ ਕਰਦਿਆਂ ਸਰਬ ਸਾਂਝੀ ਰਾਇ ਮੁਤਾਬਿਕ ਕੁਝ ਫੈਸਲੇ ਲਏ ਅਤੇ ਨਵੇਂ ਵਰ੍ਹੇ ਤੋਂ ਮਹਿਫ਼ਿਲ ਨੂੰ ਪੂਰੀ ਤਰ੍ਹਾਂ ਸਰਗਰਮ ਕਰਨ ਲਈ ਚਰਚਾ ਹੋਈ। ਇਸ ਉਪਰੰਤ ਮਹਿਫ਼ਿਲ ਦੀ ਅਦੀਬ ਚਰਨਜੀਤ ਕੌਰ ਗਗੜਾ ਵੱਲੋਂ ਵੱਖ ਵੱਖ ਦੌੜ ਮੁਕਾਬਲਿਆਂ ਦੌਰਾਨ ਤਮਗੇ ਜਿੱਤਣ ਦੀ ਖ਼ੁਸ਼ੀ ਵਿੱਚ ਉਨ੍ਹਾਂ ਨੂੰ ਸਭਾ ਵੱਲੋਂ ਵਧਾਈਆਂ ਦਿੱਤੀਆਂ ਗਈਆਂ। ਰਚਨਾਵਾਂ ਦੇ ਦੌਰ ਦੌਰਾਨ ਸਭ ਤੋਂ ਪਹਿਲਾ ਪ੍ਰੇਮ ਸਿੰਘ ਲੋਹਟ ਨੇ 'ਦਿਲ ਦਾ ਮਾਮਲਾ' ਗੀਤ ਨੂੰ ਆਪਣੀ ਬੁਲੰਦ ਅਵਾਜ਼ 'ਤੇ ਵੱਖਰੇ ਅੰਦਾਜ਼ ਵਿੱਚ ਪੇਸ਼ ਕੀਤੀ ਤੇ ਸਭ ਨੇ ਤਾੜੀਆਂ ਮਾਰ ਕੇ ਪ੍ਰਸੰਸਾ ਕੀਤੀ। ਕੈਪਟਨ ਪੂਰਨ ਸਿੰਘ ਗਗੜਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਥਾਇ ਇਕ ਕਵਿਤਾ ਸੁਣਾ ਕੇ ਹਾਜ਼ਰੀ ਲਵਾਈ। ਅਵਤਾਰ ਸਿੰਘ ਭੁੱਲਰ ਨੇ ਵੀ ਹਮੇਸ਼ਾ ਦੀ ਤਰ੍ਹਾਂ ਆਪਣੀ ਕਵਿਤਾ ਰਾਹੀਂ ਹਾਜ਼ਰੀ ਭਰੀ। ਸ਼ਬਦ ਅਦਬ ਸਾਹਿਤ ਸਭਾ ਦੇ ਪ੍ਰਧਾਨ ਰਛਪਾਲ ਸਿੰਘ ਚਕਰ ਨੇ ਅਹਿਮ ਮੁੱਦਿਆਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਡਾ. ਬਲਦੇਵ ਸਿੰਘ ਨੇ ਜ਼ਿੰਦਗੀ ਦੀਆਂ ਆਦਤਾਂ ਸਬੰਧੀ ਸਾਰਥਿਕ ਸੁਨੇਹਾ ਦਿੱਤਾ। ਕਾਨਤਾ ਦੇਵੀ ਨੇ ਡਾ. ਸੁਰਿੰਦਰਪਾਲ ਚਾਵਲਾ ਦੀ ਕਿਤਾਬ 'ਸੁਲਗਦੇ ਜਜ਼ਬਾਤ' ਦੀ ਸਮੀਖਿਆ ਕੀਤੀ ਤੇ ਕਿਤਾਬ ਦੀਆਂ ਰਚਨਾਵਾਂ ਨੂੰ ਪਾਏਦਾਰ ਆਖਦਿਆਂ ਉਨ੍ਹਾਂ ਨੇ ਡਾ. ਸੁਰਿੰਦਰਪਾਲ ਚਾਵਲਾ ਨੂੰ ਵਧਾਈਆਂ ਦਿੱਤੀਆਂ। ਚਰਨਜੀਤ ਕੌਰ ਗਗੜਾ ਨੇ ਗੀਤ 'ਤੇਰੀ ਮੇਰੀ ਜੋੜੀ ਰੱਬ ਨੇ ਬਣਾਈ' ਸੁਣਾ ਕੇ ਹਾਜ਼ਰੀ ਲਵਾਈ। ਆਖਿਰ ਵਿੱਚ ਪ੍ਰਧਾਨ ਜਗਦੀਸ਼ ਪਾਲ ਮਹਿਤਾ ਨੇ ਵੀ ਇਕ ਗੀਤ ਦੁਆਰਾ ਹਾਜ਼ਰੀ ਲਵਾਉਂਦਿਆਂ ਸਭ ਦਾ ਧੰਨਵਾਦ ਕੀਤਾ।

# 20 ਜ਼ੋਨਾਂ ਦੇ ਉਮੀਦਵਾਰ ਰਹੇ ਬਿਨਾਂ ਮੁਕਾਬਲਾ ਜੇਤੂ

**ਸੰਗਰੂਰ, (ਪ੍ਰਵੀਨ ਸਿੰਘ)** ਜ਼ਿਲ੍ਹੇ ਦੀਆਂ ਪੰਚਾਇਤ ਸੰਮਤੀ ਚੋਣਾਂ ਦੀਆਂ 162 ਜ਼ੋਨਾਂ 'ਚੋਂ 20 ਜ਼ੋਨਾਂ ਦੇ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ।ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੇ ਦੱਸਿਆ ਕਿ ਪੰਚਾਇਤ ਸੰਮਤੀ ਚੋਣਾਂ ਵਿੱਚ ਸੰਗਰੂਰ ਜ਼ਿਲ੍ਹੇ ਦੇ 162 ਜ਼ੋਨ ਹਨ, ਜਿਨ੍ਹਾਂ ਵਿਚੋਂ 20 ਜ਼ੋਨ ਅਜਿਹੇ ਹਨ, ਜਿੱਥੇ ਇਕ ਉਮੀਦਵਾਰ ਹੀ ਚੋਣ ਮੈਦਾਨ ਹੋਣ ਕਰਕੇ ਉਹ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ।ਉਨ੍ਹਾਂ ਵੇਰਵੇ ਦਿੰਦਿਆਂ ਦੱਸਿਆ ਕਿ ਪੰਚਾਇਤ ਸੰਮਤੀ ਅੰਨਦਾਨਾ ਐਟ ਮੂਨਕ ਵਿਖੇ ਗੁਲਾੜੀ ਤੇ ਕਰੋਦਾ ਜ਼ੋਨ ਦੇ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ ਇਸੇ ਤਰ੍ਹਾਂ ਪੰਚਾਇਤ ਸੰਮਤੀ ਭਵਾਨੀਗੜ੍ਹ ਵਿਖੇ ਕਾਲਾਝਾੜ, ਪੰਚਾਇਤ ਸੰਮਤੀ ਛਾਜਲੀ ਦੇ ਜ਼ੋਨ ਹਰਿਆਊ, ਪੰਚਾਇਤ ਸੰਮਤੀ ਧੂਰੀ ਵਿਖੇ ਜ਼ੋਨ ਨੱਤ, ਕੱਕੜਵਾਲ, ਈਸੜਾ, ਧਾਦਰਾ, ਢਢੋਗਲ, ਮੀਮਸਾ ਤੇ ਭੁੱਲਰਹੇੜੀ ਜ਼ੋਨ ਦੇ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਚਾਇਤ ਸੰਮਤੀ ਦਿੜ੍ਹਬਾ ਦੇ ਜ਼ੋਨ ਸ਼ਾਦੀਹਰੀ, ਤੁਰਬੰਨਜਾਰਾ ਤੇ ਕਮਾਲਪੁਰ ਜ਼ੋਨ ਦੇ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ।ਪੰਚਾਇਤ ਸੰਮਤੀ ਲਹਿਰਾਗਾਗਾ ਦੇ ਚੂੜਲ ਕਲਾਂ ਤੇ ਰਾਏਧਰਾਣਾ ਜ਼ੋਨ ਦੇ ਉਮੀਦਵਾਰ ਬਿਨਾਂ ਮੁਕਾਬਲੇ ਜੇਤੂ ਰਹੇ।ਇਸੇ ਤਰ੍ਹਾਂ ਪੰਚਾਇਤ ਸੰਮਤੀ ਸ਼ੇਰਪੁਰ ਦੇ ਜ਼ੋਨ ਮਾਹਮਦਪੁਰ ਜੇਤੂ ਰਹੇ ਹਨ।ਪੰਚਾਇਤ ਸੰਮਤੀ ਸੁਨਾਮ ਊਧਮ ਸਿੰਘ ਵਾਲਾ ਦੇ ਕੋਟੜਾ ਅਮਰੂ ਤੇ ਪੰਚਾਇਤ ਸੰਮਤੀ ਸੁਨਾਮ ਊਧਮ ਸਿੰਘ ਵਾਲਾ-2 ਦੇ ਜ਼ੋਨ ਈਲਵਾਲ ਤੇ ਖੁਰਾਣਾ ਜ਼ੋਨ ਦੇ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ।

# ਵਰਿੰਦਰ ਕਪੂਰ ਨੇ ਲਾਈ ਇੱਕ ਕਰੋੜ ਦਸ ਲੱਖ ਦੀ ਬੋਲੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਸ਼ਹੀਦੀ ਜੋੜ ਮੇਲੇ ਦੌਰਾਨ ਲੱਗਣ ਵਾਲੇ ਮਨੋਰੰਜਨ ਮੇਲੇ ਲਈ ਪ੍ਰਸ਼ਾਸਨ ਵੱਲੋਂ ਬੰਦ ਲਿਫ਼ਾਫ਼ਾ ਟੈਂਡਰ ਪ੍ਰਣਾਲੀ ਅਪਣਾਈ ਗਈ, ਜਿਸ ਤਹਿਤ ਕੁੱਲ ਅੱਠ ਵਿਅਕਤੀਆਂ ਨੇ ਬੋਲੀ ਵਿੱਚ ਭਾਗ ਲਿਆ। ਇਸ ਵਾਰ ਮਨੋਰੰਜਨ ਮੇਲੇ ਲਈ ਰਿਜ਼ਰਵ ਬੋਲੀ 1 ਕਰੋੜ 10 ਲੱਖ ਰੁਪਏ ਰੱਖੀ ਗਈ ਸੀ। ਬੋਲੀ ਖੁੱਲ੍ਹਣ ਤੋਂ ਬਾਅਦ ਵਰਿੰਦਰ ਕਪੂਰ ਵੱਲੋਂ ਦਿੱਤੀ ਗਈ 1 ਕਰੋੜ 31 ਲੱਖ ਰੁਪਏ ਦੀ ਸਭ ਤੋਂ ਵੱਧ ਬੋਲੀ ਨੂੰ ਮਨਜ਼ੂਰੀ ਦਿੱਤੀ ਗਈ ਤੇ ਉਨ੍ਹਾਂ ਨੂੰ ਮਨੋਰੰਜਨ ਮੇਲੇ ਦਾ ਠੇਕਾ ਅਲਾਟ ਕੀਤਾ ਗਿਆ।ਦੱਸ ਦੇਈਏ ਕਿ ਇਹ ਮਨੋਰੰਜਨ ਮੇਲਾ ਦੋ ਮਹੀਨੇ ਦੀ ਮਿਆਦ ਲਈ ਲਿਆ ਗਿਆ ਹੈ। ਐਸਡੀਐਮ ਬਲਜੀਤ ਕੌਰ ਨੇ ਦੱਸਿਆ ਕਿ ਬੰਦ ਲਿਫ਼ਾਫ਼ਾ ਟੈਂਡਰ ਰਾਹੀਂ ਸਾਰੀ ਪ੍ਰਕਿਰਿਆ ਨਿਯਮਾਂ ਅਨੁਸਾਰ ਤੇ ਪੂਰੀ ਪਾਰਦਰਸ਼ਿਤਾ ਨਾਲ ਪੂਰੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਅੱਠ ਵਿਅਕਤੀਆਂ ਵੱਲੋਂ ਬੋਲੀ ਵਿੱਚ ਹਿੱਸਾ ਲਿਆ ਗਿਆ ਸੀ, ਜਿਸ ਵਿੱਚ ਵਰਿੰਦਰ ਕਪੂਰ ਵੱਲੋਂ ਦਿੱਤੀ ਗਈ ਸਭ ਤੋਂ ਉੱਚੀ ਬੋਲੀ ਸਵੀਕਾਰ ਕੀਤੀ ਗਈ ਹੈ।

# ਅਧਿਆਪਕਾਂ ਵੱਲੋਂ ਧਰਨਿਆਂ ਪਿੱਛੋਂ ਦਿੱਤੇ ਗਏ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ

**ਮਾਨਸਾ (ਆਤਮਾ ਸਿੰਘ ਪਮਾਰ)** ਜ਼ਿਲ੍ਹੇ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣ ਡਿਊਟੀ ਦੌਰਾਨ ਜਾਨ ਗਵਾਉਣ ਵਾਲੇ ਅਧਿਆਪਕ ਜੋੜੇ ਅਤੇ ਵੱਖ-ਵੱਖ ਥਾਈਂ ਹੋਏ ਹਾਦਸਿਆਂ 'ਚ ਜ਼ਖ਼ਮੀ ਹੋਏ ਅਧਿਆਪਕਾਂ ਨੂੰ ਇਨਸਾਫ਼ ਦੁਆਉਣ ਲਈ ਜ਼ਿਲ੍ਹਾ ਪੱਧਰੀ ਧਰਨਾ ਦੇਣ ਉਪਰੰਤ ਪੰਜਾਬ ਸਰਕਾਰ ਤੇ ਰਾਜ ਚੋਣ ਕਮਿਸ਼ਨ ਖਿਲਾਫ਼ ਰੋਹ ਭਰਪੂਰ ਅਰਥੀ ਫੂਕ ਪ੍ਰਦਰਸ਼ਨ ਵੀ ਕੀਤਾ।ਇਸ ਸਮੇਂ ਮੁੱਖ ਮੰਤਰੀ ਪੰਜਾਬ ਦੇ ਨਾਂਅ ਜ਼ਿਲ੍ਹਾ ਅਧਿਕਾਰੀਆਂ ਰਾਹੀਂ ਮੰਗ ਪੱਤਰ ਭੇਜਿਆ ਗਿਆ।ਦਰਅਸਲ 14 ਦਸੰਬਰ ਨੂੰ ਅਧਿਆਪਕ ਜਸਕਰਨ ਭੁੱਲਰ ਅਤੇ ਉਨ੍ਹਾਂ ਦੀ ਪਤਨੀ ਅਧਿਆਪਕਾ ਕਮਲਜੀਤ ਕੌਰ ਦੀ ਸਵੇਰੇ ਮੋਗਾ ਜ਼ਿਲ੍ਹੇ 'ਚ ਚੋਣ ਡਿਊਟੀ 'ਤੇ ਜਾਂਦੇ ਸਮੇਂ ਕਾਰ ਸੂਏ 'ਚ ਡਿੱਗਣ ਕਾਰਣ ਦਰਦਨਾਕ ਮੌਤ ਹੋ ਗਈ ਸੀ।ਇਸੇ ਤਰ੍ਹਾਂ ਮੂਣਕ (ਜ਼ਿਲ੍ਹਾ ਸੰਗਰੂਰ) ਵਿਖੇ ਐਸੋਸੀਏਟ ਅਧਿਆਪਕਾ ਰਾਜਵੀਰ ਕੌਰ ਵੀ ਸੂਏ 'ਚ ਕਾਰ ਡਿੱਗਣ ਕਾਰਨ ਫੱਟੜ ਹੋ ਗਈ। ਇਸੇ ਤਰ੍ਹਾਂ ਦੀ ਸਿੱਖਿਆ ਪ੍ਰੋਵਾਇਡਰ ਅਧਿਆਪਕਾ ਪਰਮਜੀਤ ਕੌਰ ਦੀ ਪਾਤੜਾਂ ਵਿਖੇ ਹੋਈ ਦੁਰਘਟਨਾ ਸਮੇਤ ਪੰਜਾਬ ਵਿੱਚ ਕਈ ਥਾਂਵਾਂ



ਉਪਰ ਹੋਰ ਵੀ ਚੋਣ ਕਮਿਸ਼ਨ ਤੇ ਪੰਜਾਬ ਸਰਕਾਰ ਦੀ ਚੋਣ ਡਿਊਟੀਆਂ ਦੇ ਮਾਮਲੇ ਵਿੱਚ ਕੀਤੀ ਗਈ ਮਨਮਰਜ਼ੀ ਤੇ ਅਣਗਹਿਲੀ ਕਾਰਨ ਅਜਿਹੀਆਂ ਘਟਨਾਵਾਂ ਦਾ ਅਧਿਆਪਕਾਂ ਨੂੰ ਸ਼ਿਕਾਰ ਹੋਣਾ ਪਿਆ, ਜਿਸ ਕਾਰਨ ਅਧਿਆਪਕਾਂ ਹਲਕਿਆਂ 'ਚ ਭਾਰੀ ਰੋਸ ਅਤੇ ਰੋਹ ਪਾਇਆ ਜਾ ਰਿਹਾ ਹੈ। ਅਧਿਆਪਕ ਆਗੂਆਂ ਨਰਿੰਦਰ ਮਾਖਾ, ਅਮੋਲਕ ਡੇਲੂਆਣਾ, ਕਰਮਜੀਤ ਤਾਮਕੋਟ ਤੇ ਦਰਸ਼ਨ ਅਲੀਸ਼ੇਰ, ਵਿਜੇ ਬੁਢਲਾਡਾ, ਰਾਜਵਿੰਦਰ ਮੀਰ ਨੇ ਮੰਗ ਕੀਤੀ ਕਿ ਸਦੀਵੀ ਵਿਛੋੜਾ ਦੇ ਗਏ ਅਧਿਆਪਕ ਸਾਥੀਆਂ ਜਸਕਰਨ ਸਿੰਘ ਤੇ ਕਮਲਜੀਤ ਕੌਰ ਦੀ ਭਿਆਨਕ ਮੌਤ 'ਤੇ 2-2 ਕਰੋੜ ਰੁਪਏ ਦਾ ਮੁਆਵਜ਼ਾ, ਉਨ੍ਹਾਂ ਦੇ ਬੱਚਿਆਂ ਦੇ ਨਾਂਅ 'ਤੇ ਤੁਰੰਤ ਜਾਰੀ ਕੀਤਾ ਜਾਵੇ ਅਤੇ ਬੱਚਿਆਂ ਦਾ ਪੜ੍ਹਾਈ ਦਾ ਖ਼ਰਚਾ ਵੀ ਸਰਕਾਰ ਉਠਾਵੇ ਤੇ ਦੋਵਾਂ ਬੱਚਿਆਂ ਲਈ ਸਰਕਾਰੀ ਨੌਕਰੀ ਵੀ ਰਾਖਵੀਂ ਰੱਖੀ ਜਾਵੇ। ਇਸੇ ਤਰ੍ਹਾਂ ਬਲਾਕ ਮੂਣਕ ਜ਼ਿਲ੍ਹਾ ਸੰਗਰੂਰ, ਬਲਾਕ ਪਾਤੜਾਂ ਜ਼ਿਲ੍ਹਾ ਪਟਿਆਲਾ ਅਤੇ ਹੋਰ ਥਾਂਵਾਂ 'ਤੇ ਜ਼ਖ਼ਮੀ ਹੋਏ ਅਧਿਆਪਕਾਂ ਲਈ 20-20 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ ਤੇ ਇਲਾਜ ਦੀ ਜ਼ਿੰਮੇਵਾਰੀ ਸਰਕਾਰ ਲਵੇ ਵੱਲੋਂ ਅਤੇ ਤੰਦਰੁਸਤ ਹੋਣ ਤੱਕ ਅਧਿਆਪਕਾਂ ਨੂੰ ਡਿਊਟੀ 'ਤੇ ਮੰਨਿਆ ਜਾਵੇ।ਮੂਣਕ ਵਿਖੇ ਰਾਜਵੀਰ ਕੌਰ ਐਸੋਸੀਏਟ ਅਧਿਆਪਕਾ ਤੇ ਉਸ ਦੇ ਪਤੀ ਨੂੰ ਹਾਦਸੇ ਵਿੱਚ ਲੱਗੀਆਂ ਸੱਟਾਂ ਦੇ ਇਲਾਜ ਦਾ ਮੁਕੰਮਲ ਖਰਚ ਅਤੇ 20 ਲੱਖ ਰੁਪਏ ਮੁਆਵਜ਼ਾ ਦੇਣ, ਚੋਣਾਂ ਦੌਰਾਨ ਅਧਿਆਪਕਾਂ ਤੇ ਐਫ ਆਈ ਆਰ ਦੀਆਂ ਕੀਤੀਆਂ ਸਿਫ਼ਾਰਸ਼ਾਂ ਤੁਰੰਤ ਰੱਦ ਕਰਨ, ਭਵਿੱਖ 'ਚ ਚੋਣ ਡਿਊਟੀਆਂ ਅਧਿਆਪਕਾਂ ਦੇ ਰਿਹਾਇਸ਼ੀ/ਕੰਮਕਾਜੀ ਬਲਾਕ ਵਿੱਚ ਹੀ ਲਾਉਣ ਦੀ ਮੰਗ ਵੀ ਰੱਖੀ ਗਈ।ਆਗੂਆਂ ਨੇ ਮੰਗ ਕੀਤੀ ਕਿ ਬੀਐੱਲਓਜ਼ ਦੀ ਵੱਖਰੀ ਚੋਣ ਡਿਊਟੀ ਲਗਾ ਕੇ ਦੂਹਰਾ ਭਾਰ ਪਾਉਣਾ ਬੰਦ ਕੀਤਾ ਜਾਵੇ।ਸਰਕਾਰ ਦੇ ਚੋਣ ਵਾਅਦੇ ਅਨੁਸਾਰ ਅਧਿਆਪਕਾਂ ਦੀਆਂ ਬੀਐਲਓ ਤੇ ਹੋਰ ਗੈਰਵਿਦਿਅਕ ਡਿਊਟੀਆਂ ਰੱਦ ਕੀਤੀਆਂ ਜਾਣ।ਆਗੂਆਂ ਨੇ ਅੱਗੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਹਾਦਸੇ ਦੇ ਸ਼ਿਕਾਰ ਹੋਏ ਅਧਿਆਪਕਾਂ ਨੂੰ ਇਨਸਾਫ ਨਹੀਂ ਦਿੱਤਾ ਜਾਂਦਾ ਤਾਂ ਜਲਦ ਅਗਲੇ ਤਿੱਖੇ ਐਕਸ਼ਨ ਉਲੀਕੇ ਜਾਣਗੇ।

# ਫਰੈਂਡਸ਼ਿਪ ਤੇ ਡੈਮੋਕ੍ਰੇਟਿਕ ਗਰੁੱਪ ਨੂੰ ਸਮੁੱਚੇ ਮੈਂਬਰਾਂ ਨੇ ਕੀਤਾ ਖੁੱਲ੍ਹੇ ਸਮਰਥਨ ਦਾ ਐਲਾਨ



**ਨਾਭਾ (ਵਰਿੰਦਰ ਵਰਮਾ)** ਜਿਮਖਾਨਾ ਅਤੇ ਮਹਿੰਦਰਾ ਕਲੱਬ ਚੋਣਾਂ ਸਬੰਧੀ ਅੱਜ ਨਾਭਾ ਵਿਖੇ ਕਲੱਬ ਦੇ ਮੈਂਬਰ ਜਸਪਾਲ ਜੁਨੇਜਾ, ਅਮਰਦੀਪ ਸਿੰਘ ਖੰਨਾ, ਦਲਜੀਤ ਸਿੰਘ ਸੰਧੂ, ਜੀਵਨ ਪ੍ਰਕਾਸ਼ ਬਾਂਸਲ, ਸੰਦੀਪ ਬਾਂਸਲ, ਡਾਕਟਰ ਜੇ ਪੀ ਨਰੂਲਾ ਤੇ ਹੋਰ ਮੈਂਬਰਾਂ ਵੱਲੋਂ ਇੱਕ ਵੱਡੀ ਮੀਟਿੰਗ ਦਾ ਆਯੋਜਨ ਰੋਟਰੀ ਕਲੱਬ ਪਟਿਆਲਾ ਗੇਟ ਵਿਖੇ ਕੀਤਾ ਗਿਆ। ਮੀਟਿੰਗ ਵਿੱਚ ਫਰੈਂਡਸ਼ਿਪ ਤੇ ਡੈਮੋਕ੍ਰੇਟਿਕ ਗਰੁੱਪ ਦੇ ਸਮੁੱਚੇ ਮੈਂਬਰਾਂ ਦੇ ਖੁੱਲ੍ਹੇ ਸਮਰਥਨ ਦਾ ਐਲਾਨ ਕੀਤਾ ਗਿਆ। ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਨਾਭਾ ਵਿਖੇ ਇਕੱਠੇ ਹੋਏ ਮੈਂਬਰਾਂ ਨੇ ਡਾ. ਤੁੱਲੀ, ਪੈਥੇ ਤੇ ਸੰਧੂ ਗਰੁੱਪ ਦੇ ਸਾਰੇ ਹੀ ਉਮੀਦਵਾਰਾਂ ਨੂੰ ਖੁੱਲ੍ਹੇ ਸਮਰਥਨ ਦਾ ਐਲਾਨ ਕੀਤਾ ਹੈ ਉਨ੍ਹਾਂ ਦੀ ਇੱਕ-ਇੱਕ ਵੋਟ ਇਸ ਗਰੁੱਪ ਦੇ ਉਮੀਦਵਾਰਾਂ ਦੇ ਹੱਕ 'ਚ ਭਗਤੇਗੀ।ਉਨ੍ਹਾਂ ਕਿਹਾ ਕਿ ਨਵੀਂ ਟੀਮ ਬਹੁਤ ਹੀ ਵਧੀਆ ਟੀਮ ਹੈ ਅਤੇ ਸਾਡਾ ਟੀਚਾ ਸਾਰੇ 12 ਮੈਂਬਰਾਂ ਨੂੰ ਜਿਤਾਉਣਾ ਹੈ।ਇਸ ਲਈ ਅਹੁਦੇਦਾਰਾਂ ਦੇ ਹੱਕ 'ਚ ਪੂਰੀ ਹਨੇਰੀ ਚੱਲ ਰਹੀ ਹੈ।ਅਸੀਂ ਸਾਰੇ ਤਨ-ਮਨ ਨਾਲ ਇਸ ਟੀਮ ਨੂੰ ਜਿਤਾਉਣ ਲਈ ਹਰ ਯਤਨ ਕਰਾਂਗੇ। ਇਹ ਨਵੀਂ ਟੀਮ ਭਵਿੱਖ 'ਚ ਕਲੱਬ ਮੈਂਬਰਾਂ ਦੀ ਬੇਹਤਰੀ ਤੇ ਮੈਂਬਰਾਂ ਨੂੰ ਵਧੀਆ ਸੁਵਿਧਾਵਾਂ ਦੇਣ ਲਈ ਵਚਨਬੱਧ ਰਹੇਗੀ।ਫਰੈਂਡਸ਼ਿਪ ਤੇ ਡੈਮੋਕਰੇਟਿਕ ਗਰੁੱਪ ਵੱਲੋਂ ਡਾ. ਹਰਸਿਮਰਨ ਸਿੰਘ ਤੁਲੀ, ਕੇ ਕੇ ਪੈਥੇ, ਹਰਪ੍ਰੀਤ ਸਿੰਘ ਸੰਧੂ, ਰੋਹਿਤ ਗੁਪਤਾ, ਮੋਹਿਤ ਧੂਹ ਤੇ ਹੋਰ ਉਮੀਦਵਾਰਾਂ ਨੇ ਨਾਭਾ ਪਹੁੰਚ ਕੇ ਆਪਣੇ ਹੱਕ 'ਚ ਵੋਟਾਂ ਮੰਗੀਆਂ। ਡਾ. ਤੁਲੀ, ਪੈਥੇ, ਸੰਧੂ ਤੇ ਹੋਰ ਉਮੀਦਵਾਰਾਂ ਨੇ ਸਾਂਝੇ ਤੌਰ 'ਤੇ ਬੋਲਦਿਆਂ ਨਾਭਾ ਦੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਕਲੱਬ 'ਚ ਮੈਂਬਰਾਂ ਦਾ ਬਹੁਤ ਵੱਡਾ ਯੋਗਦਾਨ ਹੈ।ਸਾਨੂੰ ਯਕੀਨ ਹੈ ਕਿ ਸਾਡੇ ਉਮੀਦਵਾਰਾਂ ਦੀ ਜਿੱਤ 'ਚ ਨਾਭਾ ਦੇ ਮੈਂਬਰਾਂ ਦਾ ਪੂਰਾ ਯੋਗਦਾਨ ਰਹੇਗਾ।ਸਾਡੀ ਸਮੁੱਚੀ ਟੀਮ ਕਲੱਬ ਦੇ ਲਈ ਵਚਨਬੱਧ ਹੈ।ਸਾਡਾ ਇਕ-ਇਕ ਏਜੰਡਾ ਇਸ ਕਲੱਬ ਨੂੰ ਹੋਰ ਬੁਲੰਦੀਆਂ 'ਤੇ ਲੈ ਕੇ ਜਾਵੇਗਾ।ਉਮੀਦਵਾਰ ਹਰ ਪੱਖ ਤੋਂ ਮੈਂਬਰਾਂ ਦੀਆਂ ਉਮੀਦਾਂ 'ਤੇ ਖਰੇ ਉਤਰਾਂਗੇ।

# ਨਸ਼ਾ ਸਮਾਜਿਕ ਢਾਂਚੇ ਨੂੰ ਵੀ ਕਰਦਾ ਹੈ ਕਮਜ਼ੋਰ : ਜ਼ਿਲ੍ਹਾ ਸੈਸ਼ਨ ਜੱਜ




**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਪੰਜਾਬ ਲੀਗਲ ਸਰਵਿਸਜ਼ ਅਥਾਰਟੀ ਬਠਿੰਡਾ ਵੱਲੋਂ ਨਸ਼ਿਆਂ ਖਿਲਾਫ 6 ਦਸੰਬਰ ਤੋਂ 6 ਜਨਵਰੀ 2026 ਤੱਕ ਵਿੱਢੀ ਗਈ ਮੁਹਿੰਮ ਦੀ ਲੜੀ ਦੇ ਤਹਿਤ ਮੰਗਲਵਾਰ ਨੂੰ ਸਥਾਨਕ ਕੋਰਟ ਕੰਪਲੈਕਸ 'ਚੋਂ ਜ਼ਿਲ੍ਹਾ ਅਤੇ ਸੈਸ਼ਨ ਜੱਜ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਕਰੁਨੇਸ਼ ਕੁਮਾਰ ਨੇ ਰੈਲੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਅਤੇ ਸਿਵਲ ਜੱਜ (ਸੀਨੀਅਰ ਡਿਵੀਜ਼ਨ)-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਲਜਿੰਦਰ ਕੌਰ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਹ ਰੈਲੀ ਡੀ ਆਈ ਜੀ ਕੋਠੀ ਚੌਂਕ ਤੋਂ ਹੁੰਦੀ ਹੋਈ, ਪਾਵਰ ਹਾਊਸ ਰੋਡ, ਟ੍ਰੈਫਿਕ ਲਾਇਟਾਂ ਤੋਂ ਬੱਸ ਸਟੈਂਡ ਹੋ ਕੇ ਮੁੜ ਕੋਰਟ ਕੰਪਲੈਕਸ ਵਿੱਚ ਆ ਕੇ ਸਮਾਪਤ ਹੋਈ। ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਸ੍ਰੀ ਕਰੁਨੇਸ਼ ਕੁਮਾਰ ਨੇ ਕਿਹਾ ਕਿ ਨਸ਼ਾ ਸਿਰਫ਼ ਮਨੁੱਖ ਦੇ ਸਰੀਰ ਨੂੰ ਹੀ ਨੁਕਸਾਨ ਨਹੀਂ ਪਹੁੰਚਾਉਂਦਾ, ਸਗੋਂ ਇਹ ਸਮਾਜਕ ਢਾਂਚੇ ਨੂੰ ਵੀ ਕਮਜ਼ੋਰ ਕਰਦਾ ਹੈ ਤੇ ਪਰਿਵਾਰਕ ਜੀਵਨ ਨੂੰ ਵੀ ਤਬਾਹੀ ਵੱਲ ਧੱਕਦਾ ਹੈ। ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਕਿਹਾ ਕਿ ਨਸ਼ਿਆਂ ਦਾ ਕੋਹੜ ਸਮਾਜ ਦੀ ਜੜ੍ਹਾਂ ਨੂੰ ਖੋਖਲਾ ਕਰ ਰਿਹਾ ਹੈ, ਜਿਸ ਨਾਲ ਨਜਿੱਠਣ ਲਈ ਸਾਂਝੀ ਕੋਸ਼ਿਸ਼ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਸਿਰਫ ਸਰਕਾਰ ਜਾਂ ਪ੍ਰਸ਼ਾਸਨ ਹੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਮਾਪੇ, ਅਧਿਆਪਕ, ਨੌਜਵਾਨ ਅਤੇ ਸਮਾਜਿਕ ਸੰਸਥਾਵਾਂ ਨੂੰ ਇਕੱਠੇ ਹੋ ਕੇ ਇਸ ਬੁਰਾਈ ਦੇ ਖਿਲਾਫ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਮੈਕਰੋ ਗਲੋਬਲ ਦੀ ਜਗਰਾਉਂ ਬ੍ਰਾਂਚ ਨੇ ਲਗਵਾਇਆ ਇਕ ਹੋਰ ਸਟੱਡੀ ਵੀਜ਼ਾ

**ਜਗਰਾਉਂ (ਸੰਜੀਵ ਅਰੋੜਾ)**- ਮੈਕਰੋ ਗਲੋਬਲ ਮੋਗਾ ਦੀ ਜਗਰਾਉਂ ਬ੍ਰਾਂਚ, ਜੋ ਕਿ ਪਿਛਲੇ ਬਹੁਤ ਸਮੇਂ ਤੋਂ ਧੜਾਧੜ ਸਟੂਡੈਂਟ ਵੀਜ਼ੇ ਲਗਵਾ ਕੇ ਖਿੱਚ ਦਾ ਕੇਂਦਰ ਬਣੀ ਹੋਈ ਹੈ। ਮੈਕਰੋ ਗਲੋਬਲ ਦੀ ਜਗਰਾਉਂ ਬ੍ਰਾਂਚ ਇਕ ਵਾਰ ਫਿਰ ਹੋਣ-ਹਾਰ ਵਿਦਿਆਰਥੀ ਦਾ ਵਿਦੇਸ਼ ਜਾ ਕੇ ਪੜ੍ਹਨ ਦਾ ਸੁਪਨਾ ਸਾਕਾਰ ਕਰਨ ਵਿੱਚ ਮਦਦਗਾਰ



ਸਾਬਿਤ ਹੋਈ ਹੈ। ਇੱਥੇ ਜ਼ਿਕਰਯੋਗ ਹੈ ਕਿ ਇੰਦਰਜੋਤ ਸਿੰਘ ਸਪੁੱਤਰ ਬਲਵਿੰਦਰ ਸਿੰਘ ਨਿਵਾਸੀ ਲਤਾਲਾ ਜ਼ਿਲ੍ਹਾ ਲੁਧਿਆਣਾ ਨੇ ਆਪਣੇ ਸਟੱਡੀ ਬਾਰੇ ਪੁੱਛ-ਪੜਤਾਲ ਕਰਨ ਤੋਂ ਬਾਅਦ ਆਪਣਾ ਕੇਸ ਇੱਥੋਂ ਲਗਵਾਇਆ। ਸਿਟੇ ਵਜੋਂ ਵਧੀਆ ਸੇਧ ਤੇ ਕਾਰਗੁਜ਼ਾਰੀ ਸਦਕਾ ਆਪਣਾ ਕੈਨੇਡਾ ਦਾ ਸਟੱਡੀ ਵੀਜ਼ਾ ਪ੍ਰਾਪਤ ਕੀਤਾ। ਸਟੱਡੀ ਵੀਜ਼ਾ ਪ੍ਰਾਪਤ ਕਰਨ 'ਤੇ ਇੰਦਰਜੋਤ ਸਿੰਘ ਤੇ ਉਸ ਦੇ ਪਰਿਵਾਰ ਨੇ ਜਗਰਾਉਂ ਬ੍ਰਾਂਚ ਦੇ ਸਮੂਹ ਇਮੀਗਰੇਸ਼ਨ ਸਟਾਫ ਅਤੇ ਐੱਮ. ਡੀ. ਗੁਰਮਿਲਾਪ ਸਿੰਘ ਡੱਲਾ ਦਾ ਬਹੁਤ ਧੰਨਵਾਦ ਕੀਤਾ। ਇਸ ਮੌਕੇ ਸੰਸਥਾ ਦੇ ਸੰਸਥਾਪਕ ਗੁਰਮਿਲਾਪ ਸਿੰਘ ਨੇ ਜਗਰਾਉਂ ਬ੍ਰਾਂਚ ਦੇ ਸਮੂਹ ਸਟਾਫ ਨੂੰ ਵਧਾਈ ਦਿੱਤੀ ਤੇ ਇੰਦਰਜੋਤ ਸਿੰਘ ਨੂੰ ਉਸ ਦੇ ਸੁਨਹਿਰੇ ਭੱਵਿਖ ਲਈ ਸ਼ੁੱਭ-ਕਾਮਨਾਵਾਂ ਵੀ ਦਿੱਤੀਆਂ।

# ਐੱਸ ਐੱਮ ਓ ਵੱਲੋਂ ਓਟ ਕੇਂਦਰ ਸ਼ੇਰਪੁਰ ਦਾ ਦੌਰਾ, ਮਰੀਜ਼ਾਂ ਨਾਲ ਕੀਤੀ ਗੱਲਬਾਤ

**ਸ਼ੇਰਪੁਰ (ਰਵੀ ਟਿੱਬਾ)** - ਸਿਵਲ ਸਰਜਨ ਸੰਗਰੂਰ ਡਾ ਅਮਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ ਜਸਦੀਪ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਸ਼ੇਰਪੁਰ ਨੇ ਸਿਹਤ ਕਰਮੀਆਂ ਸਮੇਤ ਓਟ ਕੇਂਦਰ ਸੀ ਐਚ ਸੀ ਸ਼ੇਰਪੁਰ ਦਾ ਦੌਰਾ ਕੀਤਾ ਅਤੇ ਦਵਾਈ ਲੈਣ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ ਤੇ ਉਹਨਾਂ ਦੀਆਂ ਸਮੱਸਿਆਵਾਂ ਸੁਣੀਆਂ , ਜਿੰਨ੍ਹਾਂ ਮੰਗ ਕੀਤੀ ਕਿ ਅੰਗਹੀਣ ਮਰੀਜ਼ਾਂ ਨੂੰ ਦਵਾਈ ਪਹਿਲ ਦੇ ਅਧਾਰ 'ਤੇ ਦਿੱਤੀ ਜਾਵੇ ਅਤੇ ਜੋ ਕਾਰਡ ਅਪਡੇਟ ਲਈ ਜ਼ਿਲਾ ਹਸਪਤਾਲ



ਸੰਗਰੂਰ ਜਾਣਾ ਪੈਂਦਾ ਹੈ ਉਸ ਦਾ ਹੱਲ ਕੀਤਾ ਜਾਵੇ , ਮੰਗਲਵਾਰ ਨੂੰ ਓਟ ਕਲੀਨਿਕ ਵਿੱਚ ਸਿਹਤ ਕਰਮੀਆਂ ਦੀ ਗਿਣਤੀ ਵਧਾਈ ਜਾਵੇ । ਡਾ ਜਸਦੀਪ ਸਿੰਘ ਨੇ ਅੰਗਹੀਣ ਮਰੀਜ਼ਾਂ ਨੂੰ ਪਹਿਲ ਦੇ ਅਧਾਰ 'ਤੇ ਦਵਾਈ ਦੇਣ ਲਈ ਹੁਕਮ ਦਿੱਤਾ , ਗਿਣਤੀ 2 ਤੋਂ 4 ਕੀਤੀ ਗਈ। ਕਾਰਡਾਂ ਦੀ ਅਪਡੇਟ ਵਾਸਤੇ ਉਹਨਾਂ ਕਿਹਾ ਕਿ ਇਹ ਕੰਮ ਉਹ ਨਹੀਂ ਕਰ ਸਕਦੇ ਇਸ ਲਈ ਸਪੈਸ਼ਲਿਸਟ ਡਾਕਟਰ ਨਿਯੁਕਤ ਹਨ । ਡਾ ਜਸਦੀਪ ਸਿੰਘ ਨੇ ਮਰੀਜ਼ਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ। ਇਸ ਮੌਕੇ ਜਾਣਕਾਰੀ ਦਿੰਦਿਆਂ ਡਾ ਜਸਦੀਪ ਸਿੰਘ ਨੇ ਦੱਸਿਆ ਕਿ ਨਸ਼ਿਆਂ ਦੀ ਵਰਤੋਂ ਵਿਅਕਤੀ ਨੂੰ ਜਿੱਥੇ ਸਰੀਰਕ, ਮਾਨਸਿਕ ਤੇ ਆਰਥਿਕ ਤੌਰ 'ਤੇ ਨੁਕਸਾਨ ਪਹੁੰਚਾਉਂਦੀ ਉੱਥੇ ਸਮਾਜਿਕ ਤੌਰ 'ਤੇ ਵੀ ਘਿਰਣਾ ਦਾ ਪਾਤਰ ਬਣਾਉਂਦੀ ਹੈ। ਨਸ਼ੇ ਇਨਸਾਨ ਦੇ ਸਰੀਰ ਨੂੰ ਖੋਖਲਾ ਕਰ ਦਿੰਦੇ ਹਨ । ਇਸ ਮੌਕੇ ਡਾਕਟਰ ਯਤਿਨ ਗਰਗ , ਤਰਸੇਮ ਸਿੰਘ ਬੀ ਈ ਈ , ਰਾਜਵੀਰ ਸਿੰਘ ਹੈਲਥ ਇੰਸਪੈਕਟਰ , ਹਰਜਿੰਦਰ ਸਿੰਘ ਬੀ ਐੱਸ ਏ, ਸੀਨੀਅਰ ਫਾਰਮੇਸੀ ਅਫਸਰ ਰਣਜੀਤ ਸਿੰਘ ਤੇ ਫਾਰਮੇਸੀ ਅਫਸਰ ਬਲਵਿੰਦਰ ਸਿੰਘ ਹਾਜ਼ਰ ਸਨ।



# ਰਾਇਟਵੇ ਏਅਰਲਿੰਕਸ ਨੇ ਲਗਾਇਆ ਜਸਕਰਨ ਕੌਰ ਦਾ ਆਸਟ੍ਰੇਲੀਆ ਸਟੂਡੈਂਟ ਵੀਜ਼ਾ

**ਮੋਗਾ (ਇਕਬਾਲ ਸਿੰਘ ਖਹਿਰਾ)**- ਮਾਲਵਾ ਖੇਤਰ ਦੀ ਪ੍ਰਸਿੱਧ ਰਾਇਟਵੇ ਏਅਰਲਿੰਕਸ ਇਮੀਗ੍ਰੇਸ਼ਨ ਅਤੇ ਆਈਲੈਟਸ ਸੰਸਥਾ ਜੋ ਪੰਜਾਬ ਦੇ ਇਲਾਵਾ ਪੂਰੇ ਭਾਰਤ ਵਿੱਚ ਕੰਮ ਕਰ ਰਹੀ ਹੈ, ਨੇ ਹਜ਼ਾਰਾਂ ਹੀ ਵਿਦਿਆਰਥੀਆਂ ਦੇ ਵਿਦੇਸ਼ 'ਚ ਪੜ੍ਹਾਈ ਕਰਨ ਦੇ ਸੁਪਨਿਆਂ ਨੂੰ ਪੂਰਾ ਕੀਤਾ ਹੈ। ਅੱਜ ਸੰਸਥਾ ਨੇ ਜਸਕਰਨ ਕੌਰ ਪੁੱਤਰੀ ਯਾਦਵਿੰਦਰ ਸਿੰਘ ਵਾਸੀ ਮਾਨਸਾ ਦਾ ਆਸਟ੍ਰੇਲੀਆ ਦੀ ਯੂਨੀਵਰਸਿਟੀ ਆਫ ਨਿਊਕਾਸਟਲ ਦਾ ਸਟੂਡੈਂਟ ਵੀਜ਼ਾ ਲਗਵਾ ਕੇ ਦਿੱਤਾ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵ ਪ੍ਰਿਆ ਤਿਆਗੀ ਨੇ ਕਿਹਾ ਕਿ ਜਿਨ੍ਹਾਂ ਬੱਚਿਆਂ ਦੇ ਕੈਨੇਡਾ ਤੇ ਯੂਕੇ ਦੇ ਸਟੱਡੀ ਕੇਸ ਰੀਫਿਊਜ਼ ਹੋ ਚੁੱਕੇ ਹਨ ਉਹ ਆਸਟ੍ਰੇਲੀਆ ਲਈ ਅਪਲਾਈ ਕਰ ਸਕਦੇ ਹਨ ਤੇ ਜੇਕਰ ਕੋਈ ਵੀ ਵਿਜ਼ੀਟਰ ਜਾਂ ਟੂਰਿਸਟ ਵੀਜ਼ੇ 'ਤੇ ਯੂਕੇ, ਕੈਨੇਡਾ ਜਾਂ ਆਸਟ੍ਰੇਲੀਆ ਜਾਣਾ ਚਾਹੁੰਦਾ ਹੋਵੇ ਤਾਂ ਉਹ ਵੀ ਅਪਲਾਈ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਹੁਣ ਬੱਚੇ ਕਾਲਜ ਦੀ ਅਤੇ ਅੰਬੈਸੀ ਦੀ ਫੀਸ ਵੀਜ਼ਾ ਲੱਗਣ ਤੋਂ ਬਾਅਦ ਦੇ ਸਕਦੇ ਹਨ।ਰਾਇਟਵੇ ਏਅਰਲਿੰਕਸ ਬੈਂਕ ਦੇ ਜ਼ਰੀਏ ਬੱਚਿਆਂ ਨੂੰ ਐਜੂਕੇਸ਼ਨ ਲੋਨ ਦੀ ਸੁਵਿਧਾ ਲੈ ਕੇ ਦਿੰਦਾ ਹੈ । ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵ ਪ੍ਰਿਆ ਤਿਆਗੀ ਨੇ ਜਸਕਰਨ ਕੌਰ ਨੂੰ ਵਧਾਈ ਦਿੱਤੀ।

# ਹੇਮਕੁੰਟ ਸਕੂਲ ਦੇ ਐੱਨ ਸੀ ਸੀ ਕੈਡਿਟਸ ਨੇ ਮਨਾਇਆ ਵਿਜੈ ਦਿਵਸ




**ਕੋਟ ਇਸੇ ਖਾਂ (ਅਰੋੜਾ)** : ਸ੍ਰੀ ਹੇਮਕੁੰਟ ਸੀਨੀ.ਸੰਕੈ.ਸਕੂਲ, ਹਮੇਸ਼ਾ ਐੱਨ.ਸੀ.ਸੀ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਦੇਸ਼-ਭਗਤੀ ਅਤੇ ਸੇਵਾ ਭਾਵਨਾ ਦੇ ਗੁਣ ਵਿਕਸਿਤ ਕਰਨ ਲਈ ਜਾਣਿਆ ਜਾਂਦਾ ਹੈ।ਮੰਗਲਵਾਰ ਨੂੰ ਪੰਜਾਬ ਗਰਲਜ਼ ਬਟਾਲੀਅਨ ਮੋਗਾ ਦੇ ਕਮਾਂਡਿੰਗ ਅਫ਼ਸਰ ਸੁਨੀਲ ਕੁਮਾਰ ਦੇ ਦਿਸ਼ਾ ਨਿਰਦੇਸ਼ ਹੇਠ ਸ੍ਰੀ ਹੇਮਕੁੰਟ ਸੀਨੀ. ਸੰਕੈ. ਸਕੂਲ ਕੋਟ-ਈਸੇ-ਖਾਂ ਵਿੱਚ ਐੱਨ.ਸੀ.ਸੀ ਕੈਡਿਟਸ ਦੁਆਰਾ ਵਿਜੈ ਦਿਵਸ ਬਹੁਤ ਹੀ ਸਤਿਕਾਰ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਐਨ.ਸੀ.ਸੀ ਕੈਡਿਟਸ ਨੇ ਭਾਰਤੀ ਫੌਜ ਦੇ ਸੂਰਵੀਰ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਵਿਜੈ ਦਿਵਸ ਹਰ ਸਾਲ 16 ਦਸੰਬਰ ਨੂੰ ਮਨਾਇਆ ਜਾਂਦਾ ਹੈ ਜੋ 1971 ਦੀ ਜੰਗ ਵਿੱਚ ਭਾਰਤ ਦੀ ਇਤਿਹਾਸਕ ਜਿੱਤ ਦੀ ਯਾਦ ਦਵਉਂਦਾ ਹੈ। ਇਹ ਦਿਵਸ ਸਾਨੂੰ ਸੈਨਾ ਦੇ ਬਲੀਦਾਨ,ਹਿੰਮਤ ਅਤੇ ਦੇਸ਼ ਪ੍ਰਤੀ ਸਮਰਪਣ ਦੀ ਪ੍ਰੇਰਣਾ ਦਿੰਦਾ ਹੈ।ਇਸ ਮੌਕੇ ਐੱਨ.ਸੀ.ਕੈਡਿਟਸ ਦੁਆਰਾ ਪ੍ਰੇਡ, ਦੇਸ਼ ਭਗਤੀ ਨਾਅਰੇ, ਭਾਸ਼ਣ ਅਤੇ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਗਈਆਂ।ਕੈਡਿਟਸ ਨੇ ਦੇਸ਼ ਦੀ ਸੁਰੱਖਿਆ ਲਈ ਸੈਨਿਕਾਂ ਦੇ ਯੋਗਦਾਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸ: ਕੁਲਵੰਤ ਸਿੰਘ ਸੰਧੂ ਅਤੇ ਐੱਮ.ਡੀ.ਮੈਡਮ ਰਣਜੀਤ ਕੌਰ ਸੰਧੂ ਨੇ ਕਿਹਾ ਕਿ ਐੱਨ.ਸੀ.ਸੀ ਵਿਦਆਰਥੀਆਂ ਨੂੰ ਅਨੁਸ਼ਾਸਨ,ਸਹਿਯੋਗ ਅਤੇ ਦੇਸ਼ਭਗਤੀ ਨਾਲ ਜੋੜਦੀ ਹੈ। ਇਸ ਮੌਕੇ ਏ.ਐੱਨ.ਓ ਸਿਮਰਨਜੀਤ ਕੌਰ ਅਤੇ ਮੈਡਮ ਯਾਦਵਿੰਦਰ ਕੌਰ ਹਾਜ਼ਰ ਸਨ।

# ਡੀ ਸੀ ਲੁਧਿਆਣਾ ਵੱਲੋਂ ਕੁੱਤਿਆਂ ਲਈ ਫੀਡਿੰਗ ਪੁਆਇੰਟ ਨਿਰਧਾਰਤ ਕਰਨ ਦੇ ਹੁਕਮ

**ਸਮਰਾਲਾ (ਸੁਰਜੀਤ ਸਿੰਘ)**- ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਨੇ ਮੰਗਲਵਾਰ ਨੂੰ ਨਗਰ ਨਿਗਮ ਲੁਧਿਆਣਾ, ਸਮੂਹ ਨਗਰ ਕੌਂਸਲਾਂ/ਨਗਰ ਪੰਚਾਇਤ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਅਵਾਰਾ ਕੁੱਤਿਆਂ ਲਈ ਨਿਰਧਾਰਤ ਫੀਡਿੰਗ ਪੁਆਇੰਟਾਂ ਦੀ ਪਛਾਣ ਕਰਨ ਦੇ ਨਿਰਦੇਸ਼ ਦਿੱਤੇ। ਇਸ ਪਹਿਲਕਦਮੀ ਦਾ ਉਦੇਸ਼ ਅਵਾਰਾ ਕੁੱਤਿਆਂ ਨੂੰ ਲੋੜੀਂਦਾ ਭੋਜਨ ਮੁਹੱਈਆ ਕਰਵਾ ਕੇ ਉਨ੍ਹਾਂ ਦੀ



ਹਮਲਾਵਰਤਾ ਅਤੇ ਵਸਨੀਕਾਂ ਨਾਲ ਟਕਰਾਅ ਨੂੰ ਘਟਾਉਣਾ ਹੈ। ਨਗਰ ਨਿਗਮ, ਸਮੂਹ ਨਗਰ ਕੌਂਸਲਾਂ/ਨਗਰ ਪੰਚਾਇਤ, ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ), ਪੇਂਡੂ ਵਿਕਾਸ ਅਤੇ ਪੰਚਾਇਤਾਂ, ਸਿਹਤ, ਪਸ਼ੂ ਪਾਲਣ, ਪੁਲਿਸ, ਸੋਸਾਇਟੀ ਫਾਰ ਪ੍ਰੀਵੈਂਸ਼ਨ ਆਫ਼ ਕਰੂਏਲਟੀ ਟੂ ਐਨੀਮਲਜ਼ (ਐਸ.ਪੀ.ਸੀ.ਏ) ਅਤੇ ਹੋਰ ਭਾਈਵਾਲਾਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਹਿਮਾਂਸ਼ੂ ਜੈਨ ਨੇ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ 'ਤੇ ਜ਼ੋਰ ਦਿੱਤਾ ਉਨ੍ਹਾਂ ਕਿਹਾ ਕਿ ਅਵਾਰਾ ਕੁੱਤੇ ਝੁੰਡਾਂ ਵਿੱਚ ਰਹਿੰਦੇ ਹਨ ਅਤੇ ਭੋਜਨ ਲਈ ਕਿਸੇ ਹੋਰ ਸਮੂਹ ਦੇ ਖੇਤਰ ਵਿੱਚ ਘੱਟ ਹੀ ਜਾਂਦੇ ਹਨ। ਨਿਰਧਾਰਤ ਥਾਵਾਂ ਭੁੱਖ ਕਾਰਨ ਹੋਣ ਵਾਲੇ ਹਮਲੇ ਨੂੰ ਰੋਕਣ, ਕੁੱਤਿਆਂ ਦੀ ਆਬਾਦੀ ਨੂੰ ਸੀਮਤ ਕਰਨ ਅਤੇ ਜਨਤਕ ਥਾਵਾਂ 'ਤੇ ਬੇਕਾਬੂ ਭੋਜਨ ਨੂੰ ਰੋਕਣ ਵਿੱਚ ਮਦਦ ਕਰਨਗੀਆਂ ਜੋ ਨਾਗਰਿਕਾਂ ਲਈ ਸੁਰੱਖਿਆ ਜੋਖਮ ਜਾਂ ਅਸੁਵਿਧਾਵਾਂ ਪੈਦਾ ਕਰਦੀਆਂ ਹਨ। ਉਨ੍ਹਾਂ ਨਿਗਮ ਕਰਮਚਾਰੀਆਂ ਨੂੰ ਇਨ੍ਹਾਂ ਫੀਡਿੰਗ ਜ਼ੋਨਾਂ 'ਤੇ ਸਫਾਈ ਬਣਾਈ ਰੱਖਣ ਲਈ ਵੀ ਕਿਹਾ।

# ਸਿਵਲ ਹਸਪਤਾਲ ਫਿਰੋਜ਼ਪੁਰ 'ਚ ਗੁੰਡਾਗਰਦੀ, ਚੱਲੇ ਇੱਟਾਂ-ਰੋੜੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਬੀਤੀ ਰਾਤ ਜਿਲਾ ਹਸਪਤਾਲ ਫਿਰੋਜ਼ਪੁਰ ਵਿੱਚ ਪਹਿਲਾਂ ਤੋਂ ਹੋਈ ਲੜਾਈ ਦੇ ਇਲਾਜ ਅਤੇ ਐਮ ਐਲ ਏ ਆਰ ਕਟਵਾਉਣ ਲਈ ਆਈ ਧਿਰ ਉੱਪਰ ਦੁਬਾਰਾ ਦੂਜੀ ਧਿਰ ਵੱਲੋਂ ਹਮਲਾ ਕੀਤੇ ਜਾਣ ਦੀ ਕੋਸ਼ਿਸ਼ ਵਿੱਚ ਹਸਪਤਾਲ ਦੇ ਅੰਦਰ ਇੱਟਾਂ ਰੋੜੇ ਚਲਾਏ ਗਏ ਅਤੇ ਹਮਲਾਵਰ ਸ਼ਰੇਆਮ ਹਥਿਆਰ ਲੈ ਕੇ ਐਮਰਜੈਂਸੀ ਵਾਰਡ ਵਿੱਚ ਘੁੰਮਦੇ ਰਹੇ, ਜਿਸ ਸਮੇਂ ਡਿਊਟੀ ਕਰ ਰਹੇ ਡਾਕਟਰ ਅਤੇ ਹੋਰ ਪੈਰਾਮੈਡੀਕਲ ਸਟਾਫ ਘਬਰਾਹਟ ਵਿੱਚ ਆ ਗਿਆ ਅਤੇ ਉਹਨਾਂ ਨੇ ਆਪਣੇ ਡਿਊਟੀ ਵਾਲੇ ਕਮਰਿਆਂ ਦੇ ਦਰਵਾਜ਼ੇ ਬੰਦ ਕਰਕੇ ਆਪਣੀ ਜਾਨ ਬਚਾਈ। ਇਸ ਸਾਰੇ ਘਟਨਾਕ੍ਰਮ ਦੀ ਸੂਚਨਾ ਪੁਲਿਸ ਹੈਲਪ ਲਾਈਨ 'ਤੇ ਦਿੱਤੇ ਜਾਣ ਬਾਅਦ ਪੁਲਿਸ ਦੇ ਹਰਕਤ ਵਿੱਚ ਆਉਣ ਸਮੇਂ ਤੱਕ ਦੋਸ਼ੀ ਹਸਪਤਾਲ ਵਿੱਚੋਂ ਫਰਾਰ ਹੋ ਚੁੱਕੇ ਸਨ। ਇਸ ਘਟਨਾ ਦੇ ਰੋਸ ਵਜੋਂ ਪੀ ਸੀ ਐਮ ਐਸ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਜਤਿੰਦਰ ਕੋਸ਼ੜ ਅਤੇ ਪੈਰਾ ਮੈਡੀਕਲ ਸਿਹਤ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਧੀਰ ਅਲਗਜੈਂਡਰ ਦੀ ਅਗਵਾਈ ਵਿੱਚ ਸਵੇਰੇ 10 ਵਜੇ ਤੋਂ ਲੈ ਕੇ 11 ਵਜੇ ਤੱਕ ਇੱਕ ਘੰਟਾ ਓ ਪੀ ਡੀ ਅਤੇ ਹਸਪਤਾਲ ਦਾ ਸੰਪੂਰਨ ਕੰਮ ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਕੋਲੋਂ ਬੜੇ ਲੰਮੇ ਸਮੇਂ ਤੋਂ ਸਿਕਿਊਰਟੀ ਦੀ ਮੰਗ ਕੀਤੀ ਜਾ ਰਹੀ ਹੈ ਪਰ ਪੰਜਾਬ ਸਰਕਾਰ ਦੇ ਕੰਨਾਂ ਉੱਪਰ ਜੂੰ ਨਹੀਂ ਸਰਕ ਰਹੀ। ਡਾਕਟਰ ਯੁਗਪ੍ਰੀਤ ਸਿੰਘ ਨੇ ਐਸ ਐਮ ਓ, ਡਾਕਟਰ ਨਿਖਿਲ ਗੁਪਤਾ ਨੂੰ ਬੇਨਤੀ ਕੀਤੀ ਕਿ ਇੰਸਟੀਟਿਊਸ਼ਨਲ ਐਫ ਆਈ ਆਰ ਦਰਜ ਕਰਵਾ ਕੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਵਾ ਕੇ ਬਣਦੀ ਕਾਰਵਾਈ ਕਰਵਾਈ ਜਾਵੇ । ਪੁਲਿਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਗਈ ਕਿ ਸਿਵਲ ਹਸਪਤਾਲ ਵਿੱਚ ਪੱਕੇ ਤੌਰ 'ਤੇ ਪੁਲਿਸ ਚੌਂਕੀ ਬਣਵਾਈ ਜਾਵੇ। ਡੀ ਐਸ ਪੀ ਸਿਟੀ ਸੁਖਵਿੰਦਰ ਸਿੰਘ ਹਸਪਤਾਲ ਵਿੱਚ ਹਸਪਤਾਲ ਦੇ ਸਟਾਫ ਨਾਲ ਗੱਲਬਾਤ ਕਰਨ ਪਹੁੰਚੇ ਅਤੇ ਉਹਨਾਂ ਨੇ ਭਰੋਸਾ ਦਵਾਇਆ ਕਿ ਸ਼ਾਮ ਦੇ ਸਮੇਂ ਛੇ ਘੰਟਿਆਂ ਲਈ ਮੈਂ ਆਪਣੇ ਪੱਧਰ ਉੱਪਰ ਮੁਲਾਜ਼ਮਾਂ ਦੀ ਡਿਊਟੀ ਲਗਾ ਦਿੰਦਾ ਹਾਂ, ਇਸ ਤੋਂ ਵਧੇਰੇ ਮੈਂ ਆਪਣੇ ਸੀਨੀਅਰ ਅਧਿਕਾਰੀਆਂ ਨਾਲ ਰਾਬਤਾ ਕਰਕੇ ਹਸਪਤਾਲ ਵਿੱਚ ਡਾਕਟਰਾਂ ਅਤੇ ਪੂਰੇ ਮੈਡੀਕਲ ਸਟਾਫ ਦੀ ਸੁਰੱਖਿਆ ਵਾਸਤੇ ਡਿਊਟੀ ਲਗਾ ਦਿੱਤੀ ਜਾਵੇਗੀ। ਇਸ ਵਿੱਚ ਹੋਰਨਾਂ ਤੋਂ ਇਲਾਵਾ ਡਾਕਟਰ ਨਵੀਨ ਸੇਠੀ, ਡਾਕਟਰ ਦੀਕਸ਼ਿਤ, ਡਾਕਟਰ ਮਨਪ੍ਰੀਤ, ਡਾਕਟਰ ਤੁਸ਼ਟੀ, ਡਾਕਟਰ ਡਿਸ਼ਬੀਨ ਬਾਜਵਾ , ਡਾਕਟਰ ਪਾਹੁਲ ਡਾਕਟਰ, ਰਾਜਨ ਮਿੱਤਲ , ਡਾਕਟਰ ਰਚਨਾ ਮਿੱਤਲ, ਡਾਕਟਰ ਕਾਰਜ, ਡਾਕਟਰ ਸਿੰਘਲਾ , ਨਰਿੰਦਰ ਸ਼ਰਮਾ ਪੈਰਾ ਮੈਡੀਕਲ ਆਗੂ ਨਰਿੰਦਰ ਸਿੰਘ ਪ੍ਰੀਤ , ਮੁਖੀਜਾ ਕੌਰ, ਜੀ ਸਿੰਘ, ਬਿਕਰਮਜੀਤ ਸਿੰਘ ,ਰਾਜਬੀਰ ਨਰਿੰਦਰ ਸ਼ਰਮਾ, ਅਜੀਤ ਗਿੱਲ, ਜਤਿੰਦਰ ਸ਼ਰਮਾ, ਨਛੱਤਰ ਸਿੰਘ , ਰਾਜਵੀਰ ਸਿੰਘ ਕਰਨ, ਡਾਕਟਰ ਗਾਬਾ ,ਗੁਰਮੇਲ ਸਟਾਫ ਨਰਸ, ਰਾਮ ਅਵਤਾਰ , ਗੀਤਾਂਜਲੀ ਸਵੇਤਾ ,ਮਨਦੀਪ ਮੋਨਿਕਾ, ਪ੍ਰਵੀਨ ਨੀਰਜ ,ਜੋਤੀ ਰੋਸ਼ਨ ,ਰਾਜਵੀਰ ਵਿਜੇ ਕੋਮਲ ਇੰਦਰਜੀਤ, ਫਾਰਮੇਸੀ ਅਫਸਰ ਮਨਪ੍ਰੀਤ ਕੌਰ ਸਿਮਰਨਜੀਤ ਕੌਰ ਸਵਿਤਾ ਤੋਂ ਇਲਾਵਾ ਸਮੁੱਚਾ ਸਟਾਫ ਹਾਜ਼ਰ ਸੀ।

# ਆਂਗਣਵਾੜੀ ਕੇਂਦਰਾਂ 'ਚ ਮਨਾਇਆ ਅਨੀਮੀਆ ਮੁਕਤ ਭਾਰਤ ਅਭਿਆਨ

**ਸੰਗਰੂਰ (ਪ੍ਰਵੀਨ ਸਿੰਘ)**- ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸੰਗਰੂਰ ਰਤਿੰਦਰ ਪਾਲ ਕੌਰ ਧਾਲੀਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸੰਗਰੂਰ ਦੇ ਸਾਰੇ ਆਂਗਣਵਾੜੀ ਕੇਂਦਰਾਂ ਵਿੱਚ 'ਅਨੀਮੀਆ ਮੁਕਤ ਭਾਰਤ' ਅਭਿਆਨ ਸਫ਼ਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਅਭਿਆਨ ਦਾ ਉਦੇਸ਼ ਗਰਭਵਤੀ ਅਤੇ ਦੁੱਧ ਪਿਆਉਣ ਵਾਲੀਆਂ ਮਹਿਲਾਵਾਂ, ਕਿਸ਼ੋਰੀਆਂ ਅਤੇ ਬੱਚਿਆਂ ਵਿੱਚ ਅਨੀਮੀਆ ਬਾਰੇ ਜਾਗਰੂਕਤਾ ਵਧਾਉਣਾ ਅਤੇ ਇਸ ਦੀ ਰੋਕਥਾਮ ਨੂੰ ਪ੍ਰੋਤਸਾਹਿਤ ਕਰਨਾ ਸੀ।ਐਨੀਮੀਆ ਮੁਕਤ ਭਾਰਤ (ਐਨੀਮੀਆ ਮੁਕਤ ਭਾਰਤ ) ਭਾਰਤ ਸਰਕਾਰ ਦਾ ਇੱਕ ਮਹੱਤਵਪੂਰਨ ਰਾਸ਼ਟਰੀ ਪ੍ਰੋਗਰਾਮ ਹੈ, ਜੋ ਕਿ ਟੀਚੇ ਵਾਲੇ ਬੱਚੇ, ਕਿਸ਼ੋਰ, ਗਰਭਵਤੀ ਅਤੇ ਦੁੱਧ ਪਿਆਉਣ ਵਾਲੀਆਂ ਮਹਿਲਾਵਾਂ ਸਮੇਤ ਸਾਰੀਆਂ ਉਮਰਾਂ ਵਿੱਚ ਖੂਨ ਦੀ ਕਮੀ (ਐਨੀਮੀਆ) ਨੂੰ ਘੱਟ ਕਰਨਾ ਹੈ, ਇਸ ਲਈ ਆਇਰਨ ਅਤੇ ਫੋਲਿਕ ਐਸਿਡ ਸਪਲੀਮੈਂਟੇਸ਼ਨ, ਐਲਬੈਂਡਾਜ਼ੋਲ ਅਤੇ ਪੌਸ਼ਟਿਕਤਾ ਸੰਬੰਧੀ ਸਲਾਹ ਵਰਗੀਆਂ ਰਣਨੀਤੀਆਂ ਅਪਣਾਈਆਂ ਜਾਂਦੀਆਂ ਹਨ, ਤੰਦਰੁਸਤ ਅਤੇ ਐਨੀਮੀਆ-ਮੁਕਤ ਆਬਾਦੀ ਤਿਆਰ ਕਰ ਸਕਦੇ ਹਨ।ਅਭਿਆਨ ਦੌਰਾਨ ਆਂਗਣਵਾੜੀ ਵਰਕਰਾਂ ਵੱਲੋਂ ਅਨੀਮੀਆ ਦੇ ਕਾਰਣਾਂ, ਲੱਛਣਾਂ ਅਤੇ ਬਚਾਅ ਸਬੰਧੀ ਜਾਣਕਾਰੀ ਦਿੱਤੀ ਗਈ। ਲਾਭਪਾਤਰੀਆਂ ਨੂੰ ਆਇਰਨ-ਫੋਲਿਕ ਐਸਿਡ ਗੋਲੀਆਂ ਦੀ ਨਿਯਮਤ ਸੇਵਨ ਅਤੇ ਪੋਸ਼ਣ ਭਰਪੂਰ ਖੁਰਾਕ ਜਿਵੇਂ ਕਿ ਹਰੀਆਂ ਪੱਤਿਆਂ ਵਾਲੀਆਂ ਸਬਜ਼ੀਆਂ, ਦਾਲਾਂ, ਗੁੜ ਅਤੇ ਮੌਸਮੀ ਫਲ ਆਪਣੇ ਰੋਜ਼ਾਨਾ ਭੋਜਨ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸੰਗਰੂਰ ਰਤਿੰਦਰ ਪਾਲ ਕੌਰ ਧਾਲੀਵਾਲ ਨੇ ਕਿਹਾ ਕਿ ਅਨੀਮੀਆ ਤੋਂ ਬਚਾਅ ਲਈ ਪੋਸ਼ਣ, ਸਫ਼ਾਈ ਅਤੇ ਨਿਯਮਤ ਸਿਹਤ ਜਾਂਚ ਬਹੁਤ ਜ਼ਰੂਰੀ ਹੈ ਅਤੇ ਆਂਗਣਵਾੜੀ ਕੇਂਦਰ ਇਸ ਦਿਸ਼ਾ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਅਭਿਆਨ ਦੌਰਾਨ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ।

# ਬ੍ਰਹਮਜੋਤ ਸਿੰਘ ਨੇ ਸਮਾਜ ਸੇਵਾ ਦੇ ਖੇਤਰ 'ਚ ਯੋਗਦਾਨ ਪਾਉਣ ਲਈ ਲਿਆ ਆਸ਼ੀਰਵਾਦ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮਾਂ ਚਲਾ ਰਹੀਆਂ ਹਨ ਇਸ ਤੋਂ ਇਲਾਵਾ ਔਰਤਾਂ ਅਤੇ ਲੜਕੀਆਂ ਨੂੰ ਫਰੀ ਸੈਨਟਰੀ ਪੈਡ ਦੇਣੇ, ਲੋੜਵੰਦ ਮਰੀਜ਼ਾਂ ਨੂੰ ਟਰਾਈਸਾਈਕਲ ਅਤੇ



ਵੀਲਚੇਅਰ ਦੇਣੀਆਂ, ਵਾਤਾਵਰਨ ਸ਼ੁੱਧਤਾ ਲਈ ਬੂਟੇ ਲਗਾ ਕੇ ਉਹਨਾਂ ਦੀ ਸਾਂਭ ਸੰਭਾਲ ਕਰਨੀ, ਲੋੜਵੰਦ ਲੜਕੀਆਂ ਦੇ ਵਿਆਹ ਵਿੱਚ ਮਦਦ, ਖੂਨਦਾਨ ਕੈਂਪ, ਮੈਡੀਕਲ ਕੈਂਪ ਅਤੇ ਅਨੇਕਾਂ ਹੋਰ ਸਮਾਜ ਸੇਵੀ ਕਾਰਜਾਂ ਨੂੰ ਕੀਤਾ ਜਾ ਰਿਹਾ ਹੈ ਅਤੇ ਇਸ ਟੀਮ ਦੇ ਮੈਂਬਰ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ ਦੇ ਬੀ ਸੀ ਏ ਵਿਦਿਆਰਥੀ ਰੁਦਰਪ੍ਰਤਾਪ ਸਿੰਘ ਅਤੇ ਓ ਪੀ ਜਿੰਦਲ ਗੋਲਬਲ ਲਾਅ ਯੂਨੀਵਰਸਿਟੀ ਸੋਨੀਪਤ ਦੇ ਵਿਦਿਆਰਥੀ ਬ੍ਰਹਮਜੋਤ ਸਿੰਘ ਨੇ ਪਦਮਸ਼੍ਰੀ ਵਿਜੇ ਕੁਮਾਰ ਚੋਪੜਾ ਅਤੇ ਪਦਮਸ਼੍ਰੀ ਜਗਜੀਤ ਸਿੰਘ ਦਰਦੀ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਤੋਂ ਪੜ੍ਹਾਈ ਦੇ ਨਾਲ ਨਾਲ ਸਮਾਜ ਸੇਵਾ ਦੇ ਖੇਤਰ ਵਿੱਚ ਹੋਰ ਯੋਗਦਾਨ ਪਾਉਣ ਲਈ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸਰਕਾਰੀ ਆਈਂ ਟੀ ਆਈ ਰਾਜਪੁਰਾ ਦੇ ਪ੍ਰਿੰਸੀਪਲ ਮਨਮੋਹਨ ਸਿੰਘ, ਸਟੇਟ ਐਵਾਰਡੀ ਵਿਨੋਦ ਸ਼ਰਮਾ ਜਰਨਲ ਸਕੱਤਰ ਜਨ ਹਿੱਤ ਸੰਮਤੀ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਲੱਕੀ ਹਰਦਾਸਪੁਰ , ਸਿੱਖਿਆ ਸ਼ਾਸਤਰੀ ਅਨਿਲ ਭਾਰਤੀ ਵੀ ਹਜ਼ਾਰ ਸਨ। ਇਸ ਮੌਕੇ ਪਦਮਸ਼੍ਰੀ ਵਿਜੇ ਕੁਮਾਰ ਚੋਪੜਾ ਅਤੇ ਪਦਮਸ਼੍ਰੀ ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਗੌਰਮਿੰਟ ਬਿਕਰਮ ਕਾਲਜ਼ ਆਫ ਕਾਮਰਸ ਦੇ ਬੀ ਸੀ ਏ ਵਿਦਿਆਰਥੀ ਰੁਦਰਪ੍ਰਤਾਪ ਸਿੰਘ ਅਤੇ ਓ ਪੀ ਜਿੰਦਲ ਗੋਲਬਲ ਲਾਅ ਯੂਨੀਵਰਸਿਟੀ ਸੋਨੀਪਤ ਦੇ ਵਿਦਿਆਰਥੀ ਬ੍ਰਹਮਜੋਤ ਸਿੰਘ ਵੱਲੋਂ ਜਿਥੇ ਪੜ੍ਹਾਈ ਵਿਚ ਹਮੇਸ਼ਾ ਫਸਟ ਡਵੀਜ਼ਨ ਹਾਸਲ ਕੀਤੀ ਹੈ ਉਥੇ ਹੀ ਇਹਨਾਂ ਨੌਜਵਾਨਾਂ ਵੱਲੋਂ ਪੜ੍ਹਾਈ ਦੇ ਨਾਲ ਨਾਲ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਸਮਾਜ ਸੇਵੀ ਕਾਰਜਾਂ ਵਿਚ ਵੀ ਆਪਣਾ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। ਉਹਨਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹਨਾਂ ਦੀ ਅਗਵਾਈ ਹੇਠ ਵੱਖ ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਯੋਗਦਾਨ ਪਾਉਣ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ।

# ਹੈਲਪ ਫੌਰ ਨੀਡੀ ਫਾਊਂਡੇਸ਼ਨ ਵੱਲੋਂ ਮਾਨਵ ਸੇਵਾ ਉੱਤਮ ਸੇਵਾ ਸਨਮਾਨਤ

**ਨਾਭਾ, (ਵਰਿੰਦਰ ਵਰਮਾ)** ਹੈਲਪ ਫੌਰ ਨੀਡੀ ਫਾਊਂਡੇਸ਼ਨ ਬਠਿੰਡਾ ਪ੍ਰਧਾਨ ਆਨੰਦ ਜੈਨ ਵੱਲੋਂ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ।ਸਮਾਰੋਹ ਵਿੱਚ ਵੱਖ-ਵੱਖ ਸੂਬਿਆਂ ਤੋਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ,




ਜਿਸ ਵਿੱਚ ਸਮਾਜ ਸੇਵੀ ਸੰਸਥਾ ਮਾਨਵ ਸੇਵਾ ਉੱਤਮ ਸੇਵਾ ਰਜਿ. ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਹੈਲਪ ਫੌਰ ਨੀਡੀ ਫਾਉਂਡੇਸ਼ਨ ਬਠਿੰਡਾ ਪ੍ਰਧਾਨ ਆਨੰਦ ਜੈਨ ਤੇ ਸਮੂਹ ਮੈਂਬਰਾਂ ਵੱਲੋਂ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ, ਸੁਨੀਲ ਗੁਪਤਾ ਵੱਲੋਂ ਖੂਨਦਾਨ ਕੈਂਪ ਵਿੱਚ ਖੂਨ ਇਕੱਤਰ ਕਰਨਾ ਤੇ ਲੋਕ ਭਲਾਈ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਆਨੰਦ ਜੈਨ ਨੇ ਕਿਹਾ ਕਿ ਖੂਨਦਾਨ ਕੈਂਪ ਲਾਉਣ ਵਾਲੇ ਤੇ ਖੂਨਦਾਨ ਕਰਨ ਵਾਲੇ ਸਾਡੇ ਨਾਇਕ ਹਨ, ਜੋ ਉਨ੍ਹਾਂ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਂਦੇ ਹਨ, ਜਿਨ੍ਹਾਂ ਨੂੰ ਖੂਨ ਦੀ ਜ਼ਰੂਰ ਹੁੰਦੀ ਹੈ ਤੇ ਆਪਣਾ ਖੂਨਦਾਨ ਕਰਨ ਵਾਲਿਆਂ ਨੇ ਲੋਕਾਂ ਦੀਆਂ ਜਾਨਾਂ ਬਚਾਈਆਂ ਹਨ।ਉਨ੍ਹਾਂ ਕਿਹਾ ਕਿ ਖੂਨਦਾਨ ਕਰਕੇ ਅਸੀਂ ਸਹੀ ਅਰਥਾਂ ਵਿੱਚ ਸਮਾਜ ਤੇ ਮਾਨਵਤਾ ਦੀ ਸੇਵਾ ਕਰ ਰਹੇ ਹਾਂ।ਸਨਮਾਨਤ ਹੋਣ ਉਪਰੰਤ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਹੈਲਪ ਫੌਰ ਨੀਡੀ ਫਾਉਂਡੇਸ਼ਨ ਬਠਿੰਡਾ ਦੇ ਪ੍ਰਧਾਨ ਆਨੰਦ ਜੈਨ ਤੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਵੱਲੋਂ 2.5 ਸਾਲ ਦੇ ਕਰੀਬ ਖੂਨਦਾਨ ਕੈਂਪ ਲਾਉਣਾ ਅਤੇ ਲੋਕ ਭਲਾਈ ਦੇ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ ਸੀ।ਇਹ ਕਾਰਜ ਇਲਾਕਾ ਦੇ ਨਿਵਾਸੀਆਂ ਤੇ ਖੂਨਦਾਨੀਆਂ ਦੇ ਸਹਿਯੋਗ ਨਾਲ ਸਾਡੀ ਸੰਸਥਾ ਨੂੰ ਸਟੇਟ ਐਵਾਰਡ ਨਾਲ ਨਿਵਾਜਿਆ ਗਿਆ ਹੈ।

18-Dec-PAGE-11-Dec-25.qxd 12/17/2025 10:41 PM Page 1



# ਬਰਾਮਦਗੀ ਦੌਰਾਨ ਪੁਲਸ 'ਤੇ ਹਮਲਾ ਕਰਨ ਵਾਲਾ ਗੋਲੀ ਲੱਗਣ ਨਾਲ ਜ਼ਖ਼ਮੀ

ਛੇਹਰਟਾ, (ਮਨੋਜ ਕੁਮਾਰ)-ਕਰਿਆਨੇ ਦੀ ਦੁਕਾਨ ਦੇ ਮਾਲਕ 'ਤੇ ਗੋਲੀਬਾਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਮੁਲਜ਼ਮ ਉਸ ਵੇਲੇ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ, ਜਦੋਂ ਹਥਿਆਰ ਦੀ ਬਰਾਮਦਗੀ ਲਈ ਲੈ ਕੇ ਜਾਣ 'ਤੇ ਉਸ ਨੇ ਪੁਲਿਸ ਮੁਲਾਜ਼ਮ ਦੀ ਕਾਰਬਾਈਨ ਖੋਹ ਕੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ। ਇਸ ਸਬੰਧ 'ਚ ਜਾਣਕਾਰੀ ਦਿੰਦੇ ਹੋਏ ਪੁਲਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ 8 ਦਸੰਬਰ ਨੂੰ ਇਕ ਨਕਾਬਪੋਸ਼ ਹਮਲਾਵਰ ਨੇ ਵਪਾਰੀ ਤੇ ਉਸਦੇ ਪੁੱਤਰ 'ਤੇ ਉਨ੍ਹਾਂ ਦੀ ਦੁਕਾਨ ਦੇ ਅੰਦਰ ਮਾਰਨ ਦੇ ਇਰਾਦੇ ਨਾਲ ਗੋਲੀਬਾਰੀ ਕੀਤੀ ਸੀ। ਖੁਸ਼ਕਿਸਮਤੀ ਨਾਲ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਸੀ। ਇਸ ਉਪਰੰਤ ਹਮਲਾਵਰ ਆਪਣੇ ਦੋ ਸਾਥੀਆਂ ਸਮੇਤ ਮੋਟਰਸਾਈਕਲ 'ਤੇ ਫ਼ਰਾਰ ਹੋ ਗਿਆ ਸੀ। ਇਸ ਸਬੰਧ ਵਿਚ ਸ਼ਿਕਾਇਤਕਰਤਾ ਅੱਗੇ ਆਉਣ ਤੋਂ ਝਿਜਕ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪੁਲਸ ਨੇ ਆਪਣੀ ਜਾਂਚ ਰਾਹੀਂ ਸੁਤੰਤਰ ਤੌਰ 'ਤੇ ਥਾਣਾ ਸਦਰ ਵਿਚ ਪਰਚਾ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਗੁਪਤ ਸੂਚਨਾ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਪੁਲਸ ਨੇ ਤਿੰਨਾਂ ਮੁਲਜ਼ਮਾਂ ਨਿਰਮਲਜੋਤ ਸਿੰਘ ਉਰਫ਼ ਜੋਤ, ਮਨਪ੍ਰੀਤ ਸਿੰਘ ਉਰਫ਼ ਮੰਗੂ ਤੇ ਕਰਨਦੀਪ ਸਿੰਘ (ਤਿੰਨੇ ਵਾਸੀ ਪਿੰਡ ਮੁਰਾਦਪੁਰਾ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ) ਨੂੰ ਕਾਰ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਹੋਏ ਖੁਲਾਸਿਆਂ 'ਤੇ ਕਾਰਵਾਈ ਕਰਦੇ ਹੋਏ ਪੁਲਿਸ ਮੁੱਖ ਮੁਲਜ਼ਮ ਨਿਰਮਲਜੋਤ ਸਿੰਘ ਉਰਫ਼ ਜੋਤ ਨੂੰ



ਵੇਰਕਾ-ਬਟਾਲਾ ਬਾਈਪਾਸ ਨੇੜੇ ਗੋਲੀਬਾਰੀ ਦੀ ਘਟਨਾ ਵਿਚ ਵਰਤੀ ਗਈ ਪਿਸਤੌਲ ਦੀ ਬਰਾਮਦਗੀ ਲਈ ਲੈ ਗਈ। ਇਸ ਦੌਰਾਨ ਮੁਲਜ਼ਮ ਨੇ ਅਚਾਨਕ ਇਕ ਪੁਲਸ ਮੁਲਾਜ਼ਮ ਨੂੰ ਧੱਕਾ ਮਾਰ ਕੇ ਉਸ ਦੀ ਕਾਰਬਾਈਨ ਖੋਹ ਲਈ ਅਤੇ ਪੁਲਸ ਮੁਲਾਜ਼ਮਾਂ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ। ਸੇਫਟੀ ਲਾਕ ਹੋਣ ਕਾਰਨ ਹਥਿਆਰ ਨਹੀਂ ਚੱਲਿਆ। ਏਐੱਸਆਈ ਨਵਤੇਜ ਸਿੰਘ ਨੇ ਹਵਾ ਵਿਚ ਚਿਤਾਵਨੀ ਵਜੋਂ ਗੋਲੀ ਚਲਾਈ ਪਰ ਮੁਲਜ਼ਮ ਆਪਣੀ ਹਿੰਸਕ ਕੋਸ਼ਿਸ਼ ਵਿਚ ਲੱਗਾ ਰਿਹਾ। ਇਸ ਦੌਰਾਨ ਏਐੱਸਆਈ ਨਵਤੇਜ ਸਿੰਘ ਵੱਲੋਂ ਸਵੈ-ਰੱਖਿਆ ਲਈ ਚਲਾਈ ਗੋਲੀ ਪੈਰ 'ਤੇ ਲੱਗਣ ਨਾਲ ਮੁਲਜ਼ਮ ਜ਼ਖ਼ਮੀ ਹੋ ਗਿਆ ਜਿਸ ਨੂੰ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਘਟਨਾ ਦੌਰਾਨ ਨਿਰਮਲਜੋਤ ਸਿੰਘ ਉਰਫ਼ ਜੋਤ ਨੇ ਗੋਲੀ ਚਲਾਈ, ਮਨਪ੍ਰੀਤ ਸਿੰਘ ਉਰਫ਼ ਮੰਗੂ ਮੋਟਰਸਾਈਕਲ 'ਤੇ ਸਵਾਰ ਸੀ ਤੇ ਕਰਨਦੀਪ ਸਿੰਘ ਨੇ ਹਮਲੇ ਤੋਂ ਪਹਿਲਾਂ ਸ਼ਿਕਾਇਤਕਰਤਾ ਦੀ ਜਾਸੂਸੀ ਕੀਤੀ ਸੀ। ਉਨ੍ਹਾਂ ਦੱਸਿਆ ਕਿ ਜਾਂਚ ਵਿਚ ਸਾਹਮਣੇ ਆਇਆ ਕਿ ਇਹ ਅਪਰਾਧ ਸਿਰਫ਼ ਪੈਸਿਆਂ ਦੇ ਲਾਲਚ ਵਿਚ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਕੋਲੋਂ ਇਕ ਦੇਸੀ ਪਿਸਤੌਲ (.30 ਬੋਰ) ਸਮੇਤ 4 ਜ਼ਿੰਦਾ ਕਾਰਤੂਸ ਤੇ ਇਕ ਕਾਰ (ਇਨੋਵਾ) ਬਰਾਮਦ ਹੋਈ ਹੈ। ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਨੇ ਫਤਿਹਗੜ੍ਹ ਚੂੜੀਆਂ ਰੋਡ ਅੰਮ੍ਰਿਤਸਰ 'ਤੇ ਇੱਕ ਕਰਿਆਨੇ ਦੀ ਦੁਕਾਨ ਦੇ ਮਾਲਕ ਨਾਲ ਸਬੰਧਤ ਜਬਰਨ ਵਸੂਲੀ ਅਤੇ ਗੋਲੀਬਾਰੀ ਦੇ ਮਾਮਲੇ ਨੂੰ ਸਫਲਤਾਪੂਰਵਕ ਹੱਲ ਕਰ ਲਿਆ ਹੈ।

# ਪੀ ਐੱਨ ਬੀ ਮੈਟਲਾਈਫ ਅਤੇ ਪਾਲਿਸੀ ਬਾਜ਼ਾਰ ਵੱਲੋਂ ਡਿਜੀਪ੍ਰੋਟੈਕਟ ਟਰਮ ਇੰਸ਼ੋਰੈਂਸ ਲਾਂਚ

ਅੰਮ੍ਰਿਤਸਰ : ਭਾਰਤ ਦੀ ਅਗੇਤੀ ਜੀਵਨ ਬੀਮਾ ਕੰਪਨੀਆਂ ਵਿੱਚੋਂ ਇੱਕ ਪੀਐੱਨਬੀ ਮੈਟਲਾਈਫ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਿਟਡ (ਪੀਐੱਨਬੀ ਮੈਟਲਾਈਫ) ਨੇ ਤਨਖਾਹਦਾਰ ਲੋਕਾਂ ਲਈ ਪੀਐੱਨਬੀ ਮੈਟਲਾਈਫ ਡਿਜੀਪ੍ਰੋਟੈਕਟ ਟਰਮ ਪਲਾਨ ਲਾਂਚ ਕੀਤਾ ਹੈ।ਇਹ ਇੱਕ ਵਿਅਕਤੀਗਤ ਨਾਨ-ਲਿੰਕਡ, ਨਾਨ-ਪਾਰਟੀਸਿਪੇਟਿੰਗ, ਸ਼ੁੱਧ ਟਰਮ ਇੰਸ਼ੋਰੈਂਸ ਪਲਾਨ ਹੈ, ਜੋ ਪਾਲਿਸੀਬਾਜ਼ਾਰ ਨਾਲ ਮਿਲ ਕੇ ਪੂਰੀ ਤਰ੍ਹਾਂ ਡਿਜੀਟਲ ਪਲੇਟਫਾਰਮ ਰਾਹੀਂ ਪੇਸ਼ ਕੀਤਾ ਜਾਵੇਗਾ। ਇਸ ਪਲਾਨ ਵਿੱਚ ਕੁਝ ਵਿਸ਼ੇਸ਼ ਲਾਭ ਵੀ ਹਨ, ਜਿਵੇਂ ਪਹਿਲੇ ਸਾਲ ਦੇ ਪਹਿਲੇ ਪ੍ਰੀਮੀਅਮ ਤੇ 21 ਪ੍ਰਤੀਸ਼ਤ ਤੱਕ ਦੀ ਛੂਟ, ਜਿਸ ਨਾਲ ਪਾਲਿਸੀਧਾਰਕਾਂ ਨੂੰ ਪਾਲਿਸੀ ਖਰੀਦਣ ਲਈ ਘੱਟ ਰਕਮ ਅਦਾ ਕਰਨੀ ਪਵੇਗੀ।

ਲਾਂਚ ਬਾਰੇ ਗੱਲ ਕਰਦਿਆਂ ਪੀਐੱਨਬੀ ਮੈਟਲਾਈਫ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਸਮੀਰ ਬੰਸਲ ਨੇ ਕਿਹਾ ਕਿ ਭਾਰਤ ਵਿੱਚ ਅਜੇ ਵੀ 91 ਫੀਸਦੀ ਲੋਕਾਂ ਕੋਲ ਜੀਵਨ ਬੀਮੇ ਦੀ ਸੁਰੱਖਿਆ ਨਹੀਂ ਹੈ।ਇਸਦਾ ਅਰਥ ਇਹ ਹੈ ਕਿ ਪਰਿਵਾਰਾਂ ਨੂੰ ਆਰਥਿਕ ਸੁਰੱਖਿਆ ਦੇਣ ਲਈ ਲੋੜੀਂਦੇ ਹਰ 100 ਰੁਪਏ ਵਿੱਚੋਂ ਸਿਰਫ਼ 9 ਰੁਪਏ ਹੀ ਕਵਰ ਹੁੰਦੇ ਹਨ।

# ਸ਼ਹਿਰ ਦੇ ਵੱਖ-ਵੱਖ ਪ੍ਰੋਜੈਕਟਾਂ 'ਤੇ ਵਿਧਾਇਕ ਗੁਪਤਾ ਨੇ ਅਰਵਿੰਦ ਕੇਜਰੀਵਾਲ ਨਾਲ ਕੀਤਾ ਵਿਚਾਰ-ਵਟਾਂਦਰਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਕੇਂਦਰੀ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਵਿਧਾਇਕ ਡਾ. ਅਜੇ ਗੁਪਤਾ ਨੇ ਨਵੀਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ।ਮੀਟਿੰਗ ਦੌਰਾਨ ਅੰਮ੍ਰਿਤਸਰ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਅਤੇ ਆਉਣ ਵਾਲੇ ਦਿਨਾਂ ਵਿੱਚ ਸ਼ੁਰੂ ਕੀਤੇ ਜਾਣ ਵਾਲੇ ਵੱਡੇ ਵਿਕਾਸ ਪ੍ਰੋਜੈਕਟਾਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।ਵਿਧਾਇਕ ਡਾ. ਅਜੇ ਗੁਪਤਾ ਨੇ ਦੱਸਿਆ ਕਿ, ਹਮੇਸ਼ਾ ਵਾਂਗ, ਉਹ ਅਰਵਿੰਦ ਕੇਜਰੀਵਾਲ ਨਾਲ ਸਮੇਂ-ਸਮੇਂ ਤੇ ਮਿਲਦੇ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਸ਼ਹਿਰ ਅਤੇ ਖਾਸ ਕਰਕੇ ਕੇਂਦਰੀ ਵਿਧਾਨ ਸਭਾ ਹਲਕੇ ਨਾਲ ਸਬੰਧਤ ਵੱਡੀਆਂ ਸਮੱਸਿਆਵਾਂ 'ਤੇ ਚਰਚਾ ਕੀਤੀ ਜਾਂਦੀ ਹੈ ਅਤੇ ਹੱਲ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਅੱਜ ਦੀ ਮੀਟਿੰਗ ਦੌਰਾਨ, ਅੰਮ੍ਰਿਤਸਰ ਕੇਂਦਰੀ ਵਿਧਾਨ ਸਭਾ ਹਲਕੇ ਨਾਲ ਸਬੰਧਤ ਬਾਕੀ ਸਮੱਸਿਆਵਾਂ 'ਤੇ ਚਰਚਾ ਕੀਤੀ ਗਈ।ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਫਾਈ ਪ੍ਰਣਾਲੀ ਬਾਰੇ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸਫਾਈ ਪ੍ਰਣਾਲੀ ਪਹਿਲਾਂ ਹੀ ਸੁਧਾਰੀ ਜਾ ਰਹੀ ਹੈ।ਅਗਲੇ ਮਹੀਨੇ ਸ਼ਹਿਰ ਦੀ ਸਫਾਈ ਪ੍ਰਣਾਲੀ ਵਿੱਚ ਸੁਧਾਰ ਹੋਵੇਗਾ।ਉਨ੍ਹਾਂ ਕਿਹਾ ਕਿ ਅਗਲੇ ਸਾਲ ਫਰਵਰੀ ਤੱਕ ਸ਼ਹਿਰ ਦੀਆਂ ਕਿਸੇ ਵੀ ਸੜਕ ਤੇ ਕੂੜਾ ਨਹੀਂ ਹੋਵੇਗਾ।ਉਨ੍ਹਾਂ ਕਿਹਾ ਕਿ ਸੀਵਰੇਜ ਸਿਸਟਮ ਸਬੰਧੀ ਖਾਪੜ ਖੇੜੀ ਸੀਵਰੇਜ ਟ੍ਰੀਟਮੈਂਟ ਪਲਾਂਟ ਦੀ ਸਮਰੱਥਾ ਵਧਾਉਣ ਸਬੰਧੀ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।ਸੀਵਰੇਜ ਟ੍ਰੀਟਮੈਂਟ ਪਲਾਂਟ ਦੀ ਸਮਰੱਥਾ ਵਧਾਉਣ ਲਈ ਟੈਂਡਰਿੰਗ ਪ੍ਰਕਿਰਿਆ ਆਉਣ ਵਾਲੇ ਦਿਨਾਂ



ਵਿੱਚ ਸ਼ੁਰੂ ਹੋ ਜਾਵੇਗੀ।ਵਾਲਡ ਸਿਟੀ ਵਿੱਚ ਸਫਾਈ, ਸੁਰੱਖਿਆ, ਵਿਕਾਸ ਅਤੇ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ।ਆਉਣ ਵਾਲੇ ਦਿਨਾਂ ਵਿੱਚ ਵਾਲਡ ਸਿਟੀ ਲਈ ਵੱਡੇ ਵਿਕਾਸ ਪ੍ਰੋਜੈਕਟ ਵੀ ਸ਼ੁਰੂ ਕੀਤੇ ਜਾਣ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮੀਟਿੰਗ ਬਹੁਤ ਵਧੀਆ ਰਹੀ।

# ਪੀ ਐੱਚ ਡੀ ਦੇ ਵਿਦਿਆਰਥੀ ਸ਼ੁਭਮ ਸ਼ਰਮਾ ਨੂੰ ਬੈਸਟ ਪੋਸਟਰ ਐਵਾਰਡ ਪ੍ਰਦਾਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਯੂਜੀਸੀ-ਜੇ.ਆਰ.ਐੱਫ. ਪੀਐੱਚ.ਡੀ. ਵਿਦਿਆਰਥੀ ਸ਼ੁਭਮ ਸ਼ਰਮਾ ਨੂੰ ਅੰਤਰਰਾਸ਼ਟਰੀ ਕਾਨਫਰੰਸ ਆਨ ਬਾਇਓਟੈਕਨਾਲੋਜੀ ਫਾਰ ਸਸਟੇਨੇਬਲ ਡਿਵੈਲਪਮੈਂਟ ਐਂਡ ਸਰਕੂਲਰ ਇਕਾਨਮੀ ਵਿੱਚ ਬੈਸਟ ਪੋਸਟਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਇਹ ਵੱਕਾਰੀ ਕਾਨਫਰੰਸ ਸਿੱਖਿਆ ਓ ਅਨੁਸੰਧਾਨ (ਡੀਮਡ ਟੂ ਬੀ ਯੂਨੀਵਰਸਿਟੀ), ਭੁਵਨੇਸ਼ਵਰ ਅਤੇ ਬਾਇਓਟੈਕ ਰਿਸਰਚ ਸੋਸਾਇਟੀ ਆਫ ਇੰਡੀਆ (ਬੀਆਰਐੱਸਆਈ) ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਕੀਤੀ ਗਈ ਸੀ।



ਸ਼ਰਮਾ ਨੂੰ ਉਸ ਦੇ ਖੋਜ ਪੋਸਟਰ ਅਸ਼ਵਗੰਧਾ ਵਿੱਚ ਵਿਥਾਨੋਲਾਈਡ ਕੰਟੈਂਟ ਵਧਾਉਣ ਦੀਆਂ ਨਵੀਆਂ ਰਣਨੀਤੀਆਂ ਲਈ ਇਹ ਸਨਮਾਨ ਮਿਲਿਆ।ਉਸ ਦੀ ਖੋਜ ਅਸ਼ਵਗੰਧਾ (ਵਿਥਾਨੀਆ ਸੋਮਨੀਫੇਰਾ) ਵਿੱਚ ਦਵਾਈ ਵਜੋਂ ਮਹੱਤਵਪੂਰਨ ਵਿਥਾਨੋਲਾਈਡਾਂ ਦੀ ਪੈਦਾਵਾਰ ਵਧਾਉਣ ਦੇ ਨਵੀਨਤਾਕਾਰੀ ਅਤੇ ਟਿਕਾਊ ਤਰੀਕਿਆਂ 'ਤੇ ਕੇਂਦਰਿਤ ਹੈ, ਜੋ ਆਯੁਰਵੇਦ ਅਤੇ ਆਧੁਨਿਕ ਫਾਈਟੋਫਾਰਮਾਸਿਊਟੀਕਲਜ਼ ਵਿੱਚ ਵੱਡੀ ਥੈਰੇਪਿਊਟਿਕ ਮਹੱਤਤਾ ਵਾਲੀ ਔਸ਼ਧੀ ਬੂਟੀ ਹੈ।ਇਹ ਨਤੀਜੇ ਔਸ਼ਧੀ ਬੂਟੀਆਂ ਦੀ ਬਾਇਓਟੈਕਨਾਲੋਜੀ ਵਿੱਚ ਟਿਕਾਊ ਬਾਇਓਰਿਸੋਰਸ ਵਰਤੋਂ ਅਤੇ ਵੈਲਿਊ ਐਡੀਸ਼ਨ ਦੇ ਵਿਸ਼ਾਲ ਟੀਚਿਆਂ ਨਾਲ ਜੁੜੇ ਹੋਏ ਹਨ।ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਮੁਖੀ ਪ੍ਰੋ. ਪ੍ਰਤਾਪ ਕੁਮਾਰ ਪਾਤੀ ਦੀ ਨਿਗਰਾਨੀ ਹੇਠ ਪੀਐੱਚ.ਡੀ. ਕਰ ਰਿਹਾ ਹੈ।ਪ੍ਰੋ. ਪਾਤੀ ਦਾ ਖੋਜ ਗਰੁੱਪ ਪਲਾਂਟ ਬਾਇਓਟੈਕਨਾਲੋਜੀ, ਸੈਕੰਡਰੀ ਮੈਟਾਬੋਲਾਈਟ ਇੰਜੀਨੀਅਰਿੰਗ ਅਤੇ ਟਿਕਾਊ ਖੇਤੀਬਾੜੀ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਹੈ।ਇਸ ਪ੍ਰਾਪਤੀ ਤੇ ਮਿਸਟਰ ਸ਼ਰਮਾ ਨੂੰ ਵਧਾਈ ਦਿੰਦਿਆਂ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਕਿਹਾ ਕਿ ਅੰਤਰਰਾਸ਼ਟਰੀ ਪਲੇਟਫਾਰਮ ਤੇ ਇਹ ਵਧੀਆ ਮਾਨਤਾ ਸਾਡੇ ਵਿਦਿਆਰਥੀਆਂ ਦੀ ਮਿਹਨਤ, ਨਵੀਨਤਾ ਅਤੇ ਸਮਰਪਣ ਦਾ ਸਬੂਤ ਹੈ।ਸ਼ੁਭਮ ਸ਼ਰਮਾ ਦੀ ਸਫਲਤਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਖੋਜ ਦੇ ਉਚ ਮਿਆਰਾਂ ਅਤੇ ਟਿਕਾਊ ਵਿਕਾਸ ਲਈ ਬਾਇਓਟੈਕਨਾਲੋਜੀ ਨੂੰ ਅੱਗੇ ਵਧਾਉਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਅਸੀਂ ਇੱਸ ਪ੍ਰਾਪਤੀ ਤੇ ਬਹੁਤ ਮਾਣ ਮਹਿਸੂਸ ਕਰਦੇ ਹਾਂ ਅਤੇ ਸਾਨੂੰ ਯਕੀਨ ਹੈ ਕਿ ਉਹ ਵਿਗਿਆਨ ਅਤੇ ਸਮਾਜ ਲਈ ਹੋਰ ਵੱਡੇ ਯੋਗਦਾਨ ਪਾਇਗਾ।

# 19 ਗ੍ਰਾਮ 80 ਮਿਲੀਗ੍ਰਾਮ ਹੈਰੋਇਨ ਅਤੇ 2000 ਰੁਪਏ ਡਰੱਗ ਮਨੀ ਸਮੇਤ ਨਸ਼ਾ ਤਸਕਰ ਕਾਬੂ

ਗੁਰਦਾਸਪੁਰ, (ਜਨਕ ਮਹਾਜਨ)- "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਸ ਪੰਜਾਬ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲਸ ਬਾਰਡਰ ਰੇਂਜ ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾ ਅਨੁਸਾਰ ਥਾਣਾ ਸਿਟੀ ਗੁਰਦਾਸਪੁਰ ਵਿਖੇ ਕੁਲਵਿੰਦਰ ਨੂੰ ਕਾਬੂ ਕਰਕੇ ਉਸ ਪਾਸੋ 07 ਗ੍ਰਾਮ 80 ਮਿਲੀਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ। ਇਸੇ ਤਰ੍ਹਾਂ ਥਾਣਾ ਧਾਰੀਵਾਲ ਵਿਖੇ ਅਕਾਸ਼ ਮਸੀਹ ਨੂੰ ਕਾਬੂ ਕਰਕੇ ਉਸ ਪਾਸੋਂ 06 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ। ਥਾਣਾ ਬਹਿਰਾਮਪੁਰ ਵਿਖੇ ਦੀਪਕ ਨੂੰ ਮੋਟਰਸਾਈਕਲ ਸਮੇਤ ਕਾਬੂ ਕਰਕੇ ਉਸ ਪਾਸੋਂ 06 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ। ਪੁਲਸ ਨੇ ਇਨ੍ਹਾਂ ਤਿੰਨਾਂ ਨਸ਼ਾ ਤਸਕਰਾਂ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਆਦਿੱਤਯ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਸ ਪੂਰੀ ਤਰ੍ਹਾਂ ਵਚਨਬੱਧ ਹੈ।




# ਪੰਛੀਆਂ ਦੀ ਸੇਵਾ ਕਰਨਾ ਭਗਵਾਨ ਪਸ਼ੂਪਤੀਨਾਥ ਦਾ ਆਸ਼ੀਰਵਾਦ ਪ੍ਰਾਪਤ ਕਰਨਾ : ਕਰਿਸ਼ਮਾ ਗੌਤਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸਨਾਤਨ ਧਰਮ ਸੁਰੱਖਿਆ ਪ੍ਰੀਸ਼ਦ ਦੇ ਪੰਛੀ ਦਾਨਾ ਵਿਭਾਗ ਦੀ ਜ਼ਿਲ੍ਹਾ ਪ੍ਰਧਾਨ ਕਰਿਸ਼ਮਾ ਗੌਤਮ ਨੇ ਪੱਤਰਕਾਰਾਂ ਨਾਲ ਵਿਸ਼ੇਸ਼ ਭੇਂਟ-ਵਾਰਤਾ ਦੌਰਾਨ ਸਾਰੇ ਸਮਾਜ ਨੂੰ ਅਪੀਲ ਕੀਤੀ ਕਿ ਭਿਆਨਕ ਸਰਦੀਆਂ ਦੇ ਦਿਨਾਂ ਵਿੱਚ ਪੰਛੀਆਂ ਦੀ ਸੁਵਿਧਾ ਲਈ ਆਪਣੀ ਛੱਤ ਉਤੇ ਉਨ੍ਹਾਂ ਲਈ ਪੀਣ ਦਾ ਪਾਣੀ ਰੱਖਣ ਦੇ ਨਾਲ-ਨਾਲ ਉਨ੍ਹਾਂ ਦੇ ਭੋਜਨ ਲਈ ਭਿੱਜਿਆ ਹੋਇਆ ਅਨਾਜ ਵੀ ਰੱਖਿਆ ਜਾਵੇ, ਜੋ ਪੰਛੀਆਂ ਲਈ ਸੁਆਦਿਸ਼ਟ ਭੋਜਨ ਹੁੰਦਾ ਹੈ।ਬੇਜ਼ੁਬਾਨ ਪੰਛੀਆਂ ਦੀ ਸੇਵਾ ਕਰਨ ਨਾਲ ਜਿੱਥੇ ਸਾਨੂੰ ਭਗਵਾਨ ਭੋਲੇਨਾਥ, ਜੋ ਪਸ਼ੂਪਤੀਨਾਥ ਵੀ ਹਨ, ਦੀ ਨੇੜਤਾ, ਪ੍ਰਸੰਨਤਾ, ਆਸ਼ੀਰਵਾਦ ਅਤੇ ਵਰਦਾਨ ਪ੍ਰਾਪਤ ਹੁੰਦੇ ਹਨ, ਉਥੇ ਹੀ ਸਾਡੇ ਵੱਲੋਂ ਪੰਛੀਆਂ ਦੀ ਸੇਵਾ ਲਈ ਕੀਤੇ ਗਏ ਯਤਨ ਅਖੰਡ (ਕਰੋੜਾਂ ਗੁਣਾ) ਵਧ ਕੇ ਸਾਡੇ ਜੀਵਨ ਵਿੱਚ ਭੋਲੇਨਾਥ ਦੇ ਆਸ਼ੀਰਵਾਦ ਦੇ ਰੂਪ ਵਿੱਚ ਵਾਪਸ ਆਉਂਦੇ ਹਨ। ਕਰਿਸ਼ਮਾ ਗੌਤਮ ਨੇ ਪੰਛੀਆਂ ਵੱਲੋਂ ਮਨੁੱਖਤਾ ਲਈ ਕੀਤੇ ਜਾਂਦੇ ਅਮੂਲ ਕਾਰਜਾਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਪੰਛੀ ਮਨੁੱਖਤਾ ਲਈ ਕਈ ਤਰੀਕਿਆਂ ਨਾਲ ਸਹਾਇਕ ਹਨ ਜਿਵੇ ਕਿ ਪੰਛੀ ਕੀੜੇ-ਮਕੌੜੇ ਖਾ ਕੇ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਜੀਵਾਂ ਦੀ ਗਿਣਤੀ ਨਿਯੰਤਰਿਤ ਕਰਦੇ ਹਨ, ਜਿਸ ਨਾਲ ਫ਼ਸਲਾਂ ਦੀ ਉਤਪਾਦਕਤਾ ਵਧਦੀ ਹੈ। ਪੰਛੀ ਫੁੱਲਾਂ ਤੋਂ ਨੈਕਟਰ ਪੀਂਦੇ ਸਮੇਂ ਪਰਾਗ ਨੂੰ ਇੱਕ ਫੁੱਲ ਤੋਂ ਦੂਜੇ ਫੁੱਲ ਤੱਕ ਪਹੁੰਚਾਉਂਦੇ ਹਨ, ਜਿਸ ਨਾਲ ਪੌਦਿਆਂ ਦਾ ਪਰਾਗਣ ਹੁੰਦਾ ਹੈ। ਪੰਛੀ ਫਲ ਖਾਂਦੇ ਹਨ ਅਤੇ ਉਨ੍ਹਾਂ ਦੇ ਬੀਜ ਇੱਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਾਉਂਦੇ ਹਨ, ਜਿਸ ਨਾਲ ਪੌਦਿਆਂ ਦਾ ਫੈਲਾਅ ਹੁੰਦਾ ਹੈ। ਇਹ ਪੰਛੀ ਵਾਤਾਵਰਣ ਵਿੱਚ ਮੌਜੂਦ ਕੂੜਾ-ਕਰਕਟ ਅਤੇ ਮਰੇ ਹੋਏ ਜਾਨਵਰਾਂ ਨੂੰ ਖਾ ਕੇ ਵਾਤਾਵਰਣ ਨੂੰ ਸ਼ੁੱਧ ਰੱਖਦੇ ਹਨ।ਕਈ ਸੱਭਿਆਚਾਰਾਂ ਵਿੱਚ ਪੰਛੀਆਂ ਦਾ ਵਿਸ਼ੇਸ਼ ਮਹੱਤਵ ਹੈ ਅਤੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ, ਜਿਵੇਂ ਕਿ ਹਿੰਦੂ ਧਰਮ ਵਿੱਚ ਗਰੁੜ ਅਤੇ ਮਯੂਰ (ਮੋਰ) ਦਾ ਮਹੱਤਵ ਬੜਾ ਜ਼ਿਆਦਾ ਹੈ। ਪੰਛੀ ਪਾਰਿਸਥਿਤਿਕ ਤੰਤਰ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਖ਼ੁਰਾਕੀ ਚੇਨ ਵਿੱਚ ਸੰਤੁਲਨ ਬਣਾਈ ਰੱਖਦੇ ਹਨ।ਪੰਛੀਆਂ ਦਾ ਅਧਿਐਨ ਵਿਗਿਆਨਿਕ ਅਨੁਸੰਧਾਨ ਵਿੱਚ ਮਹੱਤਵਪੂਰਨ ਹੈ, ਜਿਵੇਂ ਕਿ ਉਡਾਣ (ਪਲਾਇਨ) ਦੇ ਰੁਝਾਨ, ਵਿਹਾਰ ਅਤੇ ਜੈਵ ਵਿਵਿਧਤਾ ਦੇ ਅਧਿਐਨ ਵਿੱਚ।ਪੰਛੀਆਂ ਦੇ ਆਲ੍ਹਣੇ ਅਤੇ ਹੋਰ ਬਨਾਵਟਾਂ ਪਾਰਿਸਥਿਤਿਕ ਤੰਤਰ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ ਅਤੇ ਹੋਰ ਜਾਨਵਰਾਂ ਲਈ ਆਸਰਾ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਸਾਰੇ ਤਰੀਕਿਆਂ ਨਾਲ ਪੰਛੀ ਮਨੁੱਖਤਾ ਲਈ ਬਹੁਤ ਮਹੱਤਵਪੂਰਨ ਹਨ ਅਤੇ ਉਨ੍ਹਾਂ ਦੀ ਰੱਖਿਆ ਤੇ ਪਾਲਣਾ ਕਰਨਾ ਅਤਿ ਜ਼ਰੂਰੀ ਹੈ।



# ਸਰਕਾਰੀ ਐਲੀਮੈਂਟਰੀ ਸਕੂਲ ਠਰੂ ਵਿਖੇ ਕਰਵਾਏ ਬੱਚਿਆਂ ਦੇ ਵਿੱਦਿਅਕ ਮੁਕਾਬਲੇ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਵਿਦਿਆਰਥੀਆਂ ਨੂੰ ਮੁਕਾਬਲਿਆਂ ਅਤੇ ਸਿੱਖਿਆ ਪ੍ਰਤੀ ਵਧੇਰੇ ਉਤਸ਼ਾਹ ਪੈਦਾ ਕਰਨ ਲਈ ਬਲਾਕ ਐਲੀਮੈਂਟਰੀ ਸਿੱਖਿਆ ਅਫ਼ਸਰ ਗੁਰਦੀਪ ਸਿੰਘ ਦੇ ਦਿਸ਼ਾ ਨਿਰਦੇਸ਼ ਅਧੀਨ ਸਰਕਾਰੀ ਐਲੀਮੈਂਟਰੀ ਸਕੂਲ ਠਰੂ ਵਿਖੇ ਵਿੱਦਿਅਕ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸੈਂਟਰ ਨੂਰਦੀ ਦੇ ਖਾਰਾ, ਠੱਠੀ, ਜੌਹਲ ਰਾਜੂ ਸਿੰਘ, ਕੋਟ ਕਲਾਂ, ਕੋਟ ਖੁਰਦ, ਜਰਮਸਤਪੁਰ, ਕੈਰੋਂਵਾਲ ਅਤੇ ਕਾਜੀਕੋਟ ਸਕੂਲ ਨੇ ਭਾਗ ਲਿਆ। ਪੰਜਾਬੀ ਸੁੰਦਰ ਲਿਖਾਈ ਮੁਕਾਬਲੇ ਵਿੱਚ ਸੋਨੀਆ ਸਅਸ ਕੋਟ ਖੁਰਦ ਨੇ ਪਹਿਲਾ, ਜਰਮਨਦੀਪ ਕੌਰ ਸਅਸ ਕਾਜ਼ੀਕੋਟ ਨੇ ਦੂਸਰਾ ਅਤੇ ਅਨਮੋਲ ਸਅਸ ਜੌਹਲ ਰਾਜੂ ਸਿੰਘ ਨੇ ਤੀਸਰਾ ਸਥਾਨ, ਅੰਗ੍ਰੇਜ਼ੀ ਸੁੰਦਰ ਲਿਖਾਈ ਮੁਕਾਬਲੇ ਵਿੱਚ ਸੁਖਪ੍ਰੀਤ ਕੌਰ ਸਅਸ ਕੋਟ ਖੁਰਦ ਨੇ ਪਹਿਲਾ, ਹਰਲੀਨ ਕੌਰ ਸਅਸ ਜੌਹਲ ਰਾਜੂ ਸਿੰਘ ਨੇ ਦੂਸਰਾ ਅਤੇ ਸਿਮਰਨ ਕੌਰ ਸਅਸ ਕਾਜ਼ੀਕੋਟ ਨੇ ਤੀਸਰਾ ਸਥਾਨ ਹਿੰਦੀ ਸੁੰਦਰ ਲਿਖਾਈ ਮੁਕਾਬਲੇ ਵਿੱਚ ਗੁਰਸ਼ਾਨ ਸਿੰਘ ਸਅਸ ਕੋਟ ਕਲਾਂ ਨੇ ਪਹਿਲਾ, ਜਸਮੀਤ ਕੌਰ ਸਅਸ ਕੋਟ ਖੁਰਦ ਨੇ ਦੂਸਰਾ ਅਤੇ ਏਕਮਜੀਤ ਕੌਰ ਸਅਸ ਖਾਰਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਪੰਜਾਬੀ ਸ਼ਬਦ ਜੋੜ ਮੁਕਾਬਲੇ ਵਿੱਚ ਜਸਮੀਤ ਕੌਰ ਸਅਸ ਕੋਟ ਖੁਰਦ ਨੇ ਪਹਿਲਾ, ਅਮਨੀਤ ਕੌਰ ਸਅਸ ਠੱਠੀ ਨੇ ਦੂਸਰਾ ਅਤੇ ਮਹਿਕਦੀਪ ਕੌਰ ਸਅਸ ਕੋਟ ਕਲਾਂ ਨੇ ਤੀਸਰਾ ਸਥਾਨ, ਅੰਗ੍ਰੇਜ਼ੀ ਸ਼ਬਦ ਜੋੜ ਮੁਕਾਬਲੇ ਵਿੱਚ ਵੰਸ਼ਦੀਪ ਸਿੰਘ ਸਅਸ ਖਾਰਾ ਨੇ ਪਹਿਲਾ, ਮਨਵੀਰ ਕੌਰ ਸਅਸ ਜੌਹਲ ਰਾਜੂ ਸਿੰਘ ਨੇ ਦੂਸਰਾ ਅਤੇ ਅਭੇਜੋਤ ਸਿੰਘ ਸਅਸ ਕੋਟ ਖੁਰਦ ਨੇ ਤੀਸਰਾ ਸਥਾਨ ਹਿੰਦੀ ਸ਼ਬਦ ਜੋੜ ਮੁਕਾਬਲੇ ਵਿੱਚ ਮਨਮੀਤ ਕੌਰ ਸਅਸ ਕੋਟ ਖੁਰਦ ਨੇ ਪਹਿਲਾ, ਸੁਖਮਨਜੀਤ ਕੌਰ ਸਅਸ ਜੌਹਲ ਰਾਜੂ ਸਿੰਘ ਨੇ ਦੂਸਰਾ ਅਤੇ ਸੁਖਦੀਪ ਕੌਰ ਸਅਸ ਕੈਰੋਂਵਾਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਚਿੱਤਰਕਲਾ ਮੁਕਾਬਲੇ ਵਿੱਚ ਜਗਦੀਪ ਸਿੰਘ ਸਅਸ ਕੋਟ ਖੁਰਦ ਨੇ ਪਹਿਲਾ, ਅਮਨਦੀਪ ਸਿੰਘ ਸਅਸ ਕੋਟ ਕਲਾਂ ਨੇ ਦੂਸਰਾ ਅਤੇ ਫਤਹਿ ਸਿੰਘ ਸਅਸ ਕਾਜ਼ੀਕੋਟ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕੁਇਜ਼ ਮੁਕਾਬਲੇ ਵਿੱਚ ਲਵਜੋਤ ਸਿੰਘ ਸਅਸ ਠੱਠੀ ਪਹਿਲਾ, ਮਨਰਾਜ ਸਿੰਘ ਸਅਸ ਜਰਮਸਤਪੁਰ ਨੇ ਦੂਸਰਾ ਅਤੇ ਸਨੇਹਾਪਰੀਤ ਕੌਰ ਸਅਸ ਕਾਜ਼ੀਕੋਟ ਨੇ ਤੀਸਰਾ ਸਥਾਨ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਗੱਲਬਾਤ ਕਰਦਿਆਂ ਬਲਾਕ ਐਲੀਮੈਂਟਰੀ ਅਫ਼ਸਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਤੀ ਵਧੇਰੇ ਉਤਸ਼ਾਹਿਤ ਕਰਨ ਲਈ ਵਿੱਦਿਅਕ ਮੁਕਾਬਲੇ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਬੱਚਿਆਂ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।ਸਕੂਲ ਮੁਖੀ ਗੁਰਲਵਦੀਪ ਸਿੰਘ ਅਤੇ ਸਕੂਲ ਦੀ ਸਮੁੱਚੀ ਟੀਮ ਨੇ ਆਏ ਹੋਏ ਅਧਿਆਪਕ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।



# ਲਿਖਤੀ ਧਾਰਮਿਕ ਪ੍ਰੀਖਿਆ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੇ ਵਿਦਿਆਰਥੀਆਂ ਨੇ ਐਜੂਕੇਸ਼ਨਲ ਕਮੇਟੀ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਵੱਲੋਂ 30 ਸਤੰਬਰ ਨੂੰ ਦੀਵਾਨ ਦੇ ਸਾਰੇ ਸਕੂਲਾਂ ਦੀ ਲਿਖਤੀ ਧਾਰਮਿਕ ਪ੍ਰੀਖਿਆ ਅਯੋਜਿਤ ਕਰਵਾਈ ਗਈ ਸੀ ਜਿਸ ਵਿੱਚੋਂ ਸਾਡੇ ਸਕੂਲ ਦੀ ਸੱਤਵੀਂ ਜਮਾਤ ਦੀ ਵਿਦਿਆਰਥਣ ਏਕਮਜੀਤ ਕੌਰ ਦੁਆਰਾ ਪਹਿਲਾ ਸਥਾਨ ਪ੍ਰਾਪਤ ਕਰਨ ਤੇ ਟਰਾਫ਼ੀ, ਸਰਟੀਫਿਕੇਟ ਅਤੇ 1000 ਰੁਪਏ ਦੀ ਨਗਦ ਰਾਸ਼ੀ ਪ੍ਰਾਪਤ ਕੀਤੀ।ਅੱਠਵੀਂ ਜਮਾਤ ਦਾ ਵਿਦਿਆਰਥੀ ਅਕਾਲ ਜੋਤ ਸਿੰਘ ਅਤੇ ਨੌਵੀਂ ਜਮਾਤ ਦੀ ਵਿਦਿਆਰਥਣ ਸ਼ਹਿਨਾਜ਼ ਕੌਰ ਨੇ ਸਰਟੀਫਿਕੇਟ ਅਤੇ ਹੌਸਲਾ ਵਧਾਊ 200 ਰੁਪਏ ਦੀ ਨਗਦ ਰਾਸ਼ੀ ਪ੍ਰਾਪਤ ਕੀਤੀ।ਸਕੂਲ ਦੇ ਮੈਂਬਰ ਇੰਚਾਰਜ ਸ. ਮਨਜੀਤ ਸਿੰਘ ਢਿੱਲੋਂ, ਸ. ਆਦਰਸ਼ਪਿੰਦਰ ਸਿੰਘ ਮਾਨ ਅਤੇ ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਅਤੇ ਨਗਦ ਰਾਸ਼ੀ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਅਤੇ ਅੱਗੇ ਤੋਂ ਹੋਰ ਮਿਹਨਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।



# ਜੀ ਆਈ ਐੱਸ ਸਰਵੇ ਦੇ ਨਾਂਅ 'ਤੇ ਕੋਈ ਵੀ ਫੀਸ ਨਹੀਂ ਲਈ ਜਾ ਰਹੀ: ਨਿਗਮ ਕਮਿਸ਼ਨਰ

## * ਪੈਸੇ ਮੰਗਣ ਵਾਲਿਆਂ ਤੋਂ ਸਾਵਧਾਨ ਰਹਿਣ ਲਈ ਨਿਗਮ ਕਮਿਸ਼ਨਰ ਵੱਲੋਂ ਅਪੀਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਅੰਮ੍ਰਿਤਸਰ ਨਗਰ ਨਿਗਮ ਵੱਲੋਂ ਸ਼ਹਿਰ ਅਧੀਨ ਆਉਂਦੀਆਂ ਪ੍ਰਾਪਰਟੀਆਂ (ਘਰ, ਵਪਾਰਕ ਅਤੇ ਰਿਹਾਇਸ਼ੀ ਇਮਾਰਤਾਂ, ਦੁਕਾਨਾਂ, ਫੈਕਟਰੀਆਂ ਆਦਿ) ਦੀ ਡਿਜੀਟਲ ਮੈਪਿੰਗ ਲਈ ਕਰਵਾਏ ਜਾ ਰਹੇ ਜੀਆਈਐੱਸ ਸਰਵੇ ਦੇ ਨਾਂ 'ਤੇ ਲੋਕਾਂ ਤੋਂ ਪੈਸੇ ਮੰਗੇ ਜਾਣ ਦੀਆਂ ਸ਼ਿਕਾਇਤਾਂ ਮਿਲਣ 'ਤੇ ਨਗਰ ਨਿਗਮ ਕਮਿਸ਼ਨਰ ਨੇ ਲੋਕਾਂ ਨੂੰ ਸਾਵਧਾਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਿਗਮ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਵੱਲੋਂ ਸ਼ਹਿਰ ਦੀ ਲਗਭਗ ਚਾਰ ਲੱਖ ਪ੍ਰਾਪਰਟੀਆਂ ਦੀ ਡਿਜੀਟਲ ਮੈਪਿੰਗ ਲਈ ਸਾਈਬਰ ਸਵਿਫਟ ਕੰਪਨੀ ਨੂੰ ਠੇਕਾ ਦਿੱਤਾ ਗਿਆ ਹੈ। ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਲੋਕ ਜੀਆਈਐੱਸ ਸਰਵੇ ਦੇ ਨਾਂਅ 'ਤੇ ਘਰਾਂ ਤੋਂ ਸੌ-ਸੌ ਰੁਪਏ ਵਸੂਲ ਕਰ ਰਹੇ ਹਨ, ਜੋ ਕਿ ਸਰਾਸਰ ਗਲਤ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਨਗਰ ਨਿਗਮ ਵੱਲੋਂ ਸਾਈਬਰ ਸਵਿਫਟ ਕੰਪਨੀ ਤੋਂ ਇਲਾਵਾ ਕਿਸੇ ਹੋਰ ਕੰਪਨੀ ਜਾਂ ਸੰਸਥਾ ਨੂੰ ਜੀਆਈਐੱਸ ਸਰਵੇ ਲਈ ਨਿਯੁਕਤ ਨਹੀਂ ਕੀਤਾ ਗਿਆ ਹੈ। ਕੰਪਨੀ ਦੇ ਕਰਮਚਾਰੀ ਹੀ ਘਰ-ਘਰ ਜਾ ਕੇ ਬਿਨਾਂ ਕਿਸੇ ਫੀਸ ਦੇ ਇਹ ਸਰਵੇ ਕਰ ਰਹੇ ਹਨ। ਸ਼ਹਿਰ ਵਾਸੀਆਂ ਨੂੰ ਸਿਰਫ਼ ਸਰਵੇ ਟੀਮ ਨੂੰ ਆਪਣੀ ਪ੍ਰਾਪਰਟੀ ਸੰਬੰਧਿਤ ਜਾਣਕਾਰੀ ਦੇਣੀ ਹੈ ਅਤੇ ਜੇ ਕੋਈ ਵੀ ਵਿਅਕਤੀ ਸਰਵੇ ਦੇ ਨਾਂ 'ਤੇ ਪੈਸਿਆਂ ਦੀ ਮੰਗ ਕਰੇ ਤਾਂ ਉਸ ਦੀ ਸੂਚਨਾ ਤੁਰੰਤ ਨਗਰ ਨਿਗਮ ਨੂੰ ਦਿੱਤੀ ਜਾਵੇ। ਸਰਵੇ ਦੀ ਪ੍ਰਗਤੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਸ ਸਮੇਂ ਸਰਵੇ ਟੀਮਾਂ ਵੱਲੋਂ ਵਾਰਡ ਨੰਬਰ 3, 4, 31 ਅਤੇ 67 ਵਿੱਚ ਘਰ-ਘਰ ਜਾ ਕੇ ਜੀਆਈਐੱਸ ਸਰਵੇ ਕੀਤਾ ਜਾ ਰਿਹਾ ਹੈ। ਅਗਲੇ 10-15 ਦਿਨਾਂ ਵਿੱਚ ਵਾਰਡ ਨੰਬਰ 7, 32, 69 ਅਤੇ 71 ਵਿੱਚ ਸਰਵੇ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਰਵੇ ਟੀਮਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ ਅਤੇ ਸਹੀ ਜਾਣਕਾਰੀ ਪ੍ਰਦਾਨ ਕੀਤੀ ਜਾਵੇ, ਕਿਉਂਕਿ ਡਿਜੀਟਲ ਮੈਪਿੰਗ ਨਾਲ ਨਗਰ ਨਿਗਮ ਨੂੰ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ, ਬਿਹਤਰ ਟਾਊਨ ਪਲਾਨਿੰਗ, ਪਬਲਿਕ ਟ੍ਰਾਂਸਪੋਰਟ ਪ੍ਰਣਾਲੀ ਅਤੇ ਐਮਰਜੈਂਸੀ ਸੇਵਾਵਾਂ ਨੂੰ ਸੁਧਾਰਨ ਵਿੱਚ ਮਦਦ ਮਿਲੇਗੀ।



# ਬਾਲ ਵਿੱਦਿਆ ਮਾਡਰਨ ਹਾਈ ਸਕੂਲ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਲਗਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਬਾਲ ਵਿੱਦਿਆ ਮਾਡਰਨ ਹਾਈ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਦਾ ਸਾਲਾਨਾ ਵਿਦਿਅਕ ਟੂਰ ਇਸ ਵਾਰ ਸਕੂਲ ਪ੍ਰਿੰਸੀਪਲ ਰੁਪਿੰਦਰ ਕੌਰ ਦੀ ਅਗਵਾਈ ਵਿੱਚ ਬਾਬਾ ਬਕਾਲਾ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ ਅਤੇ ਜੰਗ-ਏ-ਆਜ਼ਾਦੀ ਯਾਦਗਾਰ ਕਰਤਾਰਪੁਰ ਵਿਖੇ ਗਿਆ।



ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਰੁਪਿੰਦਰ ਕੌਰ ਕਾਹਲੋਂ ਨੇ ਦੱਸਿਆ ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਤਿਹਾਸਕ ਸਥਾਨ ਬਾਬਾ ਬਕਾਲਾ ਸਾਹਿਬ ਵਿਖੇ ਅਤੇ ਹੋਰ ਗੁਰਧਾਮਾਂ ਦੇ ਦਰਸ਼ਨ ਕੀਤੇ ਅਤੇ ਇਨ੍ਹਾਂ ਧਾਰਮਿਕ ਅਸਥਾਨਾਂ ਦੀ ਇਤਿਹਾਸਕ ਮਹੱਤਤਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸਾਰੇ ਵਿਦਿਆਰਥੀਆਂ ਨੇ ਕਰਤਾਰਪੁਰ ਸਥਿਤ ਜੰਗ-ਏ-ਆਜ਼ਾਦੀ ਯਾਦਗਾਰ ਵਿਖੇ ਵੱਖ-ਵੱਖ ਗੈਲਰੀਆਂ ਤੇ ਫਿਲਮ ਦੇਖ ਕੇ ਆਜ਼ਾਦੀ ਦੀ ਲੜਾਈ ਵਿੱਚ ਪੰਜਾਬੀਆਂ ਦੇ ਯੋਗਦਾਨ ਬਾਰੇ ਵਡਮੁੱਲੀ ਜਾਣਕਾਰੀ ਪ੍ਰਾਪਤ ਕਰਕੇ ਆਪਣੇ ਗਿਆਨ ਵਿੱਚ ਵਾਧਾ ਕੀਤਾ। ਪ੍ਰਿੰਸੀਪਲ ਰੁਪਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਲਈ ਅਜਿਹੇ ਵਿੱਦਿਅਕ ਟੂਰ ਬਹੁਤ ਜ਼ਰੂਰੀ ਹਨ। ਇਹ ਵਿਦਿਅਕ ਟੂਰ ਬੱਚਿਆਂ ਵਿੱਚ ਪੜ੍ਹਾਈ ਦੇ ਤਨਾਅ ਨੂੰ ਦੂਰ ਕਰਨ ਅਤੇ ਗਿਆਨ ਵਿੱਚ ਵਾਧਾ ਕਰਨ ਲਈ ਬਹੁਤ ਮਹੱਤਵ ਰੱਖਦੇ ਹਨ। ਇਸ ਵਿਦਿਅਕ ਟੂਰ ਵਿੱਚ ਵਿਦਿਆਰਥੀਆਂ ਦੇ ਨਾਲ ਪ੍ਰਿੰਸੀਪਲ ਰੁਪਿੰਦਰ ਕੌਰ ਕਾਹਲੋਂ, ਅਧਿਆਪਕ ਪਲਵਿੰਦਰ ਸੋਹਲ, ਗੁਰਵਿੰਦਰਜੀਤ ਕੌਰ, ਹਰਜੀਤ ਕੌਰ, ਬਲਜਿੰਦਰ ਕੌਰ, ਦਵਿੰਦਰ ਕੌਰ, ਰੇਨੂੰ ਸ਼ਰਮਾ, ਪ੍ਰਿਆ, ਰਸ਼ਮੀ, ਇਸ਼ਾ, ਅੰਮ੍ਰਿਤ ਕੌਰ, ਮੈਡਮ ਪਰਾਨਿੱਧੀ ਆਦਿ ਸਟਾਫ ਮੈਂਬਰ ਸ਼ਾਮਲ ਸਨ।

# ਹਫਤਾਵਾਰੀ ਵਿਸ਼ੇਸ਼ ਟੀਕਾਕਰਨ ਮੁਹਿੰਮ ਜ਼ੋਰਾਂ 'ਤੇ: ਡਾ. ਬਜਾਜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਅਤੇ ਸਿਵਲ ਸਰਜਨ ਡਾ. ਸਤਿੰਦਰਜੀਤ ਸਿੰਘ ਬਜਾਜ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਹਾਇਕ ਸਿਵਲ ਸਰਜਨ ਡਾ. ਰਜਿੰਦਰਪਾਲ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਸ਼ਮੀ ਵਿੱਜ ਵੱਲੋਂ ਜ਼ਿਲ੍ਹੇ ਦੇ ਸਮੂਹ ਬਲਾਕਾਂ ਵਿਚ ਵਿਸ਼ੇਸ਼ ਟੀਕਾਕਰਨ ਕੈਂਪ ਲਗਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ 15 ਤੋਂ 22 ਦਸੰਬਰ ਤੱਕ ਵਿਸ਼ੇਸ਼ ਟੀਕਾਕਰਨ ਹਫ਼ਤੇ ਤਹਿਤ ਵੱਖ-ਵੱਖ ਪਿੰਡਾਂ ਵਿਚ ਟੀਕਾਕਰਨ ਸੈਸ਼ਨ ਲਗਾ ਕੇ ਟੀਕਾਕਰਨ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਟੀਕਾਕਰਨ ਹਫਤਾ ਮਨਾਉਣ ਦਾ ਮੁੱਖ ਮੰਤਵ ਯੋਗ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਦੇ ਟੀਕਾਕਰਨ ਨੂੰ ਯਕੀਨੀ ਬਣਾਉਣਾ ਹੈ, ਤਾਂ ਜੋ ਕੋਈ ਵੀ ਟੀਕਾਕਰਨ ਤੋਂ ਵਾਂਝਾ ਨਾ ਰਹੇ।ਇਸ ਵਿਸ਼ੇਸ਼ ਟੀਕਾਕਰਨ ਹਫਤੇ ਦੌਰਾਨ ਜ਼ਿਲੇ ਭਰ ਦੇ ਸਾਰੇ ਸਲੱਮ ਇਲਾਕੇ, ਝੁੱਗੀ ਝੌਂਪੜੀਆਂ ਅਤੇ ਭੱਠਿਆਂ ਦੇ ਬੱਚਿਆਂ ਅਤੇ ਗਰਭਵਤੀ ਮਾਵਾਂ ਨੂੰ ਕਵਰ ਕੀਤਾ ਜਾਵੇਗਾ।ਇਸ ਤੋਂ ਇਲਾਵਾ ਬਲਾਕਾਂ ਦੇ ਸੀਨੀਅਰ ਮੈਡੀਕਲ ਅਫਸਰਾਂ ਇਨ੍ਹਾਂ ਕੈਂਪਾਂ ਦਾ ਨਿਰੀਖਣ ਕੀਤਾ ਜਾਵੇਗਾ ਤਾਂ ਜੋ ਟੀਕਾਕਰਨ ਪ੍ਰੋਗਰਾਮ ਦੇ ਟੀਚਿਆਂ ਨੂੰ 100 ਫ਼ੀਸਦੀ ਪ੍ਰਾਪਤ ਕੀਤਾ ਜਾਵੇ।ਇਸ ਮੌਕੇ ਜ਼ਿਲ੍ਹਾ ਐੱਮਈਆਈਓ ਅਮਰਦੀਪ ਸਿੰਘ ਨੇ ਕਿਹਾ ਕਿ ਇਸ ਵਿਸ਼ੇਸ਼ ਟੀਕਾਕਰਨ ਹਫ਼ਤੇ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਸਿਹਤ ਕਰਮੀਆਂ ਵੱਲੋਂ ਫੈਲਾਈ ਜਾ ਰਹੀ ਹੈ ਤਾਂ ਜੋ ਟੀਕਾਕਰਨ ਸਬੰਧੀ ਮਿਥੇ ਹੋਏ ਟੀਚੇ ਨੂੰ ਸਮੇਂ ਤੇ ਪ੍ਰਾਪਤ ਕੀਤਾ ਜਾਵੇ।

# ਬੰਸੀ ਲਾਲ ਨੂੰ ਸਦਮਾ, ਭਤੀਜੇ ਦਾ ਦਿਹਾਂਤ

ਛੇਹਰਟਾ, (ਮਨੋਜ ਕੁਮਾਰ)-ਗੁਜਰਾਤੀ ਦੇਵੀ ਪੂਜਕ ਸਮਾਜ ਦੇ ਪ੍ਰਧਾਨ ਬੰਸੀ ਲਾਲ ਨੂੰ ਬੀਤੇ ਦਿਨੀਂ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਭਤੀਜੇ ਸੁਨੀਲ ਵਾਸੀ ਗੁਜਰਾਤੀ ਕਾਲੋਨੀ, ਰਾਮ ਬਾਗ, ਅੰਮ੍ਰਿਤਸਰ ਦਾ ਦਿਲ ਦਾ ਦੌਰਾ ਪੈਣ ਨਾਲ ਅਚਾਨਕ ਦਿਹਾਂਤ ਹੋ ਗਿਆ। ਸੁਨੀਲ 29 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਮਾਤਾ-ਪਿਤਾ, ਪਤਨੀ, ਦੋ ਛੋਟੀਆਂ ਧੀਆਂ ਤੇ ਇਕ ਭਰਾ ਛੱਡ ਗਏ ਹਨ। ਵੱਖ-ਵੱਖ ਸਿਆਸੀ ਪਾਰਟੀਆਂ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਸੁਨੀਲ ਦੇ ਦਿਹਾਂਤ 'ਤੇ ਬੰਸੀ ਲਾਲ ਨਾਲ ਡੂੰਘਾ ਦੁੱਖ ਪ੍ਰਗਟ ਕਰਦੇ ਹੋਏ ਪੀੜਤ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ।



# ਬੜੇ ਉਤਸ਼ਾਹ ਨਾਲ ਮਨਾਇਆ ਪੁਤਲੀਘਰ ਵਿਖੇ ਪੈਨਸ਼ਨਰ ਦਿਹਾੜਾ

ਛੇਹਰਟਾ, ਖਾਸਾ (ਮਨੋਜ/ਸ਼ਸ਼ਪਾਲ ਸਿੰਘ) : ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਦੀ ਜ਼ਿਲ੍ਹਾ ਇਕਾਈ ਵੱਲੋਂ ਪੁਤਲੀਘਰ ਵਿਚ ਸਥਿਤ ਨਿੱਜੀ ਪੈਲੇਸ ਵਿਚ ਪੈਨਸ਼ਨਰ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਜਰਨੈਲ ਸਿੰਘ ਢਿੱਲੋਂ, ਨਰਿੰਦਰਪਾਲ ਚਮਿਆਰੀ ਤੇ ਰਮੇਸ਼ ਕੁਮਾਰ ਨੇ ਦੱਸਿਆ ਕਿ 17 ਦਸੰਬਰ 1982 ਨੂੰ ਮਾਣਯੋਗ ਅਦਾਲਤ ਦੇ ਫੈਸਲੇ ਅਨੁਸਾਰ ਮੁਲਾਜ਼ਮ ਨੂੰ ਪੈਨਸ਼ਨ ਮਿਲੀ। ਅਦਾਲਤ ਨੇ ਸਪਸ਼ਟ ਕੀਤਾ ਕਿ ਪੈਨਸ਼ਨ ਮੁਲਾਜ਼ਮ ਦਾ ਹੱਕ ਹੈ। ਨੌਕਰੀ ਕਰਦੇ ਸਮੇਂ ਤਨਖਾਹ ਸਰਕਾਰ ਵੱਲੋਂ ਘੱਟ ਦਿੱਤੀ ਜਾਂਦੀ ਹੈ। ਕੱਟੀ ਹੋਈ ਤਨਖਾਹ ਦੇ ਅਧਾਰ 'ਤੇ ਪੈਨਸ਼ਨ ਮਿਲਦੀ ਹੈ। ਇਸ ਦੌਰਾਨ ਫੈਸਲਾ ਕੀਤਾ ਗਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਪੈਨਸ਼ਨ ਵਿਰੋਧੀ ਨੀਤੀਆਂ ਲਾਗੂ ਨਹੀਂ ਹੋਣ ਦਿੱਤੀਆਂ ਜਾਣਗੀਆਂ। ਕਾਮਰੇਡ ਸੁੱਚਾ ਸਿੰਘ ਅਜਨਾਲਾ, ਪ੍ਰਿੰਸੀਪਲ ਕੇਵਲ ਸਿੰਘ ਤੇ ਸਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਜਲੀ ਬਿੱਲ ਤੇ ਸੀਡ ਬਿੱਲ 2025 ਜਦੋਂ ਪਾਰਲੀਮੈਂਟ ਵਿਚ ਪੇਸ਼ ਹੋਵੇਗਾ, ਉਸ ਤੋਂ ਅਗਲੇ ਦਿਨ ਰੇਲ ਦਾ ਚੱਕਾ ਜਾਮ ਕੀਤਾ ਜਾਵੇਗਾ। ਅੰਤ ਵਿਚ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਅਗਲੇ ਸਾਲ ਲਈ ਨਵੀਂ ਟੀਮ ਦਾ ਪੈਨਲ ਹਾਊਸ ਅੱਗੇ ਰੱਖਿਆ, ਜੋ ਸਰਬਸੰਮਤੀ ਨਾਲ ਪਾਸ ਹੋ ਗਿਆ। ਇਸ ਪੈਨਲ ਵਿਚ ਚੇਅਰਮੈਨ ਜਰਨੈਲ ਸਿੰਘ ਤੇ ਸੁੱਚਾ ਸਿੰਘ ਅਜਨਾਲਾ, ਪ੍ਰਧਾਨ ਨਰਿੰਦਰਪਾਲ ਚਮਿਆਰੀ, ਜਨਰਲ ਸਕੱਤਰ ਸਵਿੰਦਰ ਅਦਲੀਵਾਲ ਤੇ ਵਿੱਤ ਸਕੱਤਰ ਸਵਿੰਦਰ ਸਿੰਘ ਮੀਰਾਂਕੋਟ ਬਣਾਏ ਗਏ।




ਇਸ ਤੋਂ ਇਲਾਵਾ 10 ਮੀਤ ਪ੍ਰਧਾਨਾਂ ਤੇ 10 ਮੀਤ ਸਕੱਤਰਾਂ ਦੀ ਚੋਣ ਕੀਤੀ ਅਤੇ 6 ਅਹੁਦੇ ਖਾਲੀ ਰੱਖੇ ਗਏ ਜੋ ਬਾਅਦ ਵਿਚ ਭਰੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚਰਨਜੀਤ ਮਜੀਠਾ, ਜੀਤ ਰਾਜ, ਭੁਪਿੰਦਰਜੀਤ ਛੀਨਾ ਅਤੇ ਧਿਆਨ ਚੰਦ ਵੀ ਹਾਜ਼ਰ ਸਨ।

# ਪੰਚਾਇਤ ਸੰਮਤੀ ਦੇ 18 ਜ਼ੋਨਾਂ 'ਚ 17 'ਤੇ ਆਮ ਆਦਮੀ ਪਾਰਟੀ ਜੇਤੂ

## * ਕਾਂਗਰਸ ਨੂੰ ਇੱਕ ਸੀਟ 'ਤੇ ਸਬਰ ਕਰਨਾ ਪਿਆ, ਅਕਾਲੀ ਦਲ ਖਾਤਾ ਵੀ ਨਾ ਖੋਲ੍ਹ ਸਕਿਆ

ਧੂਰੀ, (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)-ਪੰਚਾਇਤ ਸੰਮਤੀ ਧੂਰੀ ਦੇ 11 ਜ਼ੋਨਾਂ ਦੀ ਹੋਈ ਵੋਟਾਂ ਦੀ ਗਿਣਤੀ ਦੌਰਾਨ 10 ਜ਼ੋਨਾਂ 'ਚ ਆਮ ਆਦਮੀ ਪਾਰਟੀ ਅਤੇ ਇੱਕ ਜ਼ੋਨ 'ਚ ਕਾਂਗਰਸ ਦੇ ਉਮੀਦਵਾਰ ਜੇਤੂ ਰਹੇ, ਜਦਕਿ ਪੰਚਾਇਤ ਸੰਮਤੀ ਧੂਰੀ ਦੇ ਕੁੱਲ 18 ਜ਼ੋਨਾਂ 'ਚ 17 ਜ਼ੋਨਾਂ 'ਚ ਸੱਤਾਧਾਰੀ ਧਿਰ ਦੇ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ, ਜਦੋਂਕਿ ਇਨ੍ਹਾਂ ਚੋਣਾਂ 'ਚ ਅਕਾਲੀ ਦਲ ਆਪਣਾ ਖਾਤਾ ਖੋਲ੍ਹਣ ਤੋਂ ਵੀ ਵਾਂਝਾ ਰਿਹਾ।ਜਾਣਕਾਰੀ ਅਨੁਸਾਰ ਪੰਚਾਇਤ ਸੰਮਤੀ ਦੇ ਜੋਨ ਕਾਂਝਲਾ 'ਚ ਸੱਤਾਧਾਰੀ ਪਾਰਟੀ ਦੇ ਰਣਜੋਧ ਸਿੰਘ, ਪੁੰਨਾਂਵਾਲ ਤੋਂ ਸਵਰਨਜੀਤ ਕੌਰ, ਜਹਾਂਗੀਰ ਤੋਂ ਹਰਜਿੰਦਰ ਕੌਰ, ਲੱਡਾ ਤੋਂ ਜਗਸੀਰ ਸਿੰਘ, ਬੇਨੜਾ ਤੋਂ ਕੁਲਵਿੰਦਰ ਸਿੰਘ, ਬਮਾਲ ਤੋਂ ਅਮਨਦੀਪ ਕੌਰ, ਬੱਬਨਪੁਰ ਤੋਂ ਕੁਰਸ਼ੈਦ, ਬਰੜ੍ਹਵਾਲ ਤੋਂ ਬਲਵਿੰਦਰ ਸਿੰਘ, ਭੋਜੋਵਾਲੀ ਤੋਂ ਰਾਣੋ, ਭਲਵਾਨ ਤੋਂ ਹਰਪ੍ਰੀਤ ਸਿੰਘ ਅਤੇ ਜ਼ੋਨ ਧੂਰਾ ਤੋਂ ਕਾਂਗਰਸ ਦੀ ਰਮਨਜੀਤ ਕੌਰ ਜੇਤੂ ਰਹੀ।ਦੱਸਣਯੋਗ ਹੈ ਕਿ ਪੰਚਾਇਤ ਸੰਮਤੀ ਦੇ ਜ਼ੋਨ ਨੱਤ ਤੋਂ ਸੱਤਾਧਾਰੀ ਧਿਰ ਦੀ ਜਸਵੀਰ ਕੌਰ, ਕੱਕੜਵਾਲ ਤੋਂ ਜਸਪਾਲ ਕੌਰ, ਈਸੜਾ ਤੋਂ ਰਣਜੀਤ ਸਿੰਘ, ਧਾਂਦਰਾ ਤੋਂ ਅਮਰਦੀਪ ਸਿੰਘ ਧਾਂਦਰਾ, ਢਢੋਗਲ ਤੋਂ ਮਨਪ੍ਰੀਤ ਕੌਰ, ਮੀਮਸਾ ਤੋਂ ਸੁਖਮਨਵੀਰ ਸਿੰਘ ਅਤੇ ਭੁੱਲਰਹੇੜੀ ਤੋਂ ਜਸਵਿੰਦਰ ਕੌਰ ਪਹਿਲਾਂ ਹੀ ਬਿਨਾਂ ਮੁਕਾਬਲਾ ਜੇਤੂ ਐਲਾਨੇ ਜਾ ਚੁੱਕੇ ਹਨ।ਸਥਾਨਕ ਮੁੱਖ ਮੰਤਰੀ ਕੈਂਪਸ ਦਫ਼ਤਰ 'ਚ ਮੁੱਖ ਮੰਤਰੀ ਦੇ ਓਐੱਸਡੀ ਸੁਖਵੀਰ ਸਿੰਘ, ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਅਤੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਐਲਾਨੇ ਨਤੀਜਿਆਂ ਵਿੱਚ ਆਪ ਦੇ ਜੇਤੂ ਰਹੇ ਉਮੀਦਵਾਰਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਵਕਫ਼ ਬੋਰਡ ਦੇ ਮੈਂਬਰ ਅਨਵਰ ਭਸੌੜ, ਐਡਵੋਕੇਟ ਹੈਪੀ ਗਰਗ, ਪੁਸ਼ਪਿੰਦਰ ਸ਼ਰਮਾ, ਨਰੇਸ਼ ਸਿੰਗਲਾ ਤੇ ਅਨਿਲ ਮਿੱਤਲ ਵੀ ਮੌਜੂਦ ਸਨ।



# ਲਿਵਾਸਾ ਹਸਪਤਾਲ ਅੰਮ੍ਰਿਤਸਰ ਵੱਲੋਂ ਨੈਫਰੋਲੋਜੀ ਅਤੇ ਬ੍ਰੇਨ ਓ ਪੀ ਡੀ ਸ਼ੁਰੂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਲਿਵਾਸਾ ਹਸਪਤਾਲ ਅੰਮ੍ਰਿਤਸਰ ਨੇ ਮੰਗਲਵਾਰ ਨੂੰ ਅਟਾਰੀ ਅਤੇ ਫਤਿਹਗੜ੍ਹ ਚੂੜੀਆਂ ਵਿਖੇ ਕ੍ਰਮਵਾਰ ਨੈਫਰੋਲੋਜੀ ਅਤੇ ਬ੍ਰੇਨ ਐਂਡ ਸਪਾਈਨ ਓਪੀਡੀ ਦਾ ਐਲਾਨ ਕੀਤਾ ਹੈ। ਸੀਈਓ ਲਿਵਾਸਾ ਹਸਪਤਾਲ ਅਨੁਰਾਗ ਯਾਦਵ ਨੇ ਕਿਹਾ ਕਿ ਮਾਹਿਰਾਂ ਦੀ ਉਪਲਬਧਤਾ, ਛੇਤੀ ਰੋਗ ਨਿਧਾਨ ਅਤੇ ਘਰ ਦੇ ਨੇੜੇ ਸਮੇਂ ਸਿਰ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਲਈ ਓਪੀਡੀ ਸ਼ੁਰੂ ਕੀਤੀ ਗਈ ਹੈ।



ਨਿਊਰੋਸਰਜਨ ਡਾ. ਅਮਨਜੋਤ ਸਿੰਘ ਬੋਪਾਰਾਏ ਹਰ ਮਹੀਨੇ ਦੇ ਦੂਜੇ ਅਤੇ ਚੌਥੇ ਮੰਗਲਵਾਰ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਬਾਬਾ ਦੀਪ ਸਿੰਘ ਨਰਸਿੰਗ ਹੋਮ, ਅਟਾਰੀ ਵਿਖੇ ਬ੍ਰੇਨ ਐਂਡ ਸਪਾਈਨ ਓਪੀਡੀ ਲਈ ਉਪਲਬਧ ਰਹਿਣਗੇ। ਸਲਾਹਕਾਰ ਨੈਫਰੋਲੋਜੀ ਅਤੇ ਕਿਡਨੀ ਟ੍ਰਾਂਸਪਲਾਂਟ ਫਿਜ਼ੀਸ਼ੀਅਨ ਡਾ. ਰਾਧਿਕਾ ਗਰਗ ਹਰ ਮੰਗਲਵਾਰ ਨੂੰ ਦੁਪਹਿਰ 12 ਵਜੇ ਤੋਂ ਦੁਪਹਿਰ 2 ਵਜੇ ਤੱਕ ਬੀਬੀ ਕੌਲਨ ਹਸਪਤਾਲ, ਫਤਿਹਗੜ੍ਹ ਚੂੜੀਆਂ ਵਿਖੇ ਕਿਡਨੀ ਅਤੇ ਨੈਫਰੋਲੋਜੀ ਓਪੀਡੀ ਲਈ ਉਪਲਬਧ ਰਹਿਣਗੇ।

ਫੈਸਿਲਟੀ ਡਾਇਰੈਕਟਰ ਲਿਵਾਸਾ ਹਸਪਤਾਲ ਅੰਮ੍ਰਿਤਸਰ, ਦਿਵਿਆ ਪ੍ਰਸ਼ਾਂਤ ਬਜਾਜ ਨੇ ਦੱਸਿਆ ਕਿ ਉਹ ਓਪੀਡੀ ਰਾਹੀਂ ਕਿਡਨੀ, ਬ੍ਰੇਨ ਅਤੇ ਰੀੜ੍ਹ ਦੀ ਹੱਡੀ ਦੀਆਂ ਬਿਮਾਰੀਆਂ ਲਈ ਮਾਹਰ ਸਲਾਹ ਪ੍ਰਦਾਨ ਕਰਨਗੇ।

# ਹਲਕਾ ਇੰਚਾਰਜ ਤਰੁਣਜੀਤ ਸਿੰਘ ਸੰਧੂ ਦਾ ਕਟੜਾ ਸੰਤ ਸਿੰਘ ਪ੍ਰੁੱਜਣ 'ਤੇ ਜ਼ੋਰਦਾਰ ਸਵਾਗਤ

ਛੇਹਰਟਾ, (ਮਨੋਜ ਕੁਮਾਰ)-ਅਮਰੀਕਾ 'ਚ ਭਾਰਤ ਦੇ ਰਾਜਦੂਤ ਰਹੇ ਤੇ ਅੰਮ੍ਰਿਤਸਰ ਲੋਕ ਸਭਾ ਹਲਕਾ ਤੋਂ ਭਾਜਪਾ ਦੇ ਇੰਚਾਰਜ ਤਰੁਣਜੀਤ ਸਿੰਘ ਸੰਧੂ ਦਾ ਕਟੜਾ ਸੰਤ ਸਿੰਘ ਪ੍ਰੁੱਜਣ 'ਤੇ ਮੰਡਲ ਪ੍ਰਧਾਨ ਰੋਮੀ ਚੋਪੜਾ ਦੀ ਅਗਵਾਈ ਵਿਚ ਆਮ ਜਨਤਾ, ਦੁਕਾਨਦਾਰਾਂ ਤੇ ਪਾਰਟੀ ਵਰਕਰਾਂ ਨੇ ਜ਼ੋਰਦਾਰ ਸਵਾਗਤ ਕੀਤਾ। ਇਸ ਮੌਕੇ ਮੰਡਲ ਦੇ ਮੀਤ ਪ੍ਰਧਾਨ ਰਾਕੇਸ਼ ਮੰਨਾ ਦੇ ਨਿਵਾਸ ਸਥਾਨ 'ਤੇ ਤਰੁਣਜੀਤ ਸਿੰਘ ਸੰਧੂ ਨੇ ਪਾਰਟੀ ਵਰਕਰਾਂ, ਆਮ ਜਨਤਾ ਤੇ ਦੁਕਾਨਦਾਰਾਂ ਨਾਲ ਵਿਚਾਰ ਚਰਚਾ ਦੌਰਾਨ ਕਿਹਾ ਕਿ ਗੁਰੂ ਨਗਰੀ ਦੇ ਵਿਕਾਸ ਲਈ ਉਹ ਕੇਂਦਰ ਸਰਕਾਰ ਤੋਂ ਵਿਸ਼ੇਸ਼ ਗ੍ਰਾਂਟ ਲੈ ਕੇ ਆਉਣਗੇ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅੰਮ੍ਰਿਤਸਰ ਦਾ ਵਿਕਾਸ ਸਿਰਫ਼ ਉਸ ਸਮੇਂ ਹੋਇਆ ਸੀ ਜਦੋਂ ਕੇਂਦਰ 'ਚ ਭਾਜਪਾ ਤੇ ਸੂਬੇ 'ਚ ਪਾਰਟੀ ਦੀ ਗਠਜੋੜ ਵਾਲੀ ਸਰਕਾਰ ਸੀ। ਉਨ੍ਹਾਂ ਕਿਹਾ ਕਿ ਉਸ ਤੋਂ ਬਾਅਦ ਸ਼ਹਿਰ ਵਿਚ ਵਿਕਾਸ ਦੇ ਨਾਂ 'ਤੇ ਇਕ ਇੱਟ ਵੀ ਨਹੀਂ ਲੱਗੀ। ਸੰਧੂ ਨੇ ਕਿਹਾ ਕਿ ਜਿਨ੍ਹਾਂ ਲੀਡਰਾਂ ਨੂੰ ਗੁਰੂ ਨਗਰੀ ਦੇ ਲੋਕਾਂ ਨੇ ਜਿੱਤਾ ਕੇ ਐੱਮ. ਪੀ. ਤੇ ਵਿਧਾਇਕ ਬਣਾਇਆ ਹੈ, ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਸ਼ਹਿਰ ਦੇ ਵਿਕਾਸ ਲਈ ਕੁਝ ਕਰਦੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਲੋਕ ਨਾਖੁਸ਼ ਹਨ ਤੇ ਬੇਸਬਰੀ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਉਡੀਕ ਰਹੇ ਹਨ, ਤਾਂ ਜੋ ਵਿਕਾਸ ਲਈ ਸੂਬੇ ਵਿਚ ਭਾਜਪਾ ਦੀ ਸਰਕਾਰ ਬਣਾ ਸਕਣ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਸਿਰਫ਼ ਭਾਜਪਾ ਤੋਂ ਹੀ ਉਮੀਦ ਦੀ ਕਿਰਨ ਨਜ਼ਰ ਆ ਰਹੀ ਹੈ। ਰੋਮੀ ਚੋਪੜਾ ਨੇ ਕਟੜਾ ਸੰਤ ਸਿੰਘ ਪ੍ਰੁੱਜਣ ਲਈ ਤਰੁਣਜੀਤ ਸਿੰਘ ਸੰਧੂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਆਮ ਜਨਤਾ ਤੇ ਦੁਕਾਨਦਾਰਾਂ ਨੇ ਖੁੱਲ੍ਹ ਕੇ ਤਰੁਣਜੀਤ ਸਿੰਘ ਸੰਧੂ ਨਾਲ ਚਰਚਾ ਕੀਤੀ ਅਤੇ ਉਮੀਦ ਪ੍ਰਗਟਾਈ ਹੈ ਕਿ ਉਹ ਗੁਰੂ ਨਗਰੀ ਦੇ ਵਿਕਾਸ ਲਈ ਜ਼ਰੂਰ ਕੇਂਦਰ ਸਰਕਾਰ ਤਕ ਪਹੁੰਚ ਕਰਨਗੇ। ਇਸ ਮੌਕੇ ਭਾਜਪਾ ਆਗੂ ਡਾ. ਰਾਮ ਚਾਵਲਾ, ਰਾਕੇਸ਼ ਮੰਨਾ, ਮਦਨ ਲਾਲ, ਇੰਦਰਪਾਲ ਆਰੀਆ, ਅਰੁਣ ਸ਼ਰਮਾ, ਭਜਨ ਲਾਲ, ਸੁਸ਼ੀਲ ਭੱਲਾ, ਹਰੀਸ਼, ਹਰੀਓਮ, ਪ੍ਰਿਥਵੀ ਅਗਰਵਾਲ, ਅਜੇ, ਭੋਲਾ, ਅਨਿਲ ਮਹਿਰਾ, ਵਿੱਕੀ ਮਹਿਰਾ, ਪ੍ਰਭਾਤ ਮਲਹੋਤਰਾ, ਅਤੁੱਲ ਵਰਮਾ, ਟਹਿਲ ਸਿੰਘ, ਵਰਿਆਮ ਸਿੰਘ, ਦਵਿੰਦਰ ਚਾਵਲਾ, ਸੰਦੀਪ ਧਵਨ, ਰਾਕੇਸ਼ ਮਲਹੋਤਰਾ, ਨਿਪੁੰਨ ਸ਼ਰਮਾ ਆਦਿ ਮੌਜੂਦ ਸਨ।



ਜਨਮ ਦਿਨ ਮੁਬਾਰਕ



ਫਰਮਾਨ ਸ਼ਰਮਾ, ਰਮਪੁਰਾ ਫੂਲ

ਵਰ੍ਹੇਗੰਢ ਮੁਬਾਰਕ



ਹਰਵਿੰਦਰ ਸਿੰਘ ਭੁੰਗਰਨੀ ਅਤੇ ਜਸਵੀਰ ਕੌਰ ਸਹਿਗਲ ਵਾਸੀ ਭੁੰਗਰਨੀ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਵਿਆਹ ਦੀ 28ਵੀਂ ਵਰ੍ਹੇਗੰਢ ਮਨਾਈ

# ਪੁਲਸ ਨੇ ਅੰਨ੍ਹੇ ਕਤਲ ਦੀ ਗੁੱਥੀ ਨੂੰ 24 ਘੰਟੇ 'ਚ ਸੁਲਝਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਨੇ ਨਵਾਂਸ਼ਹਿਰ ਵਪਾਰ ਮੰਡਲ ਦੇ ਵਾਇਸ ਪ੍ਰਧਾਨ ਰਵਿੰਦਰ ਸੋਬਤੀ ਦੇ ਅੰਨੇ ਕਤਲ ਦੀ ਗੁੱਥੀ ਨੂੰ ਸਫਲਤਾ ਪੂਰਵਕ ਸੁਲਝਾਉਦੇ ਹੋਏ 5 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਵਾਰਦਾਤ ਵਿੱਚ ਵਰਤੇ ਗਏ ਦਾਤਰ, ਦਾਤਰੀ ਅਤੇ ਇੱਕ ਮੋਟਰਸਾਈਕਲ ਨੂੰ ਬ੍ਰਾਮਦ ਕੀਤਾ ਗਿਆ।ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਤੁਸ਼ਾਰ ਗੁਪਤਾ, ਸੀਨੀਅਰ ਕਪਤਾਨ ਪੁਲਸ, ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਮਿਤੀ 12-12-2025 ਨੂੰ ਰਾਤ ਕਰੀਬ 09:00 ਵਜੇ ਜਦੋਂ ਰਵਿੰਦਰ ਸੋਬਤੀ ਘਰ ਨਹੀਂ ਆਇਆ ਤਾਂ ਇਸ ਦੇ ਲੜਕੇ ਸੁਮਿਤ ਸੋਬਤੀ ਨੇ ਥਾਣਾ ਸਿਟੀ ਨਵਾਂਸ਼ਹਿਰ ਜਾ ਕੇ ਪੁਲਸ ਨੂੰ ਇਤਲਾਹ ਦਿੱਤੀ, ਜਿਸਤੇ ਤੁਰੰਤ ਕਾਰਵਾਈ ਕਰਦੇ ਹੋਏ ਉਪ ਕਪਤਾਨ ਪੁਲਿਸ, ਸਬ-ਡਵੀਜਨ ਨਵਾਂਸ਼ਹਿਰ ਨੇ ਰਵਿੰਦਰ ਸੋਬਤੀ ਦੇ ਫੋਨ ਦੀ ਲੁਕੇਸ਼ਨ ਲਈ, ਜੋ ਬਲਾਚੌਰ ਦੀ ਆ ਰਹੀ ਸੀ, ਜਿਸ ਤੇ ਉਪ ਕਪਤਾਨ ਪੁਲਿਸ, ਸਬ-ਡਵੀਜਨ ਨਵਾਂਸ਼ਹਿਰ ਵੱਲੋਂ ਮੁੱਖ ਅਫਸਰ ਥਾਣਾ ਸਿਟੀ ਬਲਾਚੌਰ ਨਾਲ ਤਾਲਮੇਲ ਕੀਤਾ ਤੇ ਉਸ ਲੁਕੇਸ਼ਨ ਤੇ ਬਲਾਚੌਰ ਪੁਲਸ ਨੂੰ ਭੇਜਿਆ ਤੇ ਆਪ ਵੀ ਸੁਮਿਤ ਸੋਬਤੀ, ਉਸ ਦੇ ਦੋਸਤਾਂ ਅਤੇ ਪਰਵਾਰਿਕ ਮੈਂਬਰਾਂ ਨੂੰ ਨਾਲ ਲੈ ਕੇ ਉਸ ਸਥਾਨ ਤੇ ਰਵਾਨਾ ਹੋਏ, ਜਿਸਤੇ ਉਸ ਸਥਾਨ ਪਰ ਰਵਿੰਦਰ ਸੋਬਤੀ ਦੀ ਗੱਡੀ ਅਤੇ ਰਵਿੰਦਰ ਸੋਬਤੀ ਦੀ ਅੱਧ ਸੜੀ ਲਾਸ਼ ਗੱਡੀ ਵਿੱਚ ਪਈ ਸੀ, ਸੀਨੀਅਰ ਅਫਸਰ ਵੀ ਮੌਕੇ ਤੇ ਪਹੁੰਚ ਗਏ ਤੇ ਸੁਮਿਤ ਸੋਬਤੀ ਪੁੱਤਰ ਰਵਿੰਦਰ ਸੋਬਤੀ ਵਾਸੀ ਮਕਾਨ ਨੰਬਰ 16 ਨੇੜੇ ਨਾਰੰਗ ਮਾਰਕੀਟ ਰੇਲਵੇ ਰੋਡ ਨਵਾਂਸ਼ਹਿਰ ਦੇ ਬਿਆਨਾਂ ਤੇ ਮੁਕੱਦਮਾ ਥਾਣਾ ਸਿਟੀ ਬਲਾਚੌਰ ਵਿਖੇ ਦਰਜ ਰਜਿਸਟਰ ਕਰਕੇ ਮੁੱਢਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।ਮੁਕੱਦਮਾ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਦੋਸ਼ੀਆਂ ਨੂੰ ਟਰੇਸ ਕਰਨ ਲਈ ਕਪਤਾਨ ਪੁਲਿਸ (ਜਾਂਚ), ਸ਼ਹੀਦ ਭਗਤ ਸਿੰਘ ਨਗਰ ਦੀ ਦੇਖਰੇਖ ਹੇਠ ਉਪ ਕਪਤਾਨ ਪੁਲਿਸ, ਸਬ-ਡਵੀਜਨ ਬਲਾਚੌਰ, ਉਪ ਕਪਤਾਨ ਪੁਲਿਸ, ਸਬ-ਡਵੀਜਨ ਨਵਾਂਸ਼ਹਿਰ, ਇੰਚਾਰਜ ਸੀ.ਆਈ.ਏ ਸਟਾਫ, ਮੁੱਖ ਅਫਸਰ ਥਾਣਾ ਸਿਟੀ ਬਲਾਚੌਰ ਅਤੇ ਮੁੱਖ ਅਫਸਰ ਥਾਣਾ ਸਿਟੀ ਨਵਾਂਸ਼ਹਿਰ ਤੇ ਅਧਾਰਿਤ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ। ਇਹਨਾਂ ਟੀਮਾਂ ਵੱਲੋਂ ਹੇਠ ਲਿਖੇ ਦੋਸ਼ੀਆ ਨੂੰ ਟਰੇਸ ਕਰਕੇ ਗ੍ਰਿਫਤਾਰ ਕੀਤਾ ਗਿਆ:-1. ਸੁਰਜੀਤ ਸਿੰਘ ਉਰਫ ਜੱਸੀ ਪੁੱਤਰ ਪਰਮਾਨੰਦ ਵਾਸੀ ਬਰਿਆਰਪੁਰ ਪਟਨਾ (ਬਿਹਾਰ) ਹਾਲ ਵਾਸੀ ਕਿਰਾਏਦਾਰ ਰਵਿੰਦਰ ਸੋਬਤੀ, ਨਵਾਂਸ਼ਹਿਰ ਥਾਣਾ ਸਿਟੀ ਨਵਾਂਸ਼ਹਿਰ 2. ਮਨੀ ਪੁੱਤਰ ਵਿਨੋਦ ਭਗਤ ਵਾਸੀ ਪੁਨੂੰ ਮਜਾਰਾ ਥਾਣਾ ਸਿਟੀ ਨਵਾਂਸ਼ਹਿਰ 3. ਚਰਨਜੀਤ ਸਿੰਘ ਉਰਫ ਮਨੀ ਪੁੱਤਰ ਰਘਵੀਰ ਸਿੰਘ ਵਾਸੀ ਪੁਨੂੰ ਮਜਾਰਾ ਥਾਣਾ ਸਿਟੀ ਨਵਾਂਸ਼ਹਿਰ 4. ਸੋਨਮ ਦੇਵੀ ਪਤਨੀ ਲਵਕੁਸ਼ ਉਰਫ ਲਵਦਾਸ ਵਾਸੀ ਨੇੜੇ ਆਹਲੂਵਾਲੀਆ ਫਾਰਮ ਮਹਾਲੋ ਥਾਣਾ ਸਿਟੀ ਨਵਾਂਸ਼ਹਿਰ। ਤਫਤੀਸ਼ ਦੌਰਾਨ ਸਾਹਮਣੇ ਆਇਆ ਕਿ ਸੋਨਮ ਜੋ ਮ੍ਰਿਤਕ ਰਵਿੰਦਰ ਸੋਬਤੀ ਦੇ ਘਰ ਕੰਮ ਕਰਦੀ ਸੀ, ਸੋਨਮ



ਨੇ ਆਪਣੇ ਜੀਜੇ ਸੁਰਜੀਤ ਸਿੰਘ ਉਰਫ ਜੱਸੀ ਨੂੰ ਦੱਸਿਆ ਸੀ ਕਿ ਰਵਿੰਦਰ ਸੋਬਤੀ ਉਸਨੂੰ ਫਿਜੀਕਲ ਸਬੰਧ ਬਣਾਉਣ ਲਈ ਤੰਗ ਪ੍ਰੇਸ਼ਾਨ ਕਰਦਾ ਹੈ, ਜਿਸਤੇ ਵਾਰਦਾਤ ਤੋਂ 02 ਦਿਨ ਪਹਿਲਾਂ ਸੁਰਜੀਤ ਸਿੰਘ ਉਰਫ ਜੱਸੀ ਨੇ ਆਪਣੀ ਸਾਲੀ ਸੋਨਮ ਨੂੰ ਤੰਗ ਪ੍ਰੇਸ਼ਾਨ ਕਰਨ ਸਬੰਧੀ ਰਵਿੰਦਰ ਸੋਬਤੀ ਨਾਲ ਗੱਲਬਾਤ ਕੀਤੀ ਕਿ ਤੂੰ ਰਾਤ ਸਮੇਂ ਆਪਣੇ ਘਰ ਵਿੱਚ ਮੇਰੀ ਸਾਲੀ ਨਾਲ ਛੇੜਖਾਨੀ ਅਤੇ ਪ੍ਰੇਸ਼ਾਨ ਕਰਦਾ ਹੈ, ਜਿਸ ਤੇ ਰਵਿੰਦਰ ਸੋਬਤੀ ਨੇ ਉਸਨੂੰ ਧਮਕੀ ਦਿੱਤੀ ਕਿ ਤੂੰ ਐਦਾ ਦੀਆਂ ਗੱਲਾਂ ਕਰਨੀਆਂ ਹਨ ਤਾਂ ਮੇਰਾ ਮਕਾਨ ਖਾਲੀ ਕਰ ਦਿਓ, ਮੈਂ ਤਾਂ ਐਦਾਂ ਹੀ ਕਰਦਾ ਹਾਂ, ਜਿਸਤੇ ਸੁਰਜੀਤ ਸਿੰਘ ਉਰਫ ਜੱਸੀ ਦਾ ਰਵਿੰਦਰ ਸੋਬਤੀ ਨਾਲ ਝਗੜਾ ਹੋ ਗਿਆ ਅਤੇ ਰਵਿੰਦਰ ਸੋਬਤੀ ਨੇ ਇਹਨਾਂ ਨੂੰ ਗਾਲ੍ਹਾਂ ਵੀ ਕੱਢੀਆ। ਇਸੇ ਰੰਜਸ਼ ਕਰਕੇ ਇਹਨਾਂ ਨੇ ਪਲਾਨਿੰਗ ਕੀਤੀ ਅਤੇ ਸੁਰਜੀਤ ਸਿੰਘ ਨੇ ਆਪਣੀ ਸਾਲੀ ਨੂੰ ਕਿਹਾ ਕਿ ਤੂੰ ਦੁਪਹਿਰ ਨੂੰ ਮਹਾਲੋਂ ਘਰ ਆ ਜਾਈ, ਸ਼ਾਮ ਨੂੰ ਜਦੋਂ ਇਹ ਤੈਨੂੰ ਲੈਣ ਆਏਗਾ ਤਾਂ ਇਸ ਨੂੰ ਆਪਾ ਰੇਲਵੇ ਕਰਾਸਿੰਗ ਲਾਗੇ ਅੰਡਰ ਬ੍ਰਿਜ ਕੋਲ, ਜਿੱਥੇ ਰਾਤ ਨੂੰ ਸੁੰਨੀ ਜਗ੍ਹਾਂ ਹੁੰਦੀ ਹੈ, ਉੱਥੇ ਕੋਈ ਵੀ ਨਹੀਂ ਹੁੰਦਾ, ਉੱਥੇ ਆਪਾ ਇਸਨੂੰ ਮਾਰ ਦੇਵਾਂਗੇ। ਮੈਂ ਆਪਣੇ ਦੋਸਤਾਂ ਨੂੰ ਨਾਲ ਲੈ ਕੇ ਆਵਾਂਗਾ, ਉੱਥੇ ਇਸਨੂੰ ਮਾਰ ਕੇ ਇਸਦੀ ਗੱਡੀ ਅਤੇ ਇਸ ਤੇ ਪੈਟਰੋਲ ਪਾ ਕੇ ਅੱਗ ਲਗਾ ਦਵਾਂਗੇ, ਕਿਸੇ ਨੂੰ ਕੁੱਝ ਪਤਾ ਨਹੀਂ ਲੱਗਣਾ ਕਿ ਗੱਡੀ ਨੂੰ ਅੱਗ ਲੱਗੀ ਹੈ ਜਾਂ ਇਸਨੂੰ ਮਾਰਿਆ ਹੈ। ਫਿਰ ਇਹਨਾਂ ਸਾਰਿਆਂ ਨੇ ਪਲਾਨਿੰਗ ਮੁਤਾਬਿਕ ਉਸ ਸਥਾਨ ਤੇ ਰਵਿੰਦਰ ਸੋਬਤੀ ਨੂੰ ਸੱਦਿਆਂ ਅਤੇ ਉੱਥੇ ਇਸ ਨੂੰ ਮਾਰ ਕੇ ਬਲਾਚੌਰ ਲਿਜਾ ਕੇ ਇਸ ਦੀ ਗੱਡੀ ਤੇ ਅਤੇ ਇਸ ਤੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ।ਤਫਤੀਸ਼ ਦੌਰਾਨ ਦੋਸ਼ੀਆਂ ਦੇ ਫਰਦ ਇਕਸ਼ਾਫ ਤੇ ਜੁਵਨਾਈਲ ਨੂੰ ਮੁਕੱਦਮਾ ਵਿੱਚ ਦੋਸ਼ੀ ਨਾਮਜਦ ਕਰਕੇ ਮਿਤੀ 15-12-2025 ਨੂੰ ਐਪਰੀਹੈਂਡ ਕੀਤਾ ਗਿਆ।

# ਗੋਲੀਆਂ ਮਾਰ ਕੇ ਨੌਜਵਾਨ ਦਾ ਕਤਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਵਿੱਚ ਇੱਕ ਨੌਜਵਾਨ ਦਾ ਗੋਲੀਆਂ ਮਾਰ ਕੇ ਸ਼ਰੇਆਮ ਕਤਲ ਕਰ ਦਿੱਤਾ ਗਿਆ। ਦੱਸਿਆ ਜਾਂਦਾ ਹੈ ਕਿ ਹੁਸ਼ਿਆਰਪੁਰ ਦਸੂਹਾ ਰੋਡ 'ਤੇ ਸਥਿਤ ਪਿੰਡ ਕੰਗਮਾਈ ਦਾ ਰਹਿਣ ਵਾਲਾ ਉਕਤ ਨੌਜਵਾਨ ਅਬਦੁਲ ਮੁਹੰਮਦ ਉਮਰ ਕਰੀਬ 20-22 ਸਾਲ ਜਿਮ ਨੂੰ ਜਾਣ ਵਾਸਤੇ ਘਰੋਂ ਨਿਕਲਿਆ ਸੀ ਅਤੇ ਜਦੋਂ ਹੀ ਹਰਿਆਣਾ ਦੇ ਪੁਲ ਕੋਲ ਪਹੁੰਚਿਆ ਤਾਂ ਪਿੱਛੋਂ ਆਏ ਕਾਰ ਸਵਾਰ ਨੌਜਵਾਨਾਂ ਨੇ ਉਸ ਉੱਪਰ ਫਾਇਰਿੰਗ ਕਰ ਦਿੱਤੀ। ਦੱਸਿਆ ਜਾਂਦਾ ਹੈ ਕਿ ਅਣਪਛਾਤੇ ਨੌਜਵਾਨਾਂ ਵੱਲੋਂ ਉਸ ਉਪਰ 10 ਰਾਊਂਡ ਫਾਇਰ ਕੀਤੇ ਗਏ ਜਿਨਾਂ ਵਿੱਚੋਂ ਚਾਰ ਪੰਜ ਗੋਲੀਆਂ ਉਸਦੇ ਸਰੀਰ ਵਿੱਚ ਲੱਗੀਆਂ ਦੱਸੀਆਂ ਜਾਂਦੀਆਂ ਹਨ । ਜਿਸ ਕਾਰਨ ਉਸ ਨੂੰ ਤੁਰੰਤ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਲਿਜਾਇਆ ਗਿਆ ਇਥੇ ਡਾਕਟਰਾਂ ਨੇ ਉਸ ਮ੍ਰਿਤਕ ਕਰਾਰ ਦੇ ਦਿੱਤਾ ਅਤੇ ਉਹਦੀ ਮ੍ਰਿਤਕ ਦੇਹ ਪੋਸਟਮਾਰਟਮ ਲਈ ਭੇਜ ਦਿੱਤੀ ਗਈ। ਥਾਣਾ ਹਰਿਆਣਾ ਪੁਲਿਸ ਮੌਕੇ 'ਤੇ



ਪਹੁੰਚ ਗਈ, ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਦੱਸਿਆ ਜਾਂਦਾ ਹੈ ਕਿ ਇਸ ਘਟਨਾ ਦਾ ਚਸ਼ਮਦੀਦ ਗਵਾਹ ਮ੍ਰਿਤਕ ਨੌਜਵਾਨ ਦੇ ਚਾਚੇ ਦਾ ਲੜਕਾ ਹੈ ਜਿਸ ਨੇ ਇਸ ਘਟਨਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਮਲਾਵਰ ਪਿਛਿਓ ਕਾਰ ਤੇ ਸਵਾਰ ਹੋ ਕੇ ਆਏ ਸਨ ਜਿਨਾਂ ਨੇ ਹਰਿਆਣੇ ਦੇ ਪੁਲ ਨਜ਼ਦੀਕ ਅਬਦੁਲ ਮੁਹੰਮਦ ਉਪਰ ਕਾਤਲਾਨਾ ਹਮਲਾ ਕੀਤਾ ਜਿਸ ਦੌਰਾਨ ਉਸ ਦੀ ਮੌਤ ਹੋ ਗਈ ।

# ਬੰਗਾ 'ਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ 'ਤੇ 'ਆਪ' ਭਾਰੂ

**ਬੰਗਾ (ਅਵਤਾਰ ਕਲੇਰ)**

ਬੰਗਾ ਹਲਕੇ ਤੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਨਤੀਜੇ ਆ ਚੁੱਕੇ ਹਨ। ਬੰਗਾ ਹਲਕੇ ਤੋਂ ਜ਼ਿਲ੍ਹਾ ਪ੍ਰੀਸ਼ਦ 3 ਆਪ ਅਤੇ 1 ਕਾਂਗਰਸ ਉਮੀਦਵਾਰ ਜੇਤੂ ਰਹੇ। ਬਲਾਕ ਸੰਮਤੀ 'ਚ ਵੀ ਆਪ ਦਾ ਬਹੁਮਤ। ਬੰਗਾ ਹਲਕੇ ਦੇ ਜ਼ਿਲ੍ਹਾ ਪ੍ਰੀਸ਼ਦ ਜੋਨ ਕੁਲਥਮ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਬਿਮਲਾ ਦੇਵੀ ਧਰਮ ਪਤਨੀ ਕਮਲਜੀਤ ਬੰਗਾ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਬੀਬੀ ਸ਼ਾਰਦਾ ਰਾਣੀ ਨੂੰ ਹਰਾਇਆ। ਜ਼ਿਲ੍ਹਾ ਪ੍ਰੀਸ਼ਦ ਜੋਨ ਬਾਹੜੋਵਾਲ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਜੰਡਿਆਲਾ ਨੇ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਕਮਲਜੀਤ ਕੌਰ ਚੇਤਾ ਨੂੰ ਹਰਾਇਆ। ਜ਼ਿਲ੍ਹਾ ਪ੍ਰੀਸ਼ਦ ਖਟਕੜ ਕਲਾਂ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਰਮਜੀਤ ਕੌਰ ਜੇਤੂ ਰਹੇ।ਮੁਕੰਦਪੁਰ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੋਹਣ ਲਾਲ ਢੰਡਾ ਨੇ ਕਾਂਗਰਸ ਪਾਰਟੀ ਦੇ ਉਮੀਦਵਾਰ ਰਾਮਦਾਸ ਸਿੰਘ ਨੂੰ ਹਰਾਇਆ।ਬਲਾਕ ਸੰਮਤੀ ਖੋਥੜਾਂ ਜੋਨ ਤੋਂ ਬਸਪਾ ਦੇ ਉਮੀਦਵਾਰ ਬੀਬੀ ਰੇਖਾ ਰਾਣੀ ਜੇਤੂ ਰਹੇ। ਮੇਹਲੀ ਜੋਨ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਰਜਨੀ ਦੇਵੀ ਜੇਤੂ ਰਹੇ। ਕੁਲਥਮ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਵੀ ਕੁਮਾਰ ਜੇਤੂ ਰਹੇ। ਸੰਧਵਾਂ ਜੋਨ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਅਮਨਪ੍ਰੀਤ ਕੌਰ ਜੇਤੂ ਰਹੇ। ਬੀਸਲਾ ਜੋਨ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਗੁਰਦੀਪ ਕੌਰ



ਜੇਤੂ ਰਹੇ। ਘੁੰਮਣਾ ਜੋਨ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਪ੍ਰੀਤੀ ਸਪਰੂ ਜੇਤੂ ਰਹੇ। ਬਹਿਰਾਮ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਪਾਲ ਜੇਤੂ ਰਹੇ। ਪਠਲਾਵਾ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਜੇਤੂ ਰਹੇ। ਲਧਾਣਾ ਝਿੱਕਾ ਜੋਨ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬੀਬੀ ਪਰਮਿੰਦਰ ਕੌਰ ਜੇਤੂ ਰਹੇ। ਚੱਕ ਬਿਲਗਾ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਤਿੰਦਰ ਕੌਰ ਕਲੇਰ ਜੇਤੂ ਰਹੇ। ਹੀਓਂ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਨੇਕ ਸਿੰਘ ਜੇਤੂ ਰਹੇ। ਗੋਸਲਾਂ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਤਾਰ ਚੱਕ ਕਲਾਲ ਜੇਤੂ ਰਹੇ। ਜਗਤਪੁਰ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਾਹੁਲ ਕਪਲ ਖਾਨਖਾਨਾ ਜੇਤੂ ਰਹੇ। ਬਾਹੜੋਵਾਲ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਮਲਾ ਦੇਵੀ ਜੇਤੂ ਰਹੇ। ਕਟਾਰੀਆਂ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਵਰਨ ਸਿੰਘ ਲਾਦੀਆਂ ਜੇਤੂ ਰਹੇ। ਭਰੋਮਜਾਰਾ ਜੋਨ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਮਨਪ੍ਰੀਤ ਕੌਰ ਭਰੋਮਜਾਰਾ ਜੇਤੂ ਰਹੇ। ਖਟਕੜ ਕਲਾਂ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਛਪਾਲ ਸਿੰਘ ਪਾਲਾ ਜੇਤੂ ਰਹੇ। ਘਟਾਰੋਂ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬੀਬੀ ਨੀਲਮ ਕੁਮਾਰੀ ਜੇਤੂ ਰਹੇ। ਹਕੀਮਪੁਰ ਜੋਨ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜੁਝਾਰ ਸਿੰਘ ਰਹਿਪਾ ਜੇਤੂ ਰਹੇ। ਮੁਕੰਦਪੁਰ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੀਨਾ ਕੁਮਾਰੀ ਜੇਤੂ ਰਹੇ। ਸ਼ੇਖੂਪੁਰ ਜੋਨ ਤੋਂ ਅਜ਼ਾਦ ਉਮੀਦਵਾਰ ਚਰਨਜੀਤ ਕੌਰ ਜੇਤੂ ਰਹੇ। ਬਖਲੌਰ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰੀ ਚੰਦ ਜੇਤੂ ਰਹੇ। ਸਾਹਲੋਂ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇਸ ਰਾਜ ਜੇਤੂ ਰਹੇ।

# ਅੱਖਾਂ ਦੇ ਮੁਫ਼ਤ ਕੈਂਪ ਦਾ 200 ਮਰੀਜ਼ਾਂ ਨੇ ਲਿਆ ਲਾਹਾ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**-ਖ਼ਾਲਸਾ ਸੇਵਾ ਵੈੱਲਫੇਅਰ ਸੋਸਾਇਟੀ ਲੋਹੀਆਂ ਖਾਸ ਵੱਲੋਂ ਸਥਾਨਕ ਜਨਤਾ ਦਾਨਾ ਮੰਡੀ 'ਚ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅੱਖਾਂ ਦੀਆਂ ਬੀਮਾਰੀਆ ਦੀ ਜਾਂਚ ਦਾ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ, ਜਿੱਥੇ ਪਿਮਸ ਹਸਪਤਾਲ ਜਲੰਧਰ ਦੇ ਅੱਖਾਂ ਦੇ ਮਾਹਿਰ ਡਾਕਟਰਾਂ ਨੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਤੇ ਮੁਫ਼ਤ ਦਵਾਈਆਂ ਵੀ ਦਿਤੀਆਂ। ਜ਼ਿਕਰਯੋਗ ਹੈ ਕਿ ਐੱਨ ਆਰ ਆਈ ਨਰਿੰਦਰ ਸਿੰਘ ਤੇ ਬਲਬੀਰ ਸਿੰਘ ਕੈਨੇਡਾ ਵੱਲੋਂ ਇਸ ਮੈਡੀਕਲ ਕੈਂਪ ਲਈ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਹੈ। ਖ਼ਾਲਸਾ ਸੇਵਾ ਵੈਲਫੇਅਰ ਸੋਸਾਇਟੀ ਲੋਹੀਆਂ ਦੇ ਸੇਵਾਦਾਰਾਂ ਭਾਈ ਸੁਖਜੀਤ ਸਿੰਘ ਖੋਸੇ, ਪਰਮਜੀਤ ਸਿੰਘ ਖਹਿਰਾ ਪ੍ਰਧਾਨ, ਗੁਰਦੀਪ ਸਿੰਘ ਕਗ੍ਹਾ, ਬਲਜੀਤ ਸਿੰਘ ਸਰਪੰਚ, ਤਰਸੇਮ ਸਿੰਘ ਚੰਦੀ, ਜਥੇਦਾਰ ਮੋਹਣ ਸਿੰਘ ਨਲ੍ਹ, ਆਤਮਾ ਸਿੰਘ .ਰੇਸ਼ਮ ਸਿੰਘ ਟੁਰਨਾ, ਬਲਵਿੰਦਰ ਸਿੰਘ, ਹਰਦੇਵ ਸਿੰਘ, ਗੁਰਦਿਆਲ ਸਿੰਘ ਆਦਿ ਵੱਲੋਂ ਉਕਤ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਗਿਆ ਕਿ ਇਸ ਕੈਂਪ 'ਚ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ, ਜਿਨ੍ਹਾਂ 'ਚ ਡਾ. ਸਚਦੇਵਾ ਤੇ ਡਾ. ਦਿਲਪ੍ਰੀਤ ਸਿੰਘ ਸ਼ਾਮਲ ਹਨ, ਨੇ 200 ਮਰੀਜ਼ਾਂ ਦੀ ਜਾਂਚ ਕੀਤੀ ਜਦਕਿ 35 ਮਰੀਜ਼ਾਂ ਨੂੰ ਲੈਂਜ਼ ਪਾਏ ਜਾਣਗੇ, ਜਿਨ੍ਹਾਂ ਨੂੰ ਅੱਜ ਪਿਮਸ ਹਸਪਤਾਲ ਜਲੰਧਰ ਇਲਾਜ ਲਈ ਭੇਜਿਆ ਗਿਆ ਹੈ ਜਦਕਿ ਇਸ ਕੈਂਪ 'ਚ ਪੁੱਜੇ ਸਾਰੇ ਮਰੀਜ਼ਾਂ ਨੂੰ ਦਵਾਈਆਂ ਵੀ ਮੁਫ਼ਤ ਦਿਤੀਆਂ ਗਈਆਂ। ਇਸ ਮੌਕੇ ਸੁਆਮੀ ਪੁਸ਼ਪ ਚੇਤਨਿਆ ਜੀ, ਇੰਦਰਜੀਤ ਬੱਬਲਾ, ਅਜੇ ਵੀਡਾ, ਗੌਰਵ ਗੁਪਤਾ, ਜੋਗਾ ਸਿੰਘ ਡੋਲ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਲੋਹੀਆਂ, ਮਿੰਟੂ ਗੁਪਤਾ ਆਦਿ ਵੀ ਮੌਜੂਦ ਸਨ।

# ਮੋਹਿੰਦਰ ਭਗਤ ਨੇ 18.30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਗਲੀਆਂ ਦੀ ਉਸਾਰੀ ਦਾ ਰੱਖਿਆ ਨੀਂਹ ਪੱਥਰ

**ਜਲੰਧਰ, (ਸ਼ੈਲੀ ਐਲਬਰਟ)**

ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ, ਬਾਗਬਾਨੀ ਅਤੇ ਸੁਤੰਤਰਤਾ ਸੈਨਾਨੀ ਮੰਤਰੀ ਮੋਹਿੰਦਰ ਭਗਤ ਵਲੋਂ ਜਲੰਧਰ ਸ਼ਹਿਰ ਦੀ ਵਾਰਡ ਨੰਬਰ 41 ਵਿਖੇ 18.30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਗਲੀਆਂ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਮੌਕੇ ਲੋਕਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਦੱਸਿਆ ਕਿ ਮੁੱਖ ਮੰਤਰੀ, ਪੰਜਾਬ ਸਰਦਾਰ ਭਗਵੰਤ ਸਿੰਘ ਮਾਨ



ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸ਼ਹਿਰਾਂ ਨੂੰ ਅਤਿ ਆਧੁਨਿਕ ਬੁਨਿਆਦੀ ਢਾਂਚੇ ਨਾਲ ਮਜ਼ਬੂਤ ਕਰਨ ਵੱਲ ਖਾਸ ਤਵੱਜੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਜਲੰਧਰ ਵਲੋਂ ਸ਼ਹਿਰਾਂ ਨੂੰ ਬੁਨਿਆਦੀ ਢਾਂਚੇ ਨਾਲ ਲੈਸ ਕਰਨ ਲਈ ਤਜਵੀਜ਼ਾਂ ਬਣਾ ਕੇ ਭੇਜੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਮਨਜ਼ੂਰ ਕਰਦਿਆਂ ਪੰਜਾਬ ਸਰਕਾਰ ਵਲੋਂ ਤੁਰੰਤ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 41 ਵਿੱਚ ਗਲੀਆਂ ਦੀ ਉਸਾਰੀ ਤੋਂ ਬਾਅਦ ਹੋਰ ਵੀ ਕਈ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਜਾਵੇਗੀ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ। ਇਸ ਮੌਕੇ ਵਾਰਡ ਨੰਬਰ 41 ਦੇ ਵਾਸੀਆਂ ਵਲੋਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਅਤੇ ਪੰਜਾਬ ਸਰਕਾਰ ਵਲੋਂ ਵਾਰਡ ਵਿਖੇ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।

# ਸਰਬਸੰਮਤੀ ਨਾਲ ਬਲਾਕ ਸੰਮਤੀ ਮੈਂਬਰ ਚੁਣੇ ਗਏ ਡਾ. ਸਾਹਿਲ ਸਨਮਾਨਤ



**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**

ਬਲਾਕ ਸੰਮਤੀ ਦੀਆਂ ਹੋਈਆਂ ਚੋਣਾਂ ਵਿੱਚ ਜੰਡੋਲੀ ਜੋਨ ਤੋਂ ਸਰਬ ਸੰਮਤੀ ਨਾਲ ਚੁਣੇ ਗਏ ਬਲਾਕ ਸੰਮਤੀ ਮੈਂਬਰ ਡਾ. ਸਾਹਿਲ ਦਾ ਡਾਕਟਰ ਰਾਜ ਕੁਮਾਰ ਮੈਂਬਰ ਪਾਰਲੀਮੈਂਟ ਅਤੇ ਡਾਕਟਰ ਇਸ਼ਾਕ ਕੁਮਾਰ ਵਿਧਾਇਕ ਹਲਕਾ ਚੱਬੇਵਾਲ ਵੱਲੋਂ ਹਾਰ ਪਾ ਕੇ ਸਵਾਗਤ ਕੀਤਾ ਗਿਆ। ਗੱਲਬਾਤ ਕਰਦਿਆਂ ਡਾਕਟਰ ਰਾਜ ਕੁਮਾਰ ਅਤੇ ਡਾਕਟਰ ਇਸ਼ਾਕ ਕੁਮਾਰ ਨੇ ਕਿਹਾ ਕਿ ਡਾ.ਸਾਹਿਲ ਇਕ ਮਿਹਨਤੀ ਅਤੇ ਇਮਾਨਦਾਰ ਨੌਜਵਾਨ ਹੈ, ਜੋ ਕਿ ਪਿਛਲੇ ਲੰਬੇ ਸਮੇਂ ਤੋਂ ਜਿੱਥੇ ਆਮ ਆਦਮੀ ਪਾਰਟੀ ਨੂੰ ਮਜਬੂਤ ਕਰਨ ਵਿੱਚ ਲੱਗੇ ਹੋਏ ਹਨ ਉਸ ਦੇ ਨਾਲ ਹੀ ਉਹ ਅਨੇਕਾਂ ਹੀ ਸਮਾਜ ਭਲਾਈ ਦੇ ਕਾਰਜ ਕਰਕੇ ਇਲਾਕੇ ਦੇ ਲੋਕਾਂ ਦੇ ਦੁੱਖ ਸੁੱਖ ਵਿੱਚ ਸਹਾਇਕ ਹੁੰਦੇ ਹਨ। ਡਾ. ਸਾਹਿਲ ਸਭ ਤੋਂ ਘੱਟ ਉਮਰ ਦੇ ਬਲਾਕ ਸੰਮਤੀ ਮੈਂਬਰ ਚੁਣੇ ਗਏ ਹਨ। ਇਸ ਮੌਕੇ ਡਾਕਟਰ ਸਾਹਿਲ ਨੇ ਕਿਹਾ ਕਿ ਉਨਾਂ ਦੇ ਜੰਡੋਲੀ ਜੋਨ ਵਿੱਚ ਪਰਸੋਂਵਾਲ, ਘੁੱਕਰਵਾਲ, ਨੱਸਰਾਂ, ਛੋਟੀ ਜੰਡੋਲੀ, ਜੰਡੋਲੀ ਅਤੇ ਭੁੱਲੇਵਾਲ ਰਾਠਾਂ ਪਿੰਡ ਪੈਂਦੇ ਹਨ। ਇਸ ਮੌਕੇ ਡਾਕਟਰ ਸਾਹਿਲ ਦੇ ਪਿਤਾ ਕੁਲਵਿੰਦਰ ਜੰਡੋਲੀ ਨੇ ਕਿਹਾ ਕਿ ਉਹਨਾਂ ਦਾ ਪਰਵਾਰ ਹਮੇਸ਼ਾ ਹੀ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਅਤੇ ਡਾਕਟਰ ਇਸ਼ਾਕ ਕੁਮਾਰ ਵਿਧਾਇਕ ਹਲਕਾ ਚੱਬੇਵਾਲ ਨਾਲ ਜੁੜਿਆ ਰਹੇਗਾ।

# ਸਰਕਾਰੀ ਕਾਲਜ ਵਿਖੇ ਸੈਕਸੂਅਲ ਹਰਾਸਮੈਂਟ ਪਰਵੈਂਸ਼ਨ ਹਫ਼ਤਾ ਮਨਾਇਆ




**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**

ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਗਗਨਦੀਪ ਚੀਮਾ ਜੀ ਦੀ ਅਗਵਾਈ ਵਿੱਚ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਹੁਸ਼ਿਆਰਪੁਰ ਪ੍ਰੀਤ ਕੋਹਲੀ ਦੇ ਦਿਸ਼ਾ ਨਿਰਦੇਸ਼ਾ ਦੇ ਅਨੁਸਾਰ ਰੈੱਡ ਰਿਬਨ ਕਲੱਬ ਇੰਚਾਰਜ ਵਿਜੇ ਕੁਮਾਰ ਦੇ ਸਹਿਯੋਗ ਨਾਲ ਸੈਕਸੂਅਲ ਹਰਾਸਮੈਂਟ ਪਰਵੈਸ਼ਨ ਹਫਤਾ ਮਨਾਉਂਦੇ ਹੋਏ ਆਨ ਲਾਈਨ ਅਤੇ ਆਫ ਲਾਈਨ ਪ੍ਰੋਗਰਾਮ ਕਰਵਾਏ ਗਏ ਤਾਂ ਕਿ ਵਿਸ਼ੇ ਅਨੁਸਾਰ ਵਿਦਿਆਰਥੀਆਂ ਵਿੱਚ ਜਾਗਰੂਕਤਾ ਫੈਲਾ ਕੇ ਉਹਨਾਂ ਤੇ ਯੋਨ ਸਬੰਧੀ ਹੋਣ ਵਾਲੇ ਅਤਿਆਚਾਰ ਪ੍ਰਤੀ ਜਾਗਰੂਕਤਾ ਫੈਲਾਈ ਜਾ ਸਕੇ ਅਤੇ ਉਹ ਕਿਸੇ ਮਾੜੀ ਹਰਕਤ ਦਾ ਸ਼ਿਕਾਰ ਨਾ ਹੋ ਸੱਕਣ।ਇਸ ਸਮਾਰੋਹ ਵਿੱਚ ਵਿਸ਼ੇਸ਼ ਤੌਰ ਤੇ ਵਿਦਿਆਰਥਣਾ ਨੂੰ ਸਮਝਾਇਆ ਗਿਆ ਕਿ ਅੱਜ-ਕੱਲ ਦੇ ਮਾਹੌਲ ਮੁਤਾਬਿਕ ਸਾਨੂੰ ਆਪਣੀ ਰੱਖਿਆ ਕਰਨ ਪ੍ਰਤੀ ਸਚੇਤ ਰਹਿਣਾ ਚਾਹੀਦਾ ਹੈ, ਤਾਂ ਕਿ ਕਿਸੇ ਦੇ ਚੰਗੁਲ ਵਿੱਚ ਫਸ ਕੇ ਆਪਣੀ ਜਿੰਦਗੀ ਬਰਬਾਦ ਨਾ ਕਰ ਲਈਏ । ਸਾਨੂੰ ਚੰਗੇ ਅਤੇ ਬੁਰੇ ਦੀ ਪਹਿਚਾਣ ਹੋਣੀ ਚਾਹੀਦੀ ਹੈ। ਸਾਹਮਣੇ ਵਾਲਾ ਤੁਹਾਡੇ ਨਾਲ ਕਿਹੋ ਜਿਹਾ ਸਲੂਕ ਕਰ ਰਿਹਾ ਹੈ ਇਸ ਤੋਂ ਉਸਦੀ ਨੀਯਤ ਬਾਰੇ ਜਾਣਕਾਰੀ ਹੋਣੀ ਜਰੂਰੀ ਹੈ । ਦੂਜਿਆ ਦੇ ਬੋਲਣ, ਛੂਹਣ ਦੇ ਮਕਸਦ ਤੋਂ ਠੀਕ- ਗਲਤ ਦਾ ਫੈਸਲਾ ਸਾਨੂੰ ਖੁਦ ਨੂੰ ਕਰਨਾ ਹੋਵੇਗਾ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪੋਸਟਰਾਂ ਦੇ ਮਾਧਿਅਮ ਰਾਹੀ ਵੀ ਜਾਗਰੂਕ ਕੀਤਾ ਗਿਆ । ਉਹਨਾਂ ਵੱਲੋਂ ਵਿਸ਼ੇ ਅਨੁਸਾਰ ਆਪਣੇ ਵਿਚਾਰ ਵੀ ਪੇਸ਼ ਕੀਤੇ ਗਏ। ਉਹਨਾਂ ਕਿਹਾ ਕਿ ਸਾਨੂੰ ਵਿਸ਼ੇਸ਼ ਤੌਰ ਤੇ ਸਮਾਜ ਵਿੱਚ ਸੈਕਸ ਪ੍ਰਤੀ ਜਾਗਰੂਕ ਹੋਣ ਦੀ ਅਤਿ ਜਰੂਰਤ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਗਗਨਦੀਪ ਚੀਮਾ ਜੀ ਤੋਂ ਇਲਾਵਾ ਰੈੱਡ ਰਿਬਨ ਕਲੱਬ ਦੇ ਇੰਚਾਰਜ ਵਿਜੇ ਕੁਮਾਰ, ਪ੍ਰੋ. ਨਵਦੀਪ ਕੌਰ, ਪ੍ਰੋ. ਹਰਜਿੰਦਰ ਸਿੰਘ, ਪ੍ਰੋ. ਅਰੁਣ ਕਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਆਨ ਲਾਈਨ ਅਤੇ ਆਫ-ਲਾਈਨ ਹਾਜ਼ਰ ਹੋਏ ।

# ਵਿਦਿਆਰਥਣਾਂ ਨੂੰ ਭਵਿੱਖ 'ਚ ਅੱਗੇ ਵਧਣ ਲਈ ਸੁਝਾਅ ਤੇ ਕਾਨੂੰਨੀ ਜਾਣਕਾਰੀ ਦਿੱਤੀ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਸਰਕਾਰੀ ਕੰਨਿਆ ਹਾਈ ਸਕੂਲ ਨਵੀਂ ਆਬਾਦੀ ਦਾ ਸਾਲਾਨਾ ਸਮਾਰੋਹ ਮਨਾਇਆ ਗਿਆ। ਮੁੱਖ ਅਧਿਆਪਕਾ ਮੈਡਮ ਦੀਪਤੀ ਢਿੱਲੋਂ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਹਰਜਿੰਦਰ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਪ੍ਰਮੁੱਖ ਸਮਾਜ ਸੇਵਕ ਪਰਮਜੀਤ ਸਿੰਘ ਸੱਚਦੇਵਾ ਵਿਸ਼ੇਸ਼ ਮਹਿਮਾਨ ਰਹੇ।ਸਮਾਗਮ ਦੌਰਾਨ ਐਡਵੋਕੇਟ ਆਸ਼ੀਸ਼ ਅਤੇ ਪੈਰਾ ਲੀਗਲ ਵਾਲੰਟੀਅਰ ਬਲਵੀਰ ਸਿੰਘ ਨੇ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਅੱਗੇ ਵਧਣ ਲਈ ਮਹੱਤਵਪੂਰਨ ਸੁਝਾਅ ਅਤੇ ਕਾਨੂੰਨੀ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਸਿੱਧ ਸਿੱਖਿਆ ਸ਼ਾਸਤਰੀ ਮੈਡਮ ਸੁਮਨ ਅਤੇ ਸਮਾਜ ਸੇਵਕ ਰਾਜਿੰਦਰ ਪ੍ਰਸਾਦ ਨੇ ਬੱਚੀਆਂ ਨੂੰ ਮਿਹਨਤ ਅਤੇ ਲਗਨ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਜ਼ਿਲ੍ਹਾ ਸਿੱਖਿਆ ਅਧਿਕਾਰੀ ਹਰਜਿੰਦਰ ਕੌਰ ਅਤੇ ਸਮਾਜ ਸੇਵਕ ਪਰਮਜੀਤ ਸਿੰਘ ਸੱਚਦੇਵਾ ਵੱਲੋਂ ਸਕੂਲ ਮੈਗਜ਼ੀਨ ਦਾ ਪੰਜਵਾਂ ਸੰਸਕਰਣ ਜਾਰੀ ਕੀਤਾ ਗਿਆ।ਸੰਸਕ੍ਰਿਤਿਕ ਕਾਰਜਕ੍ਰਮਾਂ ਦੌਰਾਨ ਵਿਦਿਆਰਥਣਾਂ ਨੇ ਗਿੱਧਾ, ਡਰਾਮਾ, ਨੁੱਕੜ ਨਾਟਕ, ਸਕਿਟ, ਕਹਾਣੀ ਕਥਨ ਅਤੇ ਕਵਿਤਾ ਗਾਇਨ ਵਰਗੀਆਂ ਮਨਮੋਹਕ ਪੇਸ਼ਕਾਰੀਆਂ ਦਿੱਤੀਆਂ। ਸਾਲ 2024-25 ਦੌਰਾਨ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।



ਮੈਡਮ ਮਨਿੰਦਰਜੀਤ ਕੌਰ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹ ਕੇ ਸੁਣਾਈ, ਜਦਕਿ ਮੰਚ ਸੰਚਾਲਨ ਮੈਡਮ ਆਸ਼ੂ ਵਾਲੀਆ ਨੇ ਨਿਭਾਇਆ।ਮੁੱਖ ਅਧਿਆਪਕਾ ਮੈਡਮ ਦੀਪਤੀ ਢਿੱਲੋਂ ਨੇ ਸਕੂਲ ਦੀਆਂ ਗਤੀਵਿਧੀਆਂ ਤੇ ਉਪਲਬਧੀਆਂ ਬਾਰੇ ਮੁੱਖ ਮਹਿਮਾਨ ਨੂੰ ਜਾਣੂ ਕਰਵਾਇਆ। ਸਮਾਗਮ ਦੇ ਅੰਤ ਵਿੱਚ ਮੁੱਖ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਸਕੂਲ ਪ੍ਰਬੰਧਨ ਵੱਲੋਂ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬੱਚਿਆਂ ਦੇ ਅਭਿਭਾਵਕ ਅਤੇ ਸੈਂਟਰ ਹੈੱਡ ਟੀਚਰ ਮੋਨਿਕਾ ਜੈਨ ਵੀ ਮੌਜੂਦ ਰਹੇ।

# ਸਿਹਤ ਵਿਭਾਗ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਡਾ. ਗੁਰਿੰਦਰਜੀਤ ਸਿੰਘ



**ਬਲਾਚੌਰ (ਜਸਵਿੰਦਰ ਬੈਂਸ)**

ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਹੈ। ਇਸੇ ਕੜੀ ਤਹਿਤ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਵੱਲੋਂ ਲੈਫ਼. ਜਨਰਲ ਬਿਕਰਮ ਸਿੰਘ ਸਬ-ਡਵੀਜ਼ਨਲ ਹਸਪਤਾਲ, ਬਲਾਚੌਰ ਵਿਖੇ ਸਿਹਤ ਸੇਵਾਵਾਂ ਦਾ ਵਿਸਥਾਰਪੂਰਵਕ ਨਿਰੀਖਣ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਨੇ ਹਸਪਤਾਲ ਵਿੱਚ ਮਰੀਜ਼ਾਂ ਨੂੰ ਮਿਲ ਰਹੀਆਂ ਸਹੂਲਤਾਂ ਦੀ ਸਮੀਖਿਆ ਕੀਤੀ।ਇਸ ਮੌਕੇ ਉਨ੍ਹਾਂ ਨੇ ਓ ਪੀ ਡੀ, ਇੰਡੋਰ ਵਾਰਡ, ਐਮਰਜੈਂਸੀ ਸੇਵਾਵਾਂ, ਲੇਬਰ ਰੂਮ ਅਤੇ ਲੈਬੋਰਟਰੀ ਦਾ ਦੌਰਾ ਕੀਤਾ। ਉਨ੍ਹਾਂ ਨੇ ਦਵਾਈਆਂ ਦੀ ਉਪਲੱਬਧਤਾ, ਮੈਡੀਕਲ ਲੈਬ ਟੈਸਟ ਸਹੂਲਤ ਅਤੇ ਮੈਡੀਕਲ ਸਾਜ਼ੋ-ਸਾਮਾਨ ਦੀ ਕਾਰਗੁਜ਼ਾਰੀ ਦੀ ਵੀ ਜਾਂਚ ਕੀਤੀ। ਡਾ. ਗੁਰਿੰਦਰਜੀਤ ਸਿੰਘ ਨੇ ਸਫ਼ਾਈ ਪ੍ਰਬੰਧਾਂ 'ਤੇ ਖਾਸ ਧਿਆਨ ਦਿੰਦਿਆਂ ਹਸਪਤਾਲ ਪ੍ਰਸ਼ਾਸਨ ਨੂੰ ਸਫ਼ਾਈ ਅਤੇ ਸੈਨੇਟਾਈਜ਼ੇਸ਼ਨ ਦੇ ਮਿਆਰਾਂ ਨੂੰ ਹੋਰ ਮਜ਼ਬੂਤ ਕਰਨ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਸਾਫ਼-ਸੁਥਰਾ ਮਾਹੌਲ ਮਰੀਜ਼ਾਂ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ।ਇਸ ਮੌਕੇ ਸਿਵਲ ਸਰਜਨ ਨੇ ਸਾਰੇ ਡਾਕਟਰਾਂ ਅਤੇ ਸਿਹਤ ਕਰਮਚਾਰੀਆਂ ਨੂੰ ਮਰੀਜ਼ਾਂ ਨਾਲ ਨਿਮਰਤਾ, ਸੰਵੇਦਨਸ਼ੀਲਤਾ ਅਤੇ ਸਮਰਪਣ ਨਾਲ ਪੇਸ਼ ਆਉਣ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਮਰੀਜ਼ਾਂ ਨੂੰ ਬਿਨਾਂ ਕਿਸੇ ਦੇਰੀ ਦੇ ਸਮੇਂ-ਸਿਰ ਇਲਾਜ ਮਿਲਣਾ ਚਾਹੀਦਾ ਹੈ।ਇਸ ਮੌਕੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਹਰੀਸ਼ ਕਿਰਪਾਲ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਵਿੰਦਰ ਸਿੰਘ, ਮੈਡੀਕਲ ਅਫ਼ਸਰ ਡਾ. ਜਤਿੰਦਰਪਾਲ ਸਿੰਘ ਸਮੇਤ ਹੋਰ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਟੈਕਨੀਕਲ ਸਰਵਿਸਿਜ਼ ਯੂਨੀਅਨ ਜੈਨਰੇਸ਼ਨ ਸਰਕਲ ਦੀ ਚੋਣ



**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਟੈਕਨੀਕਲ ਸਰਵਿਸ ਯੂਨੀਅਨ ਅਨੰਦਪੁਰ ਸਾਹਿਬ ਜੇਨਰੇਸ਼ਨ ਸਰਕਲ ਕਮੇਟੀ ਦਾ ਇਜਲਾਸ ਪਾਵਰ ਕਲੋਨੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਗਿਆ ਜਿਸ ਵਿੱਚ ਸਕੱਤਰ ਪ੍ਰਦੀਪ ਕੁਮਾਰ ਵੱਲੋਂ ਪਿਛਲੇ ਤਿੰਨ ਸਾਲਾਂ ਦੀ ਜਥੇਬੰਦਕ ਰਿਪੋਰਟ ਪੇਸ਼ ਕੀਤੀ ਗਈ ਅਤੇ ਵਿੱਤ ਸਕੱਤਰ ਤੇਜਿੰਦਰ ਸਿੰਘ ਵੱਲੋਂ ਵਿੱਤ ਰਿਪੋਰਟ ਪੇਸ਼ ਕੀਤੀ ਗਈ।ਦੋਵੇਂ ਰਿਪੋਰਟਾਂ ਉੱਤੇ ਸਾਥੀਆਂ ਦਾ ਆਏ ਸੁਝਾਵ ਅਤੇ ਵਿਚਾਰਾਂ ਤੋਂ ਬਾਅਦ ਦੋਵੇਂ ਰਿਪੋਰਟਾਂ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ। ਇਸ ਤੋਂ ਬਾਅਦ ਸਰਕਲ ਪ੍ਰਧਾਨ ਗੁਰਦਾਸ ਰਾਮ ਵੱਲੋਂ ਮੌਜੂਦਾ ਸਰਕਲ ਕਮੇਟੀ ਨੂੰ ਭੰਗ ਕਰਕੇ ਚੋਣ ਨਿਗਰਾਨ ਸੂਬਾ ਕਮੇਟੀ ਨੂੰ ਰਜਿਸਟਰ ਸੌਂਪ ਦਿੱਤਾ ਗਿਆ ਅਤੇ ਨਵੀਂ ਸਰਕਲ ਕਮੇਟੀ ਦੀ ਚੋਣ ਕਰਾਉਣ ਲਈ ਅਧਿਕਾਰਿਤ ਕਰ ਦਿੱਤਾ ਗਿਆ।ਚੋਣ ਨਿਗਰਾਨ ਕਮੇਟੀ ਵੱਲੋਂ ਸਰਕਲ ਕਮੇਟੀ ਲਈ ਪੈਨਲ ਦੀ ਮੰਗ ਕੀਤੀ ਗਈ। ਜਿਸ ਵਿੱਚ ਇੱਕ ਹੀ ਪੈਨਲ ਵਿਗਿਆਨਿਕ ਗਰੁੱਪ ਵੱਲੋਂ ਪੇਸ਼ ਕੀਤਾ ਗਿਆ ਜੋ ਕਿ ਸਰਬਸਮਤੀ ਨਾਲ ਚੁਣ ਲਿਆ ਗਿਆ। ਇਸ ਵਿੱਚ ਪ੍ਰਧਾਨ ਗੁਰਦਾਸ ਰਾਮ ਫੋਰਮੈਨ, ਮੀਤ ਪ੍ਰਧਾਨ ਗੁਰਦੀਪ ਸਿੰਘ ਇਲੈਕਟੀਸ਼ਨ, ਸਕੱਤਰ ਅਮਨਦੀਪ ਸਿੰਘ ਏ ਐਸ ਐਸ ਏ, ਜੁਆਇੰਟ ਸਕੱਤਰ ਮੋਹਿਤ ਸ਼ਰਮਾ ਜੇ ਈ, ਕੈਸ਼ੀਅਰ ਬਭੰਨ ਦੀਪ ਜੀ ਅਤੇ ਸਰਕਲ ਸਰਪਰਸਤ ਜਸਪਾਲ ਸਿੰਘ ਐਸ ਐਸ ਏ ਨੂੰ ਚੁਣਿਆ ਗਿਆ। ਚੋਣ ਇਜਲਾਸ ਵਿੱਚ ਵਿਸ਼ੇਸ਼ ਤੌਰ ਤੇ ਟੈਕਨੀਕਲ ਸਰਵਿਸ ਯੂਨੀਅਨ ਦੇ ਸੂਬਾ ਪ੍ਰਧਾਨ ਸਰਦਾਰ ਰਤਨ ਸਿੰਘ ਮਜਾਰੀ, ਸਾਬਕਾ ਐਮ ਐਸ ਯੂ ਪ੍ਰਧਾਨ ਹਰਭਜਨ ਸਿੰਘ, ਸੂਬਾ ਕਮੇਟੀ ਕੈਸੀਅਰ ਲਖਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਜਨਰੇਸ਼ਨ ਸਰਕਲ ਦੇ ਸਮੂਹ ਸਬ ਡਵੀਜ਼ਨਆ ਡਵੀਜਨਾਂ ਦੇ ਡੈਲੀਗੇਟ ਅਤੇ ਸਰਗਰਮ ਸਾਥੀ ਹਾਜ਼ਰ ਹੋਏ। ਚੋਣ ਇਜਲਾਸ ਵਿੱਚ ਸਾਰੇ ਆਗੂਆਂ ਵੱਲੋਂ ਚੁਣੀ ਗਈ ਨਵੀਂ ਕਮੇਟੀ ਨੇ ਵਧਾਈਆਂ ਦਿੱਤੀਆਂ ਗਈਆਂ ਅਤੇ ਆਉਣ ਵਾਲੇ ਸੰਘਰਸ਼ਾਂ ਲਈ ਤਨ ਮਨ ਧਨ ਨਾਲ ਲੜਨ ਲਈ ਪ੍ਰੇਰਿਤ ਕੀਤਾ ਗਿਆ ਚੁਣੀ ਗਈ ਨਵੀਂ ਕਮੇਟੀ ਦੇ ਸਾਰੇ ਅਹੁਦੇਦਾਰਾਂ ਵੱਲੋਂ ਵਿਸ਼ਵਾਸ ਦਵਾਇਆ ਗਿਆ ਕਿ ਅਸੀਂ ਪੂਰੇ ਆਪਣੀ ਪੂਰੀ ਤਨਦਈ ਤੇ ਇਮਾਨਦਾਰੀ ਨਾਲ ਕੰਮ ਕਰਾਂਗੇ।

# ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਤੇ ਵਿਜੈ ਦਿਵਸ ਮਨਾਇਆ



**ਲੋਹੀਆਂ ਖਾਸ, (ਯੋਗੇਸ਼ਵਰ)**

ਬੀ.ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ, ਵਾੜਾ ਜੋਧ ਸਿੰਘ ਵਿਖੇ ਭਾਰਤ ਦੇ ਰਾਸ਼ਟਰ ਗੀਤ 'ਵੰਦੇਮਾਤਰਮ' ਦੀ 150ਵੀਂ ਵਰੇਗੰ' ਅਤੇ ਵਿਜੇ ਦਿਵਸ ਨੂੰ ਸਮਰਪਿਤ ਵਿਸ਼ੇਸ਼ ਅਸੈਂਬਲੀ ਕਰਵਾਈ ਗਈ। ਅਸੈਂਬਲੀ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਵੰਦੇਮਾਤਰਮ ਰਾਸ਼ਟਰੀ ਗੀਤ ਉਚਾਰਨ ਕਰਕੇ ਕੀਤੀ ਗਈ। ਹਾਰਮਨੀ ਹਾਊਸ ਇੰਚਾਰਜ ਮੈਡਮ ਗੁਰਪ੍ਰੀਤ ਵੱਲੋਂ ਰਾਸ਼ਟਰੀ ਗੀਤ ਦੇ ਇਤਿਹਾਸ ਅਤੇ ਰਚਈਤਾ ਬੰਕਿੰਮਚੰਦਰ ਚਟੋਪਾਧਿਆਏ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ।ਇਸ ਸੰਬੰਧਿਤ ਵਿਦਿਆਰਥੀਆਂ ਤੋਂ ਪ੍ਰਸ਼ਨ ਪੁੱਛੇ ਗਏ। ਵਿਜਡਮ ਹਾਊਸ ਇੰਚਾਰਜ ਮਨਦੀਪ ਕੌਰ ਵੱਲੋਂ ਭਾਰਤ-ਪਾਕਿਸਤਾਨ ਯੁੱਧ ਵਿੱਚ 16 ਦਸੰਬਰ1971 ਨੂੰ ਭਾਰਤ ਨੂੰ ਮਿਲੀ ਜਿੱਤ ਦੀ ਵਿਜੇਗਾਥਾ ਸੰਬੰਧਿਤ ਜਾਣਕਾਰੀ ਦਿੰਦੇ ਹੋਏ ਇਸ ਯੁੱਧ ਵਿੱਚ ਭਾਰਤੀ ਫੌਜ ਦੇ ਬਲਿਦਾਨ ਅਤੇ ਵੀਰਤਾ, ਬੰਗਲਾਦੇਸ਼ ਦੇ ਨਿਰਮਾਣ ਦੀ ਕਹਾਣੀਆਂ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ ਗਈਆਂ।ਇਸ ਮੌਕੇ ਡਾਇਰੈਕਟਰ ਸੱਦਾਮ ਖਾਨ, ਡਿਪਟੀ ਡਾਇਰੈਕਟਰ ਸਰਗਮ ਥਿੰਦ, ਪ੍ਰਿੰਸੀਪਲ ਸ਼੍ਰੀਮਤੀ ਨੀਤੀਮਾ ਪੁਰੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਸਭ ਨੂੰ ਦੇਸ਼ ਦੀ ਵਿਰਾਸਤ ਅਤੇ ਭਾਰਤੀ ਫੌਜ ਤੇ ਮਾਣ ਕਰਨ ਦੀ ਪ੍ਰੇਰਨਾ ਦਿੱਤੀ।

# ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵੱਲੋਂ 204ਵਾਂ ਮਾਸਿਕ ਰਾਸ਼ਨ ਵੰਡ ਸਮਾਗਮ

**ਫਗਵਾੜਾ (ਡਾ. ਰਮਨ)**

ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ, ਫਗਵਾੜਾ ਵਿਖੇ 204ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਬਲੱਡ ਬੈਂਕ ਦੇ ਸਰਪ੍ਰਸਤ ਕੇ.ਕੇ. ਸਰਦਾਨਾ ਦੀ ਰਹਿਨੁਮਾਈ ਅਤੇ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ। ਇਸ ਦੌਰਾਨ ਬਤੌਰ ਮੁੱਖ ਮਹਿਮਾਨ ਸਮਾਜ ਸੇਵਕ ਸੁਦੇਸ਼ ਕੁਮਾਰ ਨੇ ਸ਼ਿਰਕਤ ਕੀਤੀ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਠੇਕੇਦਾਰ ਸੰਜੀਵ ਕੁਮਾਰ ਭੰਡਾਰੀ ਮੌਜੂਦ ਰਹੇ। ਪਤਵੰਤਿਆਂ ਨੇ ਲੋੜਵੰਦ ਔਰਤਾਂ ਨੂੰ ਰਾਸ਼ਨ ਵੰਡਦੇ ਹੋਏ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਦੀ ਦੇਖ ਰੇਖ ਹੇਠ ਬਲੱਡ ਬੈਂਕ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਮਲਕੀਅਤ ਸਿੰਘ ਰਗਬੋਤਰਾ ਨੇ ਦੱਸਿਆ ਕਿ ਅੱਜ ਦੇ ਸਮਾਗਮ ਵਿੱਚ 100 ਲੋੜਵੰਦ ਪਰਵਾਰਾਂ ਦੀਆਂ ਔਰਤਾਂ ਨੂੰ ਫਰੀ ਰਾਸ਼ਨ ਦੀ ਵੰਡ ਕੀਤੀ ਗਈ ਹੈ। ਇਹ ਉਪਰਾਲਾ ਕਰੀਬ 18 ਸਾਲਾਂ ਤੋਂ ਜਾਰੀ ਹੈ। ਜਿਸ ਵਿੱਚ ਸਮਾਜ ਸੇਵੀ ਰਾਜਿੰਦਰ ਸਿੰਘ ਕੋਛੜ (ਖੰਡਵਾਲੇ), ਰਮੇਸ਼ ਗਾਬਾ, ਰਮੇਸ਼ ਦੁੱਗਲ, ਮਨੀਸ਼ ਬੱਤਰਾ, ਤਾਰਾ ਚੰਦ ਚੁੰਬਰ, ਵਿਸ਼ਵਾਮਿੱਤਰ ਸ਼ਰਮਾ, ਅਵਤਾਰ ਸਿੰਘ ਕੋਛੜ, ਰਾਜੀਵ ਕੁਮਾਰ (ਮਾਰਬਲ ਫਰਜ਼ਾਰਟ), ਐਨ.ਆਰ.ਆਈ. ਸਤਪਾਲ ਵਰਮਾ, ਰਮਨ ਨਹਿਰਾ, ਐਡਵੋਕੇਟ ਅੰਕਿਤ ਢੀਂਗਰਾ ਆਦਿ ਦਾ ਅਹਿਮ ਯੋਗਦਾਨ ਪ੍ਰਾਪਤ ਹੁੰਦਾ ਹੈ।ਇਸ ਮੌਕੇ ਮੋਹਨ ਲਾਲ ਤਨੇਜਾ, ਕ੍ਰਿਸ਼ਨ ਕੁਮਾਰ, ਸੁਧਾ ਬੇਦੀ, ਸੁਧੀਰ ਸ਼ਰਮਾ, ਸੁਰਿੰਦਰਪਾਲ ਆਦਿ ਹਾਜ਼ਰ ਸਨ।



# ਅੰਗਦਾਨ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਬੈਨਰ ਜਾਰੀ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**-ਨਗਰ ਨਿਗਮ ਹੁਸ਼ਿਆਰਪੁਰ ਦੇ ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ ਨੇ ਆਮ ਲੋਕਾਂ ਨੂੰ ਅੰਗਦਾਨ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਲਗਾਏ ਗਏ ਜਾਗਰੂਕਤਾ ਬੈਨਰ ਨੂੰ ਜਾਰੀ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਅੰਗਦਾਨ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ, ਜਿਸ ਰਾਹੀਂ ਬਹੁਤ ਸਾਰੇ ਲੋੜਵੰਦ ਲੋਕਾਂ ਨੂੰ ਨਵੀਂ ਜ਼ਿੰਦਗੀ ਮਿਲ ਸਕਦੀ ਹੈ। ਸਮਾਜ ਦੇ ਹਰ ਨਾਗਰਿਕ ਨੂੰ ਇਸ ਪਵਿੱਤਰ ਕਾਰਜ ਦੀ ਮਹੱਤਤਾ ਨੂੰ ਸਮਝਦੇ ਹੋਏ ਅੱਗੇ ਆਉਣਾ ਚਾਹੀਦਾ ਹੈ। ਸਮਾਗਮ ਦੌਰਾਨ ਆਈ ਡੋਨੇਸ਼ਨ ਟੀਮ ਦੇ ਮੁੱਖ ਮੈਂਬਰਾਂ ਦੀ ਸਨਮਾਨਜਨਕ ਮੌਜੂਦਗੀ ਰਹੀ, ਜਿਨ੍ਹਾਂ ਵਿੱਚ ਇੰਜੀ: ਬਲਜੀਤ ਸਿੰਘ ਪਨੇਸਰ, ਪ੍ਰੋ.ਬਹਾਦਰ ਸਿੰਘ ਸੁਨੇਤ, ਸੰਤੋਸ਼ ਸੈਣੀ, ਮਨਜੀਤ ਕੌਰ, ਹਰਵਿੰਦਰ ਕੌਰ, ਜਗਮੀਤ ਸਿੰਘ ਸੇਠੀ ਅਤੇ ਸਰਵਣ ਸਿੰਘ ਵੀ ਮੌਜੂਦ ਸਨ। ਬੁਲਾਰਿਆਂ ਨੇ ਅੰਗਦਾਨ ਖਾਸ ਕਰਕੇ ਅੱਖਾਂ ਦਾਨ ਦੀ ਮਹੱਤਤਾ 'ਤੇ ਚਾਨਣਾ ਪਾਇਆ, ਇਹ ਸਮਝਾਉਂਦੇ ਹੋਏ ਕਿ ਮੌਤ ਤੋਂ ਬਾਅਦ ਦਾਨ ਕਿਸੇ ਦੇ ਜੀਵਨ ਵਿੱਚ ਰੋਸ਼ਨੀ ਲਿਆ ਸਕਦਾ ਹੈ। ਹਾਜ਼ਰੀਨ ਨੂੰ ਅੰਗਦਾਨ ਕਰਨ ਦਾ ਪ੍ਰਣ ਲੈਣ ਲਈ ਉਤਸ਼ਾਹਿਤ ਕੀਤਾ ਗਿਆ ਅਤੇ ਸਮਾਜ ਵਿੱਚ ਇਸ ਮੁੱਦੇ ਬਾਰੇ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ ਗਈ।

# ਕੈਨੇਡੀਅਨ ਡਾਲਰ ਦੀ ਕਦਰ ਵਧੀ

ਵੈਨਕੂਵਰ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ ਵਾਧਿਆਂ ਕਰਕੇ ਬਰਾਮਦ ਨੂੰ ਲੱਗੇ ਖੋਰੇ ਦੇ ਬਾਵਜੂਦ ਕੈਨੇਡੀਆਈ ਡਾਲਰ ਦੀ ਕਦਰ ਵਧ ਗਈ ਹੈ। ਦੇਸ਼ ਵਿੱਚ ਲਿਬਰਲ ਪਾਰਟੀ ਦੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਘੱਟਗਿਣਤੀ ਸਰਕਾਰ ਵੱਲੋਂ ਸੱਤਾ ਸੰਭਾਲਣ ਮੌਕੇ ਕੈਨੇਡੀਆਈ ਡਾਲਰ 60 ਰੁਪਏ ਅਤੇ ਅਮਰੀਕਾ ਦੇ 67 ਸੈਂਟਾਂ ਦੇ ਬਰਾਬਰ ਸੀ, ਪਰ ਕਾਰਨੀ ਵੱਲੋਂ ਟੈਰਿਫ ਅੰਕੜਾਂ ਦਾ ਮੁਕਾਬਲਾ ਕਰਦਿਆਂ ਅਪਣਾਈਆਂ ਖਰਚੇ ਘਟਾਊ ਵਿੱਤੀ ਨੀਤੀਆਂ ਤੇ ਕੁਝ ਦੇਸ਼ਾਂ ਨਾਲ ਵਿਗੜੇ ਸੰਬੰਧਾਂ ਨੂੰ ਸੁਧਾਰਨ ਦੇ ਯਤਨਾਂ ਨੇ ਜਿੱਥੇ ਕੌਮਾਂਤਰੀ ਮੰਡੀ ਵਿੱਚ ਕੈਨੇਡਾ ਦਾ ਭਰੋਸਾ ਮਜ਼ਬੂਤ ਕੀਤਾ, ਉੱਥੇ ਘਰੇਲੂ ਉਤਪਾਦਨ ਦੀ ਦੇਸ਼ ਵਿੱਚ ਖਪਤ ਨੂੰ ਸੁਖਦ ਭਵਿੱਖ ਵਜੋਂ ਵੇਖਿਆ ਜਾਣ ਲੱਗਾ ਹੈ। ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਡਾਲਰ ਦਾ ਅਮਰੀਕਨ 67 ਸੈਂਟਾਂ ਦੇ ਹੇਠਲੇ ਪੱਧਰ ਤੋਂ ਉੱਭਰ ਕੇ 72.5 ਸੈਂਟ ਤੱਕ ਪਹੁੰਚਣਾ ਚੰਗੇ ਭਵਿੱਖ ਦਾ ਵੱਡਾ ਸੰਕੇਤ ਹੈ। ਕੌਮਾਂਤਰੀ ਪੱਧਰ 'ਤੇ ਵੇਖਿਆ ਜਾਏ ਤਾਂ ਲੰਘੇ ਦੋ ਮਹੀਨਿਆਂ ਵਿੱਚ ਅਮਰੀਕੀ ਡਾਲਰ ਸਵਾ ਦੋ ਫੀਸਦ ਮਜ਼ਬੂਤ ਹੋਇਆ ਹੈ, ਜਦਕਿ ਕੈਨੇਡੀਅਨ ਡਾਲਰ ਨੇ ਕਰੀਬ 10 ਫੀਸਦ ਮਜ਼ਬੂਤੀ ਫੜੀ ਹੈ।

# ਵਿਸ਼ਵ ਗੱਤਕਾ ਫੈਡਰੇਸ਼ਨ ਦੀ ਨਿਯਮਾਂਵਲੀ ਦਾ ਨਵਾਂ ਐਡੀਸ਼ਨ ਜਲਦੀ ਹੋਵੇਗਾ ਜਾਰੀ : ਗਰੇਵਾਲ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ (ਐੱਨ ਜੀ ਏ ਆਈ) ਵੱਲੋਂ ਤਕਨੀਕੀ ਆਫੀਸ਼ੀਅਲਾਂ ਦੀ ਗਈ ਲਿਖਤੀ ਪ੍ਰੀਖਿਆ ਦੇ ਨਾਲ ਤਿੰਨ ਦਿਨਾਂ ਰਾਸ਼ਟਰੀ ਗੱਤਕਾ ਰਿਫਰੈਸ਼ਰ ਕੋਰਸ ਸ਼ਾਨਦਾਰ ਢੰਗ ਨਾਲ ਸਮਾਪਤ ਹੋਇਆ। ਇਸ ਪ੍ਰੀਖਿਆ ਨੂੰ ਰਵਾਇਤੀ ਮਾਰਸ਼ਲ ਖੇਡ ਗੱਤਕੇ ਵਿੱਚ ਕਾਰਜਕਾਰੀ ਮਿਆਰਾਂ ਨੂੰ ਪੇਸ਼ੇਵਰ ਬਣਾਉਣ ਵੱਲ ਇੱਕ ਫੈਸਲਾਕੁੰਨ ਕਦਮ ਮੰਨਿਆ ਜਾਂਦਾ ਹੈ। ਇਸ ਪ੍ਰੀਖਿਆ ਦੇ ਆਧਾਰ 'ਤੇ ਹੀ ਗੱਤਕਾ ਆਫੀਸ਼ੀਅਲਾਂ ਨੂੰ ਗ੍ਰੇਡਿੰਗ ਦੇ ਕੇ ਪ੍ਰਮਾਣਿਤ ਕੀਤਾ ਜਾਵੇਗਾ ਜਿਸ ਨਾਲ ਉਹ ਕੌਮੀ ਪੱਧਰ ਦੇ ਮੁਕਾਬਲਿਆਂ ਵਿੱਚ ਆਫੀਸ਼ੀਏਟਿੰਗ ਕਰ ਸਕਣਗੇ।ਕੋਰਸ ਦੀ ਸਮਾਪਤੀ ਮੌਕੇ ਸੰਬੋਧਨ ਕਰਦੇ ਹੋਏ ਐੱਨ ਜੀ ਏ ਆਈ ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਨੇ ਆਖਿਆ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਨਿਯਮਾਂ ਮੁਤਾਬਕ ਇਹ ਪ੍ਰਮਾਣੀਕਰਣ ਪ੍ਰਕਿਰਿਆ ਗੱਤਕਾ ਰੂਲਾਂ ਦੀ ਇਕਸਾਰਤਾ ਨੂੰ ਯਕੀਨੀ ਬਣਾਉਣ, ਤਕਨੀਕੀ ਮੁਹਾਰਤ ਨੂੰ ਮਜ਼ਬੂਤ ਕਰਨ ਅਤੇ ਮੁਕਾਬਲਿਆਂ ਦੌਰਾਨ ਅਨੁਸ਼ਾਸਨ ਅਤੇ ਨਿਰਪੱਖਤਾ ਨੂੰ ਮਜ਼ਬੂਤ ਕਰਨ ਲਈ ਆਰੰਭੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਸਿਰਫ਼ ਸਿਧਾਂਤਕ ਅਤੇ ਵਿਵਹਾਰਕ ਮੁਲਾਂਕਣਾਂ ਰਾਹੀਂ ਐਲਾਨੇ ਗਏ ਪ੍ਰਮਾਣਿਤ ਰੈਫਰੀ ਅਤੇ ਜੱਜ ਹੀ ਰਾਸ਼ਟਰੀ ਚੈਂਪੀਅਨਸ਼ਿਪਾਂ ਅਤੇ ਪ੍ਰਮੁੱਖ ਮੁਕਾਬਲਿਆਂ ਵਿੱਚ ਭੂਮਿਕਾ ਨਿਭਾਉਣਗੇ।

